# ਵਰਿਆਮ

੩੭ਵਾਂ ਸਾਲ

ਦਸੰਬਰ ੨੦੧੧



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ (ਸਤਿਗੁਰੂ) ਜਗਜੀਤ ਸਿੰਘ ਜੀ ਦਾ ਨੈਰੋਬੀ ਵਿਖੇ ਫੁੱਲਾਂ ਨਾਲ ਪੁਰਜ਼ੋਰ ਸਵਾਗਤ। ਖੱਬੇ ਤੋਂ ਸੱਜੇ : ਸੂਬਾ ਲਾਲ ਸਿੰਘ, ਸੰਤ ਸੁਖਦੇਵ ਸਿੰਘ, ਸ੍ਰੀ ਐਮ. ਐਮ. ਖੁਰਾਣਾ, ਸੰਤ ਦਿਆਲ ਸਿੰਘ, ਸਤਿਗੁਰੂ ਜਗਜੀਤ ਸਿੰਘ ਜੀ, ਪੰਡਿਤ ਗੋਪਾਲ ਸਿੰਘ ਜੀ, ਸ੍ਰੀ ਸਤਿਗੁਰੂ ਜੀ, ਸੰਤ ਰਘਬੀਰ ਸਿੰਘ, ਸ. ਅਰਜਨ ਸਿੰਘ ਵਿਰਦੀ, ਸੰਤ ਭੁਮਣ ਸਿੰਘ ਕੰਵਲ ਤੇ ਚੰਨਣ ਸਿੰਘ ਲੋਟੇ ਆਦਿ। ਸੰਨ ੧੯੫੮)

*(ਪਰਮ ਪ੍ਰਤਾਪੀ ਪ੍ਰਤਿਮਾਵਲੀ ਵਿਚੋਂ ਇਕ ਤਸਵੀਰ)*

Namdhari Elibrary

NamdhariElibrary@gmail.com

20/-

## ਸੰਤ ਸਾਧਾ ਸਿੰਘ ਮੁਹਾਰਾਂ ਵਾਲੇ (ਪ੍ਰਧਾਨ ਦਿੱਲੀ ਨਾਮਧਾਰੀ ਸੰਗਤ) ਤੇ ਸਾਥੀਆਂ ਵੱਲੋਂ ਦੌਰੇ ਦੀਆਂ ਤਸਵੀਰਾਂ



ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨਾਂ ਸਮੇਂ ਖਬਿਓਂ ਮਹਿੰਦਰ ਸਿੰਘ ਵਾਘਾ (ਪਸਰੂਰ), ਪ੍ਰਧਾਨ ਸਾਧਾ ਸਿੰਘ ਜੀ, ਗੁਰਦੇਵ ਸਿੰਘ, ਗੁਰਮੁਖ ਸਿੰਘ ਰਿਖੀ, ਸਰਦਾਰ ਸਿੰਘ ਚਾਹਲ




ਬਚਪਨ ਦੇ ਮਿੱਤਰ ਪੱਤਰਕਾਰ ਕੇ. ਐਲ. ਕਮਲੇਸ਼ ਅੰਮ੍ਰਿਤਸਰ ਨਾਲ

Namdhari Elibrary NamdhariElibrary@gmail.com

# ਵਰਿਆਮ

**ਦਸੰਬਰ-੨੦੧੧**

**ਜਿਲਦ-੩੭**

**ਅੰਕ- ੨**


**ਸੰਪਾਦਕ**

**ਜਗਦੀਸ਼ ਸਿੰਘ 'ਵਰਿਆਮ'**

ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ)
ਜਲੰਧਰ- ੧੪੪੦੦੧

Office Address :
Monthly WARIAM
Ladowali Road.
Opp. Central Town,
Jalandhar-144001

ਫੋਨ-:੦੧੮੧- ੨੨੨੨੫੪੩ Ph. :0181-2222543 (O)
ਘਰ : ੦੧੮੧-੨੪੫੬੨੮੯ 0181-2456289 (R)

**ਵਰਿਆਮ ਦੇ ਦਰ**

| | |
|---|---|
| ਇਹ ਅੰਕ | ੨੦-੦੦ |
| ਸਲਾਨਾ ਚੰਦਾ | ੨੦੦-੦੦ |
| ਪੰਜ ਸਾਲ ਲਈ | ੮੦੦-੦੦ |
| ਜੀਵਨ ਮੈਂਬਰ | ੨੦੦੦-੦੦ |
| ਵਿਦੇਸ਼ ਲਈ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ |
| ਹਵਾਈ ਡਾਕ ਰਾਹੀਂ | (ਸਾਲਾਨਾ) |

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।


**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ


ਪਰਮ ਪ੍ਰਤਾਪੀ ਪ੍ਰਤਿਮਾਵਲੀ
—ਜਗਦੀਸ਼ ਸਿੰਘ ਵਰਿਆਮ ........ ੨
ਆਜ਼ਾਦੀ ਸੰਗਰਾਮ ਵਿੱਚ ਦਸੰਬਰ ਦਾ ਮਹੀਨਾ
ਡਾਇਰੀ ਕੌਮੀ ਲਹਿਰ
-ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ ........ ੫
ਕੂਕਾ-ਲਹਿਰ ਦੇ ਅਮਰ ਨਾਇਕ :
ਪਿਰ ਦੇਖਣ ਕੀ ਆਸ ਵਿਚ
ਬਾਬਾ ਹਰਨਾਮ ਸਿੰਘ ਅਤੇ ਮਾਈ ਚੰਦੋ ਭਾਣੇਵਾਲੇ
—ਸੁਵਰਨ ਸਿੰਘ ਵਿਰਕ ........ ੯
ਨੀਂਹ ਦੀਆਂ ਇੱਟਾਂ —ਵਰਿਆਮ ਸਿੰਘ ਸੰਧੂ ........ ੧੭
ਡਾਕਟਰ ਦਾ ਇਲਾਜ —ਡਾ. ਸੁਰਿੰਦਰ ਮੰਡ ........ ੨੦
ਵਣਜਾਰੇ/ -ਰਾਜਿੰਦਰ ਪਰਦੇਸੀ ........ ੨੪
ਫੌਲਾਦੀ ਢਾਂਚਿਆਂ ਦੀਆਂ ਯਾਦਗਾਰਾਂ
—ਹਰਸ਼ਿੰਦਰ ਕੌਰ (ਐਮ. ਡੀ.) ........ ੨੫
ਗ਼ਜ਼ਲ/ —ਅਮਰਜੀਤ ਸਿੰਘ ਸੰਧੂ ........ ੨੬
ਗ਼ਜ਼ਲ/ —ਨਿਰਵੈਰ ਸਿੰਘ ਅਰਸ਼ੀ ........ ੨੭
ਸ਼ਹਿਨ-ਸ਼ਾਹੇ-ਆਲਮ —ਪ੍ਰਿੰ. ਨਵਰਾਹੀ ਘੁਗਿਆਣਵੀ ........ ੨੭
ਨਜ਼ਮਾਂ/ —ਤ੍ਰੈਲੋਚਨ ਲੋਚੀ ........ ੨੮
ਦੋ ਕਵਿਤਾਵਾਂ/ —ਹਰਭਜਨ ਸਿੰਘ ਰਾਜਾ ........ ੨੯
ਬੈਂਤ/ —ਜੁਗਿੰਦਰ ਸਿੰਘ ਮੁਕਤਾ ........ ੩੦
ਪੈਸੇ ਦੀ ਸਭ ਖੇਡ ਹੈ...—ਡਾ. ਹਰਨੇਕ ਸਿੰਘ ਕੋਮਲ ........ ੩੧
ਚੌਬਰਗੇ —ਸੁਖਦੇਵ ਸਿੰਘ ਗਰੇਵਾਲ ........ ੩੧
ਦੀਵਾਨ : ਧਾਰਮਿਕ ਵੀ ਅਤੇ ਸੱਭਿਆਚਾਰਕ ਵੀ
—ਗੁਰਬਚਨ ਸਿੰਘ ਭੁੱਲਰ ........ ੩੨
ਉੱਚ ਕੋਟੀ ਦੀ ਪਦਵੀਆਂ ਤੇ ਸਿੱਖ
—ਤਰਲੋਚਨ ਸਿੰਘ ........ ੩੪
ਗ਼ਜ਼ਲ/ —ਪ੍ਰਿੰ. ਕਰਤਾਰ ਸਿੰਘ ਕਾਲੜਾ ........ ੩੫
ਗ਼ਜ਼ਲ/ —ਨਿਰਵੈਰ ਸਿੰਘ ਅਰਸ਼ੀ ........ ੩੫
ਮੁਹਾਰਾਂ ਵਾਲੇ ਬੇ ਮੁਹਾਰੇ ਨਹੀਂ
—ਜਗਦੀਸ਼ ਸਿੰਘ ਵਰਿਆਮ ........ ੩੬
ਅੰਮ੍ਰਿਤਾ ਪ੍ਰੀਤਮ ਨੂੰ ਯਾਦ ਕਰਦਿਆਂ
—ਭੂਪਿੰਦਰ ਉਸਤਾਦ ........ ੩੯
ਗ਼ਦਰ ਪਾਰਟੀ ਦਾ ਲੋਹ ਪੁਰਸ਼
ਬਾਬਾ ਭਗਤ ਸਿੰਘ ਬਿਲਗਾ ਜੀ
ਦਾ ਵਿਅਕਤਿਤਵ ਵਿਸ਼ਲੇਸ਼ਣ
—ਡਾ. ਸੁਰਿੰਦਰ ਬੰਗੜ ........ ੪੧
ਪ੍ਰਤੀਕਿਰਿਆ ........ ੪੫





Namdhari Elibrary NamdhariElibrary@gmail.com

# ਪਰਮ ਪ੍ਰਤਾਪੀ ਪ੍ਰਤਿਮਾਵਲੀ

ਇਹ ਇਕ ਮਹਾਨ ਪੁਸਤਕ ਹੈ। ਜੇ ਸਹੀ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਇਹ ਤਸਵੀਰਾਂ ਦੀ ਪੁਸਤਕ ਹੈ ਯਾਨੀ ਕਿ ਇਕ ਫੋਟੋ ਐਲਬਮ। ਉਂਝ ਇਹ ਫੋਟੋਆਂ ਦੀ ਐਲਬਮ ਨਾ ਹੋ ਕੇ ਛਪੀਆਂ ਹੋਈਆਂ ਤਸਵੀਰਾਂ ਦਾ ਸੰਗ੍ਰਹਿ ਹੈ। ਇਕ ਸੁੰਦਰ ਗ੍ਰੰਥ ਦੇ ਰੂਪ ਵਿਚ ਜੋ ਮਹਾਨ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਚਿਤਰਾਂ ਦਾ ਖੂਬਸੂਰਤ ਸੰਗ੍ਰਹਿ ਹੈ। ਮੋਟੇ ਕੀਮਤੀ ਆਰਟ ਪੇਪਰ ਦੇ ਚਾਰ ਕੁ ਸੌ ਪੰਨਿਆਂ ਵਿਚ ਚਾਰ ਸੌ ਛਿਆਲੀ ਤਸਵੀਰਾਂ ਪੰਜਾਬੀ ਅਤੇ ਅੰਗਰੇਜ਼ੀ ਕੈਪਸ਼ਨਾਂ (ਸਿਰਲੇਖਾਂ) ਸਮੇਤ ਛਾਪੀਆਂ ਗਈਆਂ ਹਨ)। ਭਾਰੀ ਭਰਕਮ ਆਕਾਰ ਵਾਲਾ ਤਸਵੀਰਾਂ ਦਾ ਇਹ ਗ੍ਰੰਥ ਬਹੁਤ ਸੁੰਦਰ ਤਰੀਕੇ ਨਾਲ ਜਿਲਦ ਬੰਦ ਕੀਤਾ ਗਿਆ ਹੈ। ਆਮ ਵੇਖਣ ਵਾਲੇ ਨੂੰ ਭੁਲੇਖਾ ਵੀ ਪੈਂਦਾ ਹੈ ਤੇ ਉਹ ਅਕਸਰ ਆਖ ਦਿੰਦਾ ਹੈ ਇਹ ਸੁੰਦਰ ਮਠਿਆਈ ਦਾ ਡੱਬਾ ਹੈ। ਇਸਦੇ ਪ੍ਰਕਾਸ਼ਕ ਹਨ ਅਜਿਹੇ ਕਾਰਨਾਮਾ ਕਰਨ ਵਾਲੇ "ਕਾਸ਼ੀ ਹਾਊਸ" ਲੰਡਨ। ਇਸ ਦੇ ਰੂਹੇ ਰਵਾਂ, ਕਾਪੀ ਰਾਈਟ ਹੋਲਡਰ ਅਤੇ ਸਾਲਾਂ ਬੱਧੀ ਮਿਹਨਤ ਕਰਨ ਵਾਲੇ ਸਿਰੜੀ ਵਿਅਕਤੀ ਸ. ਹਰਜਿੰਦਰ ਸਿੰਘ ਕੰਵਲ ਇੰਗਲੈਂਡ ਨਿਵਾਸੀ। ਕੰਵਲ ਸਾਹਿਬ ਕੀਨੀਆ ਦੀ ਪ੍ਰਸਿੱਧ ਹਸਤੀ ਸਵ. ਸ. ਭੂਮਣ ਸਿੰਘ ਕੰਵਲ ਦੇ ਸਪੁੱਤਰ ਹਨ। ਸ. ਭੂਮਣ ਸਿੰਘ ਕੰਵਲ ਦਾ ਨੈਰੋਬੀ ਵਿਚ ਆਪਣਾ ਫੋਟੋ ਸਟੂਡੀਓ ਸੀ ਅਤੇ ਭਾਰੀ ਗਿਣਤੀ ਵਿਚ ਉਹਨਾਂ ਆਪ ਵੀ ਤਸਵੀਰਾਂ ਖਿਚੀਆਂ ਅਤੇ ਸੰਭਾਲੀਆਂ ਵੀ। ਅਫਰੀਕਾ ਦੀ ਨਾਮਧਾਰੀ ਸੰਗਤ ਦੇ ਉਹ ਤਗੜੇ ਥੰਮ ਸਨ ਅਤੇ ਓਥੋਂ ਦਾ ਭਾਈਚਾਰਾ ਅਜੇ ਤਕ ਉਹਨਾਂ ਦੀ ਅਣਥਕ ਕੰਮ ਕਰਨ ਦੀ ਸਮਰਥਾ ਨੂੰ ਯਾਦ ਕਰਦਾ ਹੈ। ਪਤਾ ਨਹੀਂ ਹਰਜਿੰਦਰ ਸਿੰਘ ਕੰਵਲ ਕਦੋਂ ਦੇ ਲਗੇ ਹੋਏ ਸਨ ਜੋ ਇਹ ਮਹਾਨ ਕਾਰਜ ਉਹਨਾਂ ਕੀਤਾ ਹੈ। ਇਹੋ ਜਿਹੇ ਕਾਰਜਾਂ ਤੇ ਤਾਂ ਉਮਰਾਂ ਲੱਗ ਜਾਂਦੀਆਂ ਹਨ। ਆਪਣੇ ਸਤਿਕਾਰਯੋਗ ਪਿਤਾ ਵਾਂਗ ਹਰਜਿੰਦਰ ਸਿੰਘ ਹੋਰਾਂ ਨੂੰ ਸਾਹਿਤ, ਕਵਿਤਾ ਸੰਗੀਤ ਦਾ ਵੀ ਸ਼ੌਕ ਹੈ ਅਤੇ ਪਰਚਾਰ ਪ੍ਰਸਾਰ ਦੀ ਲਿਲ੍ਹ ਵੀ ਪ੍ਰਬਲ ਹੈ। ਇਹ ਪ੍ਰਵਾਰ ਈਸਟ ਅਫਰੀਕਾ ਤੋਂ ਚਲ ਕੇ ਸਮੇਂ ਦੇ ਗੇੜ ਵਿਚ ਇੰਗਲੈਂਡ ਪਹੁੰਚ ਗਿਆ ਹੈ ਅਤੇ ਪ੍ਰਚਾਰ ਪ੍ਰਸਾਰ ਦੀ ਨਵੀਂ ਦੁਨੀਆ ਵਿਚ ਆਪਣੇ ਮੂਲ, ਧਰਮ ਅਤੇ ਸਭਿਆਚਾਰ ਨਾਲ ਮਜਬੂਤੀ ਨਾਲ ਜੁੜਿਆ ਹੋਇਆ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਮਾਂ ਅੰਗਰੇਜ਼ੀ ਸੰਨ ੧੮੯੦ ਤੋਂ ੧੯੫੯ ਤਕ ਹੈ। ਇਹ ਮਹੱਤਵਪੂਰਨ ਕਾਲ ਹੈ। ਅੰਗਰੇਜ਼ਾਂ ਵਲੋਂ ਪੰਜਾਬ ਤੇ ਪੂਰਨ ਸੱਤਾ ਦੀ ਸਥਾਪਨਾ, ਜਬਰ ਜ਼ੁਲਮ ਦੀ ਇੰਤਹਾ ਤੋਂ ਲੈ ਕੇ ਭਾਰਤ ਦੀ ਆਜ਼ਾਦੀ ਤੱਕ ਫੈਲਿਆ ਹੋਇਆ। ਨਾਮਧਾਰੀਆਂ ਦਾ ਮੁੱਖ ਕੇਂਦਰ, ਇਕ ਸਾਦਾ ਅਤੇ ਛੋਟਾ ਜਿਹਾ ਪਿੰਡ ਭੈਣੀ ਸਾਹਿਬ ਅੰਗਰੇਜ਼ ਸਾਮਰਾਜ ਦੇ ਵਿਰੋਧ ਕਾਰਨ ਭਾਰੀ ਸੰਤਾਪ ਦਾ ਮੁੱਖ ਨਿਸ਼ਾਨਾ ਸੀ। ਸੰਨ ੧੮੭੨ ਨੂੰ ਮਲੇਰਕੋਟਲਾ ਦਾ ਸਾਕਾ ਹੋ ਚੁੱਕਾ ਸੀ ਜਿਸ ਵਿਚ ਨਾਮਧਾਰੀ ਸਿੰਘ ਤੋਪਾਂ ਨਾਲ ਉਡਾ ਦਿੱਤੇ ਗਏ ਸਨ। ਇਸ ਅੰਦੋਲਨ ਦੇ ਸੂਤਰਧਾਰ ਸਤਿਗੁਰੂ ਰਾਮ ਸਿੰਘ ਜੀ ਨੂੰ ਬਰਮਾ ਵਿਚ ਜਲਾਵਤਨ ਕੀਤਾ ਜਾ ਚੁੱਕਾ ਸੀ। ਨਾਮਧਾਰੀ ਪੰਥ ਨੂੰ ਮੁਕੰਮਲ ਤੌਰ ਤੇ ਨੇਸਤੋ ਨਾਬੂਦ ਕਰਨ ਦੇ ਆਹਰ ਵਿਚ ਸਰਕਾਰ ਸਰਗਰਮ ਸੀ। ਦਮਨ ਦੀ ਕਾਲੀ ਬੋਲੀ ਰਾਤ ਵਿਚ ਸ੍ਰੀ ਭੈਣੀ ਸਾਹਿਬ ਦਾ ਗੁਰੂ ਘਰ ਜਿਹਲ ਵਿਚ ਤਬਦੀਲ ਕਰ ਕੇ ਇਸਦੇ ਦਰਾਂ ਮੋਹਰੇ ਪੁਲੀਸ ਚੌਕੀ ਬੈਠਾ ਦਿੱਤੀ ਗਈ ਸੀ। ਕੁਲ ਕੂਕਾ ਸਰਗਰਮੀ, ਧਾਰਮਕ, ਸਮਾਜਕ ਅਤੇ ਰਾਜਨੀਤਕ ਤੇ ਪਾਬੰਦੀ ਸੀ। ਇਸ ਕਾਲੀ ਬੋਲੀ ਰਾਤ ਵਰਗੇ ਸਮੇਂ ਵਿਚ ਸਤਿਗੁਰੂ ਪ੍ਰਤਾਪ ਸਿੰਘ ਦਾ ਜਨਮ ਸਤਿਗੁਰੂ ਰਾਮ ਸਿੰਘ ਜੀ ਦੇ ਛੋਟੇ ਵੀਰ ਅਤੇ ਵਾਰਿਸ ਗੁਰੂ ਹਰੀ ਸਿੰਘ ਦੇ ਘਰ ਹੋਇਆ। ਇਹ ਉਹ ਸਮਾਂ ਸੀ ਜਦੋਂ ਗੁਰੂ ਘਰ ਦੀ ਯਾਤਰਾ ਵਾਸਤੇ ਕੇਵਲ ਪੰਜ ਸਿੱਖਾਂ ਨੂੰ ਹੀ ਇਕ ਵਕਤ ਅੰਦਰ ਜਾਣ ਦਿੱਤਾ ਜਾਂਦਾ ਸੀ। ਸਖਤੀਆਂ ਦੇ ਇਸ ਦੌਰ ਦੀ ਬੜੀ ਦਰਦਨਾਕ ਕਹਾਣੀ ਹੈ। ਹਿਜਰ ਵਿਛੋੜਾ ਦੁੱਖ ਅਤੇ ਹੰਝੂਆਂ ਦੀ ਇਹ ਕਹਾਣੀ ਨਾਮਧਾਰੀਆਂ ਦਾ ਨਸੀਬਾ ਬਣ ਚੁੱਕੀ ਸੀ। ਉਸ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਵਰਗਾ ਮਹਾਂਪ੍ਰਤਾਪੀ ਮਹਾਂਬਲੀ, ਮਹਾਂਸੁੰਦਰ ਅਤੇ ਮਹਾਂਚਮਤਕਾਰੀ ਸਤਿਗੁਰੂ ਸੂਰਜ ਵਾਂਗ ਪੈਦਾ ਹੋਇਆ। ਜਿਸਨੇ ਆਪਣੇ ਜੀਵਨ ਕਾਲ ਵਿਚ ਅਦਭੁਤ ਕ੍ਰਿਸ਼ਮੇ ਕੀਤੇ ਅਤੇ ਨਾਮਧਾਰੀ ਪੰਥ ਨੇ ਮੁੜ ਅੰਗੜਾਈ ਲਈ ਅਤੇ ਚਹੁ ਮੁਖੀਆ ਵਿਕਾਸ ਦਾ ਬਹੁਤ ਤੇਜ਼ ਸਫਰ ਸ਼ੁਰੂ ਕੀਤਾ। ਭੈਣੀ ਸਾਹਿਬ ਦੀ ਵਿਸ਼ੇਸ਼ ਪੁਲਿਸ ਚੌਕੀ ਅੱਧੀ ਸਦੀ ਬਾਦ ਚੁੱਕੀ ਗਈ। ਦੇਸ਼ ਵਿਚ ਆਜ਼ਾਦੀ ਸੰਗਰਾਮ ਨੇ ਅੰਗੜਾਈ ਲਈ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਵਿਚ ਅਗਵਾਨੂੰ ਰੋਲ ਅਦਾ ਕੀਤਾ। ਸੁਤੰਤਰਤਾ ਸੰਗਰਾਮ ਦੀਆਂ ਸਭ ਧਿਰਾਂ ਨਾਲ ਸੰਪਰਕ ਬਣਾਇਆ ਅਤੇ ਸਹਿਯੋਗ ਲਿਆ ਦਿੱਤਾ। ਅੰਗਰੇਜ਼ ਸਾਮਰਾਜ ਦੀ ਫੁੱਟ ਪਾਉਣ ਅਤੇ ਰਾਜ ਕਰਨ ਦੀ ਨੀਤੀ ਵਿਰੁੱਧ ਧਾਰਮਕ ਅਤੇ ਸੰਪਰਦਾਇਕ

Namdhari Elibrary NamdhariElibrary@gmail.com

ਏਕਤਾ ਨਾਲ ਮਜ਼ਬੂਤ ਭਾਈਚਾਰਾ ਸੰਗਠਨ ਕਰਨ ਦਾ ਜਤਨ ਕੀਤਾ। ਸੁਆਹ ਦੇ ਢੇਰ 'ਚੋਂ ਮੁੜ ਆਲੀਸ਼ਾਨ ਮਹੱਲ ਤਿਆਰ ਕੀਤਾ। ਆਜ਼ਾਦੀ ਲਈ ਕਾਨਫਰੰਸਾਂ, ਜਲੂਸ ਹਿੰਦੂ ਸਿੱਖ ਮੁਸਲਮਾਨ ਮਿਲਾਪ ਕਾਨਫਰੰਸਾਂ ਤੋਂ ਇਲਾਵਾ ਘੋੜਿਆਂ, ਗਊਆਂ ਸੁਦੇਸ਼ੀ ਵਸਤੂਆਂ ਵਿਚਾਰ ਅਤੇ ਕਿਰਦਾਰ ਦੇ ਪ੍ਰਚਾਰ ਪ੍ਰਸਾਰ ਅਤੇ ਪਿਆਰ ਦੀ ਹਨੇਰੀ ਲਿਆ ਦਿੱਤੀ। ਐਸੀ ਪਰਮ ਪ੍ਰਤਾਪੀ ਮਹਾਨ ਹਸਤੀ ਦੇ ਜੀਵਨ ਚ੍ਰਿਤਰ ਨੂੰ ਰੂਪਮਾਨ ਕਰਦੀ ਇਹ ਚਿਤਰਾਵਲੀ ਵਰਗਾ ਮਹਾਨ ਉਪਕਾਰ ਕਰਕੇ ਸ. ਹਰਜਿੰਦਰ ਸਿੰਘ ਕੰਵਲ ਨੇ ਭਾਰੀ ਜੱਸ ਅਤੇ ਉਪਕਾਰ ਵਾਲਾ ਕਾਰਜ ਕੀਤਾ ਹੈ।

ਇਸ ਚਿਤ੍ਰਾਵਲੀ ਵਿਚ ਮਹਾਨ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਪ੍ਰਤੱਖ ਰੂਪ ਵਿਚ ਪ੍ਰਗਟ ਹੋ ਜਾਂਦੇ ਹਨ। ਇਹ ਸੰਭਾਲਣ ਵਾਲੀ, ਪੂਜਣਯੋਗ ਅਤੇ ਸ਼ਰਧਾ ਸਥਿਰ ਕਰਨ ਵਾਲੀ ਚਿਤ੍ਰਾਵਲੀ ਮਨ ਚਿੱਤ ਤੇ ਬਹੁਤ ਸਾਤਵਿਕ ਪ੍ਰਭਾਵ ਪਾਉਂਦੀ ਹੈ। ਇਸ ਕਾਰਜ ਦੀ ਸਮੀਖਿਆ ਕਰਨੀ ਇਸ ਦੇ ਬਨਾਉਣ ਤੋਂ ਵੀ ਔਖਾ ਕਾਰਜ ਹੈ।

ਭਾਰਤ-ਪਾਕਿਸਤਾਨ, ਥਾਈਲੈਂਡ, ਈਸਟ ਅਫਰੀਕਾ (ਕੀਨੀਆ-ਯੂਗੰਡਾ-ਤਨਜ਼ਾਨੀਆ) ਦੇਸ਼ਾਂ ਵਿਚ ਫੈਲੀਆਂ ਗੁਰੂ ਪਿਆਸੀਆਂ ਰੂਹਾਂ ਨੂੰ ਬੜੇ ਸਮੇਂ ਬਾਦ ਬਹਾਰ ਦੇ ਦਰਸ਼ਨ ਹੋਏ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਜਲਾਲੀ ਹਸਤੀ ਨੂੰ ਆਪਣੇ ਵਿਚ ਵੇਖ ਕੇ ਉਹ ਨੂਰੋ ਨੂਰ ਹੋਏ ਪਿਆਰ ਵਿਚ ਖੀਵੇ ਹੋਏ। ਬਹੁਤ ਸਮਿਆਂ ਬਾਦ ਓਹਨਾਂ ਵਾਸਤੇ ਸੁਖ ਦੀਆਂ ਘੜੀਆਂ ਨਸੀਬ ਹੋਈਆਂ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਉਚੀ ਸੁੱਚੀ ਸ਼ਖਸੀਅਤ, ਰਾਜਿਆਂ ਮਹਾਰਾਜਿਆਂ ਦੇ ਤੱਪ ਤੇਜ ਨੂੰ ਮਾਤ ਪਾਉਂਦਾ ਪ੍ਰਤਾਪ, ਛੋਟੇ ਵੱਡੇ ਬਾਲ ਬੁੱਢੇ ਇਸਤਰੀ ਮਰਦ ਦੇਸੀ ਵਦੇਸੀ ਕਾਲੇ ਗੋਰੇ ਉਚਿਆ ਨੀਵਿਆਂ ਦੀਆਂ ਰੂਹਾਂ ਨੂੰ ਖੇੜਾ ਬਖਸ਼ਦਾ ਮਹਾਂ ਨੂਰ ਇਸ ਚਿਤਰ ਗ੍ਰੰਥ ਵਿਚੋਂ ਮੁੜ ਸਜੀਵ ਹੋ ਉਠਿਆ ਹੈ। ਬਹੁਤ ਸਾਰੇ ਵਿਸਰ ਚੁੱਕੇ ਪਰਛਾਵੇਂ ਮੁੜ ਸੁਰਜੀਤ ਹੋ ਉਠੇ ਹਨ। ਉਹ ਸ਼ਖਸੀਅਤਾਂ ਜਿਹੜੀਆਂ ਯਾਦਾਂ ਅਤੇ ਕੰਨਸੋਆ ਦਾ ਹਿੱਸਾ ਹੋ ਚੁੱਕੀਆਂ ਸਨ ਮੁੜ ਪ੍ਰਤੱਖ ਹੋ ਗਈਆਂ ਹਨ। ਆਲਮ, ਚਕ੍ਰਵਰਤੀ, ਸੂਬੇ ਜਥੇਦਾਰ, ਵੱਡੇ ਵੱਡੇ ਰਾਜਸੀ ਲੀਡਰ, ਨਹਿਰੂ, ਰਾਜ ਗੋਪਾਲ ਆਚਾਰੀਆ, ਪਟੇਲ, ਮਾਸਟਰ ਤਾਰਾ ਸਿੰਘ, ਕੈਰੋਂ, ਸੱਚਰ, ਮਹਾਰਾਜ ਸਾਵਣ ਸਿੰਘ, ਮਹਾਰਾਜ ਚਰਨ ਸਿੰਘ, ਮਹਾਰਾਜ ਕਿਰਪਾਲ ਸਿੰਘ, ਗਿਆਨੀ ਕਰਤਾਰ ਸਿੰਘ, ਮਹਾਰਾਜਾ ਪਟਿਆਲਾ, ਥਾਵਾਂ ਸਮਾਗਮਾਂ ਦੇ ਜੇ ਕੇਵਲ ਨਾਮ ਹੀ ਲਿਖੀਏ ਤਾਂ ਬਹੁਤ ਪੰਨੇ ਲੱਗ ਜਾਣਗੇ। ਇਥੇ ਤਾਂ ਭੂਮਿਕਾ ਦੀ ਭੂਮਿਕਾ ਜਿਹੀ ਹੀ ਗੱਲ ਸਮਾਂ ਅਤੇ ਸਥਾਨ ਉਪਲਭਦ ਹੈ।

ਬੀਬੀ ਚਰਨਜੀਤ-ਅਜੀਤ ਸਿੰਘ ਜਿਹੀ ਵਿਦਵਾਨ ਵਿਭੂਤੀ ਦੀ ਸੁੰਦਰ ਭੂਮਿਕਾ ਤੋਂ ਇਲਾਵਾ ਹੋਰ ਬਹੁਤ ਕੁਝ ਹੈ।

ਪੁਰਾਣੇ ਸਮਿਆਂ ਵਿਚ ਤਸਵੀਰਾਂ ਵੀ ਨਹੀਂ ਸਨ, ਸੰਭਾਲਣ ਦੀ ਪ੍ਰਵਿਰਤੀ ਵੀ ਨਹੀਂ ਸੀ। ਹਾਜ਼ਰ ਵਿਅਕਤੀਆਂ ਦੇ ਨਾਂਅ ਥਾਂ ਲਿਖਣ ਸੰਭਾਲਣ ਵਲ ਵੀ ਧਿਆਨ ਨਹੀਂ ਸੀ। ਇਸ ਵਾਸਤੇ ਧੁਰ ਵਿਚੋਂ ਹੀ ਕੁਝ ਲੱਭਣ ਦਾ ਯਤਨ ਕੀਤਾ ਗਿਆ ਹੈ। ਇਸੇ ਕਾਰਨ ਕੈਪਸ਼ਨਾਂ ਵਿਚ ਕਿਤੇ ਕਿਤੇ ਫਰਕ ਵੀ ਆ ਗਿਆ ਹੋ ਸਕਦਾ ਹੈ ਪਰ ਜਿਸ ਲਗਨ ਸ਼ਰਧਾ ਭਗਤੀ ਅਤੇ ਸਿਰੜ ਨਾਲ ਕੰਵਲ ਹੋਰਾਂ ਕੰਮ ਕੀਤਾ ਹੈ ਉਸ ਵਾਸਤੇ ਸ਼ਬਦ ਥੋਹੜੇ ਹਨ। ਬਸ ਉਹਨਾਂ ਧੰਨ-ਧੰਨ ਕਰਾ ਦਿੱਤੀ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੇਹ ਤਿਆਗਣ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਿੰਘਾਸਨ ਸੰਭਾਲਣ ਤਕ ਇਹ ਪ੍ਰਤਿਮਾਵਲੀ ਜਾਂਦੀ ਹੈ। ਸਭ ਕੁਝ ਮਨਮੋਹਕ ਹੈ ਵਿਸ਼ਵ ਨਾਮਧਾਰੀ ਸੰਗਤ ਸ੍ਰੀ ਭੈਣੀ ਸਾਹਿਬ ਵੀ ਇਸ ਮਹਾਨ ਉੱਦਮ ਨੂੰ ਸਾਕਾਰ ਕਰਨ ਲਈ ਵਧਾਈ ਦੀ ਪਾਤਰ ਹੈ ਅਤੇ ਇਵੇਂ ਹੀ ਕੰਵਲ ਜੀ ਦੇ ਸਭ ਸਹਿਯੋਗੀ ਜਿਨ੍ਹਾਂ ਦੇ ਨਾਮ ਇਸ ਵਿਚ ਦਰਜ ਹਨ। ਬਹੁਤ ਬਹੁਤ ਵਧਾਈਆਂ।

ਇਹ ਮਹਾਨ ਗ੍ਰੰਥ ਵਿਸ਼ਵ ਨਾਮਧਾਰੀ ਸੰਗਤ ਸ੍ਰੀ ਭੈਣੀ ਸਾਹਿਬ ਤੋਂ ਸਤਿਜੁਗ ਦੇ ਪੁਸਤਕ ਭੰਡਾਰ ਤੋਂ ਉਪਲਭਧ ਹੈ। ਸਾਰੀਆਂ ਤਸਵੀਰਾਂ ਚਿੱਟੇ ਕਾਲੇ ਰੰਗ ਵਿਚ ਸੋਭਦੀਆਂ ਹਨ।

**ਹੋਲੇ ਮਹਲੇ ਦੀ ਫੋਟੋ ਐਲਬਮ**

ਪਿਛਲੇ ਹੋਲੇ ਮਹੱਲੇ ਦੀਆਂ ਸੁੰਦਰ ਰੰਗਦਾਰ ਤਸਵੀਰਾਂ ਨੂੰ ਛਾਪ ਕੇ ਇਕੋ ਜਿਲਦ ਵਿਚ ਬੰਦ ਕਰਕੇ ਸੁੰਦਰ ਯਾਦਗਾਰੀ ਪੁਸਤਕ ਸਰੂਪ ਵਿਚ ਵਿਸ਼ਵ ਨਾਮਧਾਰੀ ਸੰਗਤ ਭੈਣੀ ਸਾਹਿਬ ਨੇ ਪ੍ਰਕਾਸ਼ਤ ਕਰ ਦਿੱਤਾ ਹੈ।

ਸੰਤ ਜੈ ਸਿੰਘ ਨੇ ਇਹ ਬਹੁਤ ਯਾਦਗਾਰੀ ਸਾਂਭਣ ਯੋਗ ਅਤੇ ਪਰਸੰਸਾ ਵਾਲਾ ਉਦਮ ਕੀਤਾ ਹੈ। ਕਲਾਕਾਰੀ ਦਾ ਇਹ ਉਤਮ ਨਮੂਨਾ ਹੈ। ਜੈ ਸਿੰਘ ਵਧਾਈ ਦੇ ਪਾਤਰ ਹਨ।

*—ਜਗਦੀਸ਼ ਸਿੰਘ ਵਰਿਆਮ*



Namdhari Elibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ :

**ਨਾਮਧਾਰੀ ਸੇਲਜ਼**

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufacturers :**

**Namdhari Sales**

10240/54 Library Road, Azad Market, Delhi-110006

Phone Office : 011-2351[illegible]68[illegible], 011-23614784

Mobile Phone : S. Charanjit Singh 98105-563[illegible]
S. Satvinder Singh 981[illegible]55210




Namdhari Elibrary NamdhariElibrary@gmail.com

# ਆਜ਼ਾਦੀ ਸੰਗਰਾਮ ਵਿੱਚ ਦਸੰਬਰ ਦਾ ਮਹੀਨਾ
# ਡਾਇਰੀ ਕੌਮੀ ਲਹਿਰ

*-ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ*

**ਦਸੰਬਰ ੧੯੨੫: ਭਗਤ ਸਿੰਘ ਦੇ ਵਾਰੰਟ ਮਨਸੂਖ:**

ਵਿਆਹ-ਸ਼ਾਦੀ ਦੇ ਚੱਕਰ ਤੋਂ ਬਚਣ ਲਈ ੬ ਮਹੀਨੇ ਘਰੋਂ 'ਫ਼ਰਾਰ' ਰਹਿ ਕੇ ਜਦੋਂ ਸ਼ਹੀਦ ਭਗਤ ਸਿੰਘ ਵਾਪਸ ਘਰ ਪਰਤੇ ਹੀ ਸਨ ਕਿ ਜੈਤੋ ਗੁਰਦੁਆਰਾ ਮੋਰਚੇ ਦੇ ਪੰਜਵੇਂ - ਲਾਇਲਪੁਰ ਵਾਲੇ ੫੦੦ ਦੇ ਜੱਥੇ ਨੂੰ, ਜਿਹੜਾ ੧੨.੪.੧੯੨੪ ਨੂੰ ਉੱਥੋਂ ਚਲਿਆ ਸੀ, ਲੰਗਰ ਛਕਾਉਣ ਦੀ 'ਸਾਜਿਸ਼' ਦੁਆਰਾ ਵਾਰੰਟ ਗ੍ਰਿਫਤਾਰੀ ਜਾਰੀ ਕੀਤੀ ਗਏ, ਜੋ ਭਗਤ ਸਿੰਘ ਦੀ ਪਹਿਲੀ ਰੂਪੋਸ਼ੀ ਦਾ ਕਾਰਨ ਬਣੇ। ਜ਼ਿਕਰਯੋਗ ਹੈ ਕਿ ਭਾਵੇਂ ਇਸ ਮੋਰਚੇ ਦਾਂ ਭੋਗ ੨੭.੪.੧੯੨੫ ਨੂੰ ਹੀ ਪੈ ਗਿਆ ਸੀ, ਜਿਸ ਦਿਨ ਸਰਕਾਰ ਨੇ ਜੈਤੋ-ਗੰਗਾਸਰ ਗੁਰਦੁਆਰੇ ਵਿਖੇ ਅਖੰਡ ਪਾਠਾਂ ਤੇ ਲਗੀ ਪਾਬੰਦੀ ਹਟਾ ਲਈ ਸੀ, ਪਰ ਫੇਰ ਵੀ ਭਗਤ ਸਿੰਘ ਦੇ ਵਾਰੰਟ ਗ੍ਰਿਫਤਾਰੀ ਅੱਠ ਮਹੀਨੇ ਹੋਰ ਪਿਛੋਂ ਜਾਕੇ ਮਨਸੂਖ ਕੀਤੀ ਗਏ ਸੀ।

**੧੫-੧੬ ਦਸੰਬਰ ੧੯੧੪: ਮਾਸਟਰ ਚਤਰ ਸਿੰਘ ਵਲੋਂ ਪ੍ਰਿੰਸੀਪਲ, ਖਾਲਸਾ ਕਾਲਜ, ਅੰਮ੍ਰਿਤਸਰ ਤੇ ਵਾਰ:**

ਗ਼ਦਰ ਲਹਿਰ ਦੀ ਚੜ੍ਹਤ ਦੇ ਦਿਨਾਂ ਵਿਚ ਮਾਸਟਰ ਚਤਰ ਸਿੰਘ ਲਾਇਲਪੁਰ ਦੇ ਖਾਲਸਾ ਸਕੂਲ ਵਿਚ ਅਧਿਆਪਕ ਸਨ, ਜਿੱਥੇ ਇਹਨਾਂ ਸੁਣਿਆ ਕਿ ਖਾਲਸਾ ਕਾਲਜ, ਅੰਮ੍ਰਿਤਸਰ ਦਾ ਅੰਗਰੇਜ਼ ਪ੍ਰਿੰਸੀਪਲ ਸਿੱਖ ਨੌਜਵਾਨਾਂ ਨੂੰ ਈਸਾਈਪੁਣੇ ਵੱਲ ਪ੍ਰੇਰਿਤ ਕਰ ਰਿਹਾ ਹੈ, ਤਾਂ ਉਸ ਨੂੰ ਮਾਰ ਮੁਕਾਉਣ ਲਈ ਹੋਰ ਕੋਈ ਹਥਿਆਰ ਨਾ ਮਿਲਣ ਤੇ ਛਵੀ ਲੈ ਕੇ ੧੫-੧੬ ਦਸੰਬਰ ਦੀ ਰਾਤ ਨੂੰ ਉਸ ਦੀ ਕੋਠੀ ਕੋਲ ਉਧਰ ਵੱਲ ਨੂੰ ਆਉਂਦੇ ਵਿਅਕਤੀ ਤੇ ਵਾਰ ਕੀਤਾ, ਜੋ ਅਸਲ ਵਿਚ ਕੋਈ ਪ੍ਰੋਫੈਸਰ ਸੀ ਜਿਹੜਾ ਜ਼ਖਮੀ ਤਾਂ ਹੋਇਆ ਪਰ ਬਚ ਗਿਆ ਸੀ।

ਵਚਿੱਤਰ ਗੱਲ ਇਹ ਹੈ ਕਿ ਜਦੋਂ ਇਹਨਾਂ ਦਾ ਕੇਸ ਸੈਸ਼ਨ ਕੋਰਟ ਵਿਚ ਲੱਗਾ ਤਾਂ ਇਹਨਾਂ ਦੇ ਪਿਤਾ ਜੀ ਨੇ ਆਪਣੇ ਵਕੀਲ ਰਾਹੀਂ ਅਰਜ਼ੀ ਦਿੱਤੀ ਕਿ ਮੇਰਾ (ਇਹ) ਬੇਟਾ ਪਾਗਲ (insane) ਹੈ। ਪਰ ਮਾਸਟਰ ਜੀ ਨੇ ਇਹਦੀ ਨਾ ਸਿਰਫ਼ ਤਰਦੀਦ ਹੀ ਕੀਤੀ ਬਲਕਿ ਛਾਤੀ ਠੋਕ ਕੇ ਆਪਣੇ ਜੁਰਮ ਦਾ ਇਕਬਾਲ ਵੀ ਕੀਤਾ, ਜਿਸ ਆਧਾਰ ਤੇ ਇਹਨਾਂ ਨੂੰ ਦਫਾ ੩੦੭ ਆਈ.ਪੀ.ਸੀ. (ਕਾਤਲਾਨਾ ਹਮਲਾ) ਦੇ ਦੋਸ਼ ਵਿੱਚ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਸੁਨਾਈ ਗਈ। ਕਾਲੇ ਪਾਣੀ ਦੇ ਬੰਦੀ ਦੇ ਦੌਰਾਨ ਇਹਨਾਂ ਜੇਲ੍ਹਰ ਨਾਲ ਸਿਧੀ ਟੱਕਰ ਲਈ, ਜਿਸ ਕਰਕੇ ਇਨ੍ਹਾਂ ਨੂੰ ਚਾਰ ਸਾਲ ਲਗਾਤਾਰ ਭੀੜੇ ਜਿਹੇ ਪਿੰਜਰੇ ਵਿਚ ਰੱਖਿਆ ਗਿਆ। (ਹਵਾਲਾ: ਆਤਮ ਕਥਾ: ਸੰਤ ਬਾਬਾ ਵਸਾਖਾ ਸਿੰਘ (ਦਦੇਹਰ), ਸੰਪਾਦਕ: ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ, ਪ੍ਰਕਾਸ਼ਕ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ)

**੧੭ ਦਸੰਬਰ ੧੯੨੮: ਇਨਕਲਾਬੀਆਂ ਦੇ ਹੱਥੋਂ ਸਾਡਰਸ ਦੀ ਹੱਤਿਆ ਤੇ ਫਿਰ ਲਾਹੌਰ ਤੋਂ ਬਚ ਨਿਕਲਣਾ:**

ਲਾਲਾ ਲਾਜਪਤ ਰਾਏ ਦੇ ੧੭ ਨਵੰਬਰ ਨੂੰ ਹੋਏ ਦੇਹਾਂਤ ਲਈ ਪੁਲਿਸ ਕਪਤਾਨ ਸਕਾਟ ਨੂੰ ਦੋਸ਼ੀ ਮਿਥ ਕੇ ਉਹਦੀ ਹੱਤਿਆ ਦੀ ਸਕੀਮ ਬਣਾਈ ਗਈ ਜੋ ਭੁਲੇਖੇ ਨਾਲ ਸਾਂਡਰਸ ਦੀ ਹੱਤਿਆ ਹੋ ਨਿਬੜੀ ਸੀ, ਜਿਸ ਬਾਰੇ ਸ਼ਹੀਦ ਸੁਖਦੇਵ ਨੇ ਖੁਦ ਆਪਣੀ ਕਲਮ ਨਾਲ ਲਿਖਿਆ ਹੈ: "ਸਕਾਟ ਤੇ ਗੋਲੀ ਭਗਤ ਸਿੰਘ ਨੇ ਚਲਾਣੀ ਸੀ। ਰਾਜਗੁਰੂ ਨੇ ਕੇਵਲ ਭਗਤ ਸਿੰਘ ਦੀ ਰੱਖਿਆ ਕਰਨੀ ਸੀ ਤੇ ਪੰਡਿਤ ਜੀ (ਆਜ਼ਾਦ) ਨੇ ਇਹਨਾਂ ਦੋਹਾਂ ਦੀ। ਅੱਗੇ ਵੱਲ ਨੂੰ ਨਿਕਲਦਿਆਂ ਭਗਤ ਸਿੰਘ ਨੇ ਪੰਡਤ ਜੀ ਵੱਲ ਨੂੰ ਮੂੰਹ ਕਰਦਿਆਂ ਕਿਹਾ ਕਿ ਇਹ ਸਾਹਿਬ ਸਕਾਟ ਨਹੀਂ ਹੈ। ਪਰ ਐਨੇ ਨੂੰ ਰਾਜ ਗੁਰੂ ਨੇ ਗੋਲੀ ਚਲਾ ਦਿੱਤੀ, ਜਿਹੜੀ ਚਲਾਉਣੀ ਨਹੀਂ ਸੀ ਚਾਹੀਦੀ ਕਿਉਂਕਿ ਉਸ ਨੂੰ ਸਕਾਟ ਦੀ ਪਛਾਣ ਨਹੀਂ ਸੀ। ਪਰ ਕਿਉਂਕਿ ਉਸ ਨੇ ਗੋਲੀ ਚਲਾ ਹੀ ਦਿੱਤੀ ਸੀ, ਸੋ ਭਗਤ ਸਿੰਘ ਨੂੰ ਵੀ ਗਲਤ ਨਿਸ਼ਾਨੇ ਤੇ ਗੋਲੀਆਂ ਮਾਰਨੀਆਂ ਪਈਆਂ। ਇਸ ਤਰ੍ਹਾਂ ਮਿਸਟਰ ਸਾਂਡਰਸ ਦਾ ਕਤਲ ਹੋਇਆ ਸੀ।"

ਪ੍ਰਚਲਤ ਧਾਰਨਾ ਦੇ ਉਲਟ, ਰਾਜ ਗੁਰੂ ਦੀ ਗੋਲੀ ਸਾਂਡਰਸ ਦੇ ਸਿਰ ਵਿਚ ਨਹੀਂ ਬਲਕਿ ਉਹਦੀ ਛਾਤੀ ਵਿਚ ਲੱਗੀ ਸੀ; ਇਹ ਤੱਥ ਸਾਂਡਰਸ ਦੀ ਪੋਸਟ-ਮਾਰਟਮ ਰਿਪੋਰਟ ਤੋਂ ਸਾਬਤ ਹੁੰਦਾ ਹੈ।


Namdhari Elibrary NamdhariElibrary@gmail.com

ਭਗਤ ਸਿੰਘ ਤੇ ਰਾਜ ਗੁਰੂ, ਕ੍ਰਮਵਾਰ ਅਫਸਰ ਤੇ ਅਰਦਲੀ ਦੇ ਭੇਸ ਵਿਚ, ਦੁਰਗਾ ਭਾਬੀ ਤੇ ਨਨ੍ਹੇ ਸਚੀ ਨਾਲ ੨੦ ਦਸੰਬਰ ਨੂੰ ਤੜਕ-ਸਵੇਰੇ ਰੇਲ ਗੱਡੀ ਫੜ ਕੇ ਲਾਹੌਰ ਤੋਂ ਬਚ ਨਿਕਲੇ ਤੇ ਚੰਦਰ ਸ਼ੇਖਰ ੨੫ ਦਸੰਬਰ ਨੂੰ ਰੇਲ ਗੱਡੀ ਵਿਚ ਹੀ ਕਿਸ਼ੋਰੀ ਲਾਲ, ਸੁਖਦੇਵ ਦੀ ਮਾਤਾ ਤੇ ਭੈਣ ਜੀ ਨਾਲ ਦਿੱਲੀ ਵੱਲ ਨੂੰ ਚਲੇ ਗਏ। (ਹਵਾਲਾ: "ਭਗਤ ਸਿੰਘ: ਅਮਰ ਵਿਦਰੋਹੀ", ਪੰਨੇ ੭੮-੭੯)

## ੧੭, ੧੯, ੨੧ ਦਸੰਬਰ ੧੯੨੭ ਰਾਜੇਂਦਰ ਲਹਿਰੀ, ਬਿਸਮਿਲ, ਅਸ਼ਫਾਕ ਤੇ ਰੋਸ਼ਨ ਸਿੰਘ ਦੀ ਸ਼ਹਾਦਤ:

ਕਾਕੋਰੀ ਸਾਜਿਸ਼ ਕੇਸ ਦੇ ਪ੍ਰਮੁੱਖ ਆਗੂਆਂ ਨੂੰ ਵੱਖੋਂ-ਵੱਖ ਜੇਲ੍ਹਾਂ ਵਿਚ ਹੇਠ ਲਿਖੇ ਅਨੁਸਾਰ ਫਾਂਸੀ ਲਾਕੇ ਸ਼ਹੀਦ ਕੀਤਾ ਗਿਆ ਸੀ:

੧੭.੧੨.੧੯੨੭ ਰਾਜੇਂਦਰ ਲਹਿਰੀ (ਗੋਂਡਾ ਜੇਲ੍ਹ)

੧੯.੧੨.੧੯੨੭ ਰਾਮ ਪ੍ਰਸਾਦ ਬਿਸਮਿਲ (ਸ਼ਾਹਜਹਾਨਪੁਰ ਜੇਲ੍ਹ)

੧੯.੧੨.੧੯੨੭ ਅਸ਼ਫਾਕਉੱਲਾ ਖਾਂ (ਫੈਜ਼ਾਬਾਦ ਜੇਲ੍ਹ)

੨੦.੧੨.੧੯੨੭ ਰੋਸ਼ਨ ਸਿੰਘ (ਨੈਣੀ ਜੇਲ੍ਹ, ਅਲਾਹਾਬਾਦ)

## ੨੩ ਦਸੰਬਰ ੧੯੧੨: ਲਾਰਡ ਹਾਰਡਿੰਗ ਤੇ ਦਿੱਲੀ ਦੇ ਚਾਂਦਨੀ ਚੌਕ 'ਚ ਬੰਬ ਹਮਲਾ

ਰਾਜਧਾਨੀ ਨੂੰ ਕਲਕੱਤਾ ਤੋਂ ਦਿੱਲੀ ਲੈ ਆਉਣ ਦੇ ਜਸ਼ਨਾਂ ਵਜੋਂ, ਦਿੱਲੀ ਦੇ ਮੁੱਖ ਬਜ਼ਾਰਾਂ ਤੋਂ ਵਾਇਸਰਾਏ ਨੇ ਸ਼ਾਹੀ ਠਾਠ-ਬਾਠ ਨਾਲ ਹਾਥੀ ਤੇ ਸਵਾਰ ਹੋਕੇ ਲੰਘਣਾ ਸੀ, ਜਿਸ ਦੌਰਾਨ ਚਾਂਦਨੀ ਚੌਕ ਨੇੜੇ ਉਹਦੀ ਸਵਾਰੀ ਤੇ ਕਿਸੇ ਉਚੇਰੀ ਥਾਂ ਤੋਂ ਬੰਬ ਸੁਟਿਆ ਗਿਆ। ਸਿੱਟੇ ਵੱਜੋਂ ਉਹਦਾ ਇੱਕ ਰਖਿਅਕ ਮਾਰਿਆ ਗਿਆ ਸੀ। ਪਿਛੋਂ ਲਾਹੌਰ ਸ਼ਹਿਰ ਵਿੱਚ ੧੭.੫.੧੯੧੩ ਨੂੰ ਹੋਏ ਬੰਬ ਵਿਸਫੋਟ ਨੂੰ ਵੀ ਦਿੱਲੀ ਘਟਨਾ ਨਾਲ ਸੰਮਿਲਤ ਕਰਕੇ 'ਦਿੱਲੀ-ਲਾਹੌਰ ਸਾਜਿਸ਼ ਕੇਸ" ਬਣ ਗਿਆ। ਤਿੰਨਾਂ (ਅਵੱਧ ਬਿਹਾਰੀ, ਮਾਸਟਰ ਅਮੀਰ ਚੰਦ ਤੇ ਬਾਲ ਮੁਕੰਦ) ਨੂੰ ਫਾਂਸੀ ਤੇ ਦੋ (ਬਸੰਤ ਕੁਮਾਰ ਤੇ ਬਲਰਾਜ) ਨੂੰ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਦਿੱਤੀ ਗਈ ਸੀ। ਵਰਣਨਯੋਗ ਹੈ ਕਿ ਉਕਤ ਬਲਰਾਜ ਪ੍ਰਸਿੱਧ ਆਰੀਆ ਸਮਾਜੀ ਮਹਾਤਮਾ ਹੰਸ ਰਾਜ ਦਾ ਬੇਟਾ ਸੀ; ਉਹਦੇ ਸਜ਼ਾਯਾਫਤਾ ਹੋਣ ਤੇ ਬਾਪ ਨੇ ਬੇਟੇ ਨਾਲ ਤੋੜ ਵਿਛੋੜਾ ਕਰ ਲਿਆ ਸੀ। ਇਹੀ 'ਬਲਰਾਜ' ਸੀ, ਜਿਸ ਦੇ ਨਾਮ, ਜੋ HSRA ਦੇ ਪੋਸਟਰ ਨਿਕਲਦੇ ਸਨ ਉਹਨਾਂ ਹੇਠਾਂ 'Balraj' Commander-in-Chief, Hindustan Socialist Republican Army ਕਰਕੇ ਲਿਖਿਆ ਜਾਂਦਾ ਰਿਹਾ ਹੈ।

## ੨੩ ਦਸੰਬਰ ੧੯੨੯ ਦਿੱਲੀ ਨੇੜੇ ਵਾਇਸਰਾਏ ਦੀ ਗੱਡੀ ਹੇਠ ਧਮਾਕਾ:

ਭਗਵਤੀ ਚਰਨ ਵੋਹਰਾ ਨੇ ਯਸ਼ਪਾਲ ਨਾਲ ਰੱਲਕੇ ਵਾਇਸਰਾਏ ਦੀ ਗੱਡੀ ਨੂੰ ਉਡਾਉਣ ਦਾ ਫੈਸਲਾ ਕੀਤਾ। ਯਸ਼ਪਾਲ ਦੇ ਨਿਕਟਵਰਤੀ ਇੰਦਰਪਾਲ ਨੂੰ ਸਾਧੂ ਦਾ ਭੇਸ ਧਾਰਕੇ ਦਿੱਲੀ ਨੇੜੇ ਰੇਲਵੇ ਲਾਈਨ ਤੇ ਨਜ਼ਰ ਰੱਖਣ ਲਈ ਕਿਹਾ, ਅਤੇ ਬਿਜਲੀ ਉਪਕਰਨਾਂ ਦੇ ਸਹਾਰੇ ਬਿਜਲੀ ਨਾਲ ਚਲਣ ਵਾਲੀ ਇੱਕ ਸੁਰੰਗ ਰੇਲਵੇ ਲਾਈਨ ਦੇ ਸਲੀਪਰ ਹੇਠਾਂ ਦਬਾ ਦਿੱਤੀ ਤੇ ਜ਼ਮੀਨ ਪੁਟਕੇ ੩੦੦ ਗਜ਼ ਦੂਰ ਇੱਕ ਤਾਰ ਹੇਠਾਂ ਵਿਛਾਕੇ ਬੈਟਰੀ ਨਾਲ ਸਵਿਚ ਜੋੜਿਆ ਗਿਆ ਜਿਹੜਾ ਦਿੱਲੀ ਦੇ ਪੁਰਾਣੇ ਕਿਲ੍ਹੇ ਨੇੜੇ ਸੀ (ਹੁਣ ਇਹ ਤਹਿਖੰਡ, ਉਖਲਾ-ਫੇਜ਼ ੧, ਨਵੀਂ ਦਿੱਲੀ ਵਿੱਚ ਪੈਂਦਾ ਹੈ)।

ਪੂਰੇ ਫੌਜੀ ਲਿਬਾਸ ਵਿਚ ਯਸ਼ਪਾਲ ਨੇ ਭਾਗ ਰਾਮ ਨੂੰ ਨਾਲ ਲੈਕੇ ੨੩ ਦਸੰਬਰ ੧੯੨੯ ਨੂੰ ਸਵੇਰੇ ੭.੪੦ ਵਜੇ ਇਹ ਸੁਰੰਗ ਫਟਾਉਣ ਦਾ ਕਾਰਜ ਕੀਤਾ; ਕੋਈ ਜਾਨੀ ਨੁਕਸਾਨ ਨਹੀਂ ਹੋਇਆ ਪਰ ਦੋ ਫੁਟ ਰੇਲ ਦੀ ਪਟੜੀ ਉਡ ਗਈ ਅਤੇ ਲੋਹੇ ਦੇ ਕੁਝ ਟੁਕੜੇ ਇੱਕ ਡੱਬੇ ਦੇ ਫ਼ਰਸ਼ ਨੂੰ ਚੀਰ-ਤੋੜ ਕੇ ਗੱਡੀ ਦੀ ਛੱਤ ਵਿਚ ਧਸ ਗਏ। ਯਸ਼ਪਾਲ ਵਲੋਂ ਬਚ ਨਿਕਲਣ ਲਈ ਲਿਆਂਦਾ ਮੋਟਰ ਸਾਈਕਲ ਸਟਾਰਟ ਨਾ ਹੋਣ ਕਰਕੇ ਉਥੇ ਹੀ ਛੱਡ ਕੇ ਉਸ ਨੂੰ ਪੈਦਲ ਨਿਕਲਣਾ ਪਿਆ।

ਦਿਲਚਸਪ ਗੱਲ ਹੈ ਕਿ ਧੁੰਦ ਹੋਣ ਕਰਕੇ ਤੇ ਗੱਡੀ ਦੇ 'ਠੀਕ-ਠਾਕ' ਲੰਘ ਜਾਣ ਕਰਕੇ ਯਸ਼ਪਾਲ ਨੇ ਸਮਝਿਆ ਕਿ ਸੁਰੰਗ ਨਹੀਂ ਫਟੀ। ਉਹ ਦਿੱਲੀ ਸਟੇਸ਼ਨ ਤੋਂ ਗੱਡੀ ਫੜਕੇ ਗਾਜ਼ੀਆਬਾਦ ਸਟੇਸ਼ਨ ਤੇ ਪੁਜਾ ਜਿੱਥੇ ਭਗਵਤੀ ਚਰਨ ਨੂੰ ਉਸ ਦੀ ਉਡੀਕ ਸੀ। ਦੋਵੇਂ ਹੀ ਬੜੀ ਨਿਰਾਸ਼ਾ ਵਿਚ ਬੈਠੇ ਸਨ ਕਿ ਐਨੇ ਨੂੰ ਅਖਬਾਰਾਂ ਵੇਚਣ ਵਾਲੇ ਆਕੇ ਉੱਚੀ-ਉੱਚੀ ਪੁਕਾਰਣ ਲੱਗੇ "ਵਾਇਸਰਾਏ ਦੀ ਗੱਡੀ ਹੇਠਾਂ ਬੰਬ ਧਮਾਕਾ" ਤਦ ਉਹਨਾਂ ਨੂੰ ਅਸਲੀਅਤ ਦਾ ਪਤਾ ਚਲਿਆ ਸੀ।



Namdhari Elibrary NamdhariElibrary@gmail.com

## ੨੩ ਦਸੰਬਰ ੧੯੩੦: ਹਰੀ ਕ੍ਰਿਸ਼ਨ ਦਾ ਯੂਨੀਵਰਸਿਟੀ ਕਾਨਵੋਕੇਸ਼ਨ ਮੌਕੇ ਗਵਰਨਰ ਤੇ ਫ਼ਾਇਰ:

ਪੰਜਾਬ ਗਵਰਨਰ ੨੩.੧੨.੧੯੩੦ ਕਾਨਵੋਕੇਸ਼ਨ ਦੀ ਕਾਰਵਾਈ ਮੁਕਣ ਪਿਛੋਂ ਜਦੋਂ ਉਹ ਲਾਹੌਰ ਯੂਨੀਵਰਸਿਟੀ ਹਾਲ ਵਿਚੋਂ ਨਿਕਲ ਰਿਹਾ ਸੀ ਤਾਂ ਸਰਹੱਦੀ ਸੂਬੇ ਦੇ ਮਰਦਾਨ ਕਸਬੇ ਦੇ ਜੰਮ-ਪਲ ਹਰੀ ਕ੍ਰਿਸ਼ਨ ਨੇ ਬਹੁਤ ਨੇੜੇ ਤੋਂ ਉਸ ਤੇ ਫਾਇਰ ਕੀਤੇ; ਗਵਰਨਰ ਦੀ ਬਾਂਹ ਤੇ ਗੋਲੀ ਲੱਗੀ, ਪਰ ਉਸ ਦੀ ਜਾਣ ਬਚੀ ਰਹੀ ਪਰ ਇੱਕ ਥਾਨੇਦਾਰ ਚੰਨਣ ਸਿਘ ਨੂੰ ਘਾਤਕ ਚੋਟਾਂ ਆਈਆਂ। ਹਰੀ ਕ੍ਰਿਸ਼ਨ ਤੋਂ ਇਲਾਵਾ ਇਸ ਕਤਲ ਦੀ ਸਾਜਿਸ਼ ਦੇ ਦੋਸ਼ ਵਿਚ ਰਣਬੀਰ ਸਿਘ, ਦੁਰਗਾ ਦਾਸ ਖੰਨਾ ਤੇ ਚਮਨ ਲਾਲ ਨੂੰ ਵੀ ਹੇਠਲੀ ਅਦਾਲਤ ਨੇ ਫਾਂਸੀ ਦੀ ਸਜ਼ਾ ਸੁਣਾਈ, ਪਰ ਹਾਈ ਕੋਰਟ ਨੇ ਇਹਨਾਂ ਤਿਨਾਂ ਨੂੰ ਬਰੀ ਕਰ ਦਿੱਤਾ ਤੇ ਹਰੀ ਕ੍ਰਿਸ਼ਨ ਨੂੰ ੯.੬.੧੯੩੧ ਨੂੰ ਮੀਆਂਵਾਲੀ ਜੇਲ੍ਹ ਵਿੱਚ ਫਾਂਸੀ ਲਾਕੇ ਸ਼ਹੀਦ ਕੀਤਾ ਗਿਆ ਸੀ।

## ੨੪ ਦਸੰਬਰ ੧੯੧੦ ਨਾਸਿਕ (ਮਹਾਰਾਸ਼ਟਰ) ਸਾਜਿਸ਼ ਕੇਸ ਦਾ ਫ਼ੈਸਲਾ:

ਇਸ ਪ੍ਰਸਿੱਧ ਮੁਕਦਮੇਂ ਵਿੱਚ ਵੀਰ ਸਾਵਰਕਰ ਨੂੰ ਉਮਰ ਕੈਦ – ਕਾਲਾ ਪਾਣੀ, ਕੇਸ਼ਵ ਸ਼ਿਰੀਪਤ ਨੂੰ ੧੫ ਸਾਲ ਕਾਲਾ ਪਾਣੀ, ਪੰਜਾਂ ਨੂੰ ਦਸ-ਦਸ ਸਾਲ, ੧੦ ਨੂੰ ਪੰਜ-ਪੰਜ ਸਾਲ ਤੇ ਪੰਦਰਾਂ ਨੂੰ ਘੱਟ ਕੈਦ ਦੀਆਂ ਸਜ਼ਾਵਾਂ ਸੁਣਾਈਆਂ ਗਈਆਂ। ਜ਼ਿਕਰਯੋਗ ਹੈ ਕਿ ਵੀਰ ਸਾਵਰਕਰ ਨੂੰ ਇਕ ਹੋਰ ਕੇਸ ਵਿੱਚ ੯ ਫਰਵਰੀ ੧੯੧੧ ਨੂੰ (ਦੋਹਰੀ) ਉਮਰ ਕੈਦ ਦੀ ਸਜ਼ਾ ਸੁਨਾਈ ਗਈ ਸੀ। ਅੰਡੇਮਾਨ ਪਹੁੰਚਣ ਦੇ ਕੁਝ ਹੀ ਮਹੀਨੇ ਪਿਛੋਂ ਇਸ ਨੇ 'ਰਹਿਮ' ਦੀ ਬਿਨਾ ਤੇ 'ਰਿਆਇਤ' ਦਿਤੇ ਜਾਣ ਦੀਆਂ ਦਰਖਾਸਤਾ ਦਿੱਤੀਆ ਸਨ। (ਹਵਾਲਾ: Penal Settlement in Andamans: R.C. Mazumdar: Deptt. of Culture, Ministry of Education & Social Welfare, New Delhi, 1975, pp. 210-14)

## ੨੯-੩੧ ਦਸੰਬਰ ੧੯੨੯ ਕਾਂਗਰਸ ਸੈਸ਼ਨ ਲਾਹੌਰ:

1) ਸੰਪੂਰਨ ਆਜ਼ਾਦੀ ਦੀ ਪਹਿਲੀ ਪੁਕਾਰ: ਗਾਂਧੀ ਜੀ ਦੀ ਪੁਰਜ਼ੋਰ ਵਿਰੋਧਤਾ ਦੇ ਬਾਵਜੂਦ ਜਵਾਹਰ ਲਾਲ ਨਹਿਰੂ ਜਿਹੇ ਨਵੀਂ ਪੀੜ੍ਹੀ ਦੇ ਲੀਡਰਾਂ ਦੇ ਦਬਾਅ ਅਤੇ ਇਨਕਲਾਬੀ ਸਰਗਰਮੀਆਂ, "ਇਨਕਲਾਬ ਜ਼ਿੰਦਾਬਾਦ" ਦੇ ਗਰਮਾਏ ਹੋਏ ਮਾਹੌਲ ਦੀ ਸਰਵ-ਵਿਆਪਕਤਾ ਦੇ ਦਬਾਅ ਹੇਠਾਂ, ਪਹਿਲੀ ਵਾਰ ਕਾਂਗਰਸ ਨੇ ਪੂਰਨ ਆਜ਼ਾਦੀ ਦਾ ਮਤਾ ਪਾਸ ਕੀਤਾ।

2) ੨੩ ਦਸੰਬਰ ਦੇ ਬੰਬ ਵਿਸਫੋਟ ਦੀ ਨਿਖੇਧੀ ਦਾ ਮਤਾ: ਸ਼ਹੀਦ ਭਗਵਤੀ ਚਰਨ ਵੋਹਰਾ ਦੀ ਲਿਖਤ "ਫਿਲੋਸਫੀ ਆਫ ਦੀ ਬੰਬ" ਅਨੁਸਾਰ, "ਕਾਂਗਰਸ ਨੇ ਆਪਣਾ ਨਿਸ਼ਾਨਾ 'ਸਵਰਾਜ' ਦੀ ਬਜਾਏ ਮੁਕੰਮਲ ਆਜ਼ਾਦੀ ਐਲਾਨਿਆ ਹੈ। ਸਿੱਟੇ ਵਜੋਂ ਆਸ ਕੀਤੀ ਜਾ ਸਕਦੀ ਸੀ ਕਿ ਇਹ ਅੰਗਰੇਜ਼ੀ ਸਰਕਾਰ ਵਿਰੁੱਧ ਜੰਗ ਦਾ ਐਲਾਨ ਕਰੇਗੀ। ਪਰ ਇਸਦੇ ਐਨ ਉੱਲਟ ਇਸਨੇ ਇਨਕਲਾਬੀਆਂ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ ਹੈ। ਇਸ ਦਾ ਪਹਿਲਾ ਵਾਰ ਵਾਇਸਰਾਏ ਦੀ ਗੱਡੀ ਤੇ ੨੩ ਦਸੰਬਰ ੧੯੨੯ ਨੂੰ ਕੀਤੇ ਗਏ ਬੰਬ ਵਿਸਫੋਟ ਦੀ 'ਨਿਖੇਧੀ ਦੇ ਮਤੇ' ਦੇ ਰੂਪ ਵਿਚ ਆਇਆ। ਇਹ ਮਤਾ ਖੁਦ ਹੀ ਗਾਂਧੀ ਜੀ ਨੇ ਤਿਆਰ ਕੀਤਾ ਤੇ ਸਿਰ ਤੋਂ ਲੈਕੇ ਪੈਰਾ ਤੀਕ ਇਹਨੂੰ ਪਾਸ ਕਰਾਉਣ ਦਾ ਯਤਨ ਕੀਤਾ, ਫੇਰ ਵੀ ੧੭੧੩ ਮੈਂਬਰਾਂ ਦੀ ਸਭਾ ਵਿੱਚ ਕੇਵਲ ੮੧ ਵੋਟਾਂ ਦੀ ਬਹੁਗਿਣਤੀ ਨਾਲ ਇਹ ਮਤਾ ਪ੍ਰਵਾਨ ਹੋਇਆ। ਪਰ ਕੀ ਇਹ ਨਾਮਾਤਰ ਬਹੁਗਿਣਤੀ ਵੀ ਹੱਕੀ ਰਾਜਸੀ ਨਿਰਣੇ ਤੇ ਆਧਾਰਤ ਸੀ? ਸ੍ਰੀਮਤੀ ਸਰਲਾ ਦੇਵੀ ਚੋਧਰਾਨੀ, ਜੋ ਜੀਵਨ ਭਰ ਕਾਂਗਰਸ ਦੇ ਸ਼ਰਧਾਲੂ ਰਹੇ ਹਨ, ਨੇ ਕਿਹਾ ਹੈ 'ਮਹਾਤਮਾ ਜੀ ਦੇ ਕਈ ਚੇਲਿਆਂ ਨਾਲ ਗਲਬਾਤ ਪਿਛੋਂ ਇਹ ਨਤੀਜਾ ਕੱਢਿਆ ਗਿਆ ਕਿ ਉਹ ਸਾਰੇ ਕੇਵਲ ਨਿਜੀ ਵਫਾਦਾਰੀ ਕਰਕੇ ਆਪਣੀ ਆਜ਼ਾਦ ਰਾਏ ਨੂੰ ਦਬਾ ਗਏ ਤੇ ਮਹਾਤਮਾ ਜੀ ਵੱਲੋਂ ਪੇਸ਼ ਕੀਤੇ ਗਏ ਮਤੇ ਦਾ ਵਿਰੋਧ ਕਰਨੋ ਗੁਰੇਜ਼ ਕੀਤਾ।'" (ਮੂਲ ਲਿਖਤ ਚੋਂ)

ਇਸਦੇ ਐਨ ਉਲਟ ਜਲਿਆਂਵਾਲੇ ਬਾਗ ਦੇ ਕਤਲੇਆਮ ਦੇ ਅੱਠ ਮਹੀਨੇ ਪਿਛੋਂ ਅੰਮ੍ਰਿਤਸਰ ਕਾਂਗਰਸ ਸੈਸ਼ਨ ਵਿੱਚ ਇਸ ਘਲੂਘਾਰੇ ਦੀ ਨਿਖੇਧੀ ਦਾ ਮਤਾ ਤਾਂ ਕਿਤੇ ਰਿਹਾ, "ਸ਼ਹਿਨਸ਼ਾਹ ਪ੍ਰਤੀ ਵਫ਼ਾਦਾਰੀ ਦਾ, ਤੇ ਉਸ ਦੀ ਵਿਸ਼ਵ ਯੁੱਧ ਵਿਚ ਫਤਿਹ ਤੇ ਸੰਤੁਸ਼ਟੀ" ਦੇ ਮਤੇ ਪਾਸ ਕੀਤੇ ਗਏ।"

(ਹਵਾਲਾ: History of Freedom Movement in India, Vol. III by Tara Chand, Publications Division, Ministry of I&B, Govt. of India, New Delhi, 1972, p. 468)



Namdhari Elibrary NamdhariElibrary@gmail.com

Gram : 'Sniper'

Hello : 431367

Reputed Manufacturers of :

**Superior Quality**

**SINGLE BARREL**

**&**

**DOUBLE BARREL**

B.L.–12 Bore

# GUNS

# MODERN GUN WORKS

OPP. : INDUSTRIAL ESTATE,

JAMMU CANTT.



Namdhari Elibrary NamdhariElibrary@gmail.com

# ਪਿਰ ਦੇਖਣ ਕੀ ਆਸ ਵਿਚ
# ਬਾਬਾ ਹਰਨਾਮ ਸਿੰਘ ਅਤੇ ਮਾਈ ਚੰਦੋ ਭਾਣੇਵਾਲੇ

*—ਸੁਵਰਨ ਸਿੰਘ ਵਿਰਕ*

"ਜਾਗੇ ਭਾਗ ਬ੍ਰਹਮ ਦੇ ਵਾਸੀਆਂ ਦੇ,
ਕੋਹਿ ਨੂਰ ਜਿਉਂ ਨੂਰ ਫੈਲਾ ਬੈਠਾ।
ਪਾਰਸ ਛੋਹਦਿਆਂ ਲੋਹੇ ਨੂੰ ਕਰੇ ਸਿਊਨਾ,
ਚੰਨਣ ਬਿਰਛ ਜਿਉਂ ਨਿੰਮ ਮਹਿਕਾ ਬੈਠਾ।
ਬੱਦਲ ਉੱਡ ਗਏ ਦੇਸ ਪੰਜਾਬ ਉਤੋਂ,
ਓਥੇ ਮੇਹਰ ਦਾ ਮੀਂਹ ਵਰਸਾ ਬੈਠਾ।
ਰੋਵਨ ਗੋਪੀਆਂ ਸ਼ਾਮ ਨੂੰ ਯਾਦ ਕਰ ਕਰ,
ਕਾਹਨ ਵੱਖਰੀ ਪੁਰੀ ਰਚਾ ਬੈਠਾ।"

*—ਭਾਈ ਨਿਰੰਜਨ ਸਿੰਘ 'ਮਿਰਗੇਸ਼'*

ਸਤਿਗੁਰੂ ਰਾਮ ਸਿੰਘ ਜੀ ਦੀ ਪੰਜਾਬ ਵਿਚੋਂ, ਅੰਗਰੇਜ਼ ਸਰਕਾਰ ਦੇ ਹੁਕਮ ਅਨੁਸਾਰ, ਬ੍ਰਿਟਿਸ਼ ਬਰ੍ਹਮਾ ਵਿਚ ਜਲਾਵਤਨੀ ਦਾ ਸੱਲ੍ਹ, ਹਰ ਨਾਮਧਾਰੀ ਦੇ ਹਿਰਦੇ ਨੂੰ ਵਿੰਨ੍ਹ ਗਿਆ। ਪਹਿਲੇ ਤਿੰਨ ਵਰ੍ਹੇ ਤੱਕ ਤਾਂ ਆਪ ਦੇ ਚਰਨ-ਭੌਰੇ ਕੂਕੇ ਸਿੰਘਾਂ ਨੂੰ, ਇਹ ਪਤਾ ਹੀ ਨਹੀਂ ਲੱਗਾ ਕਿ ਆਪ ਜੀ ਨੂੰ ਕਿੱਥੇ ਅਤੇ ਕਿਹਨਾਂ ਹਾਲਾਤ ਵਿਚ ਰੱਖਿਆ ਗਿਆ ਹੈ। ਵੈਸੇ ਤਾਂ ਕਿਹੜਾ ਐਸਾ ਮਨੁੱਖੀ ਹਿਰਦਾ ਹੁੰਦਾ ਹੈ ਜਿਸ ਨੇ, ਆਪਣੇ ਸੱਜਣਾਂ ਪਿਆਰਿਆਂ ਦਾ ਵਿਛੋੜਾ, ਕਦੇ ਨਾ ਕਦੇ, ਕਿਸੇ ਨਾ ਕਿਸੇ ਰੂਪ ਵਿਚ, ਬਰਦਾਸ਼ਤ ਨਾ ਕੀਤਾ ਹੋਵੇ। ਇਹ ਬਿਰਹੋਂ ਦੀ ਸਿੱਕ, ਵਿਛੋੜੇ ਦੀ ਤੜਪ, ਮੁੜ ਮਿਲਣੀ ਦੀਆਂ ਤਾਂਘਾਂ ਹੀ ਤਾਂ ਜੀਵਨ ਦੇ ਕਠੋਰ ਸੱਚ ਵਿਚ ਬਦਲ ਜਾਂਦੀਆਂ ਹਨ। ਜਿਹਨੇ ਕਦੇ ਆਪਣੇ ਪਿਆਰਿਆਂ ਦੇ ਵਿਓਗ ਦੀ, ਇਹ ਕਸਕ ਮਹਿਸੂਸ ਨਹੀਂ ਕੀਤੀ, ਸਾਡੇ ਪਹਿਲੇ ਸੂਫ਼ੀ ਕਵੀ ਦੇ ਸ਼ਬਦਾਂ ਵਿਚ, ਉਸ ਜਣੇ ਦੀ ਗਿਣਤੀ ਜਾਨਦਾਰ ਸਰੀਰ ਵਿਚ ਨਹੀਂ ਕੀਤੀ ਜਾ ਸਕਦੀ :-

"ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ
ਸੋ ਤਨੁ ਜਾਣ ਮਸਾਨੁ ॥ ੩੬ ॥"

ਸਤਿਗੁਰੂ ਵਿਛੋੜੇ ਨੇ ਉਹਦੇ ਪਿਆਰਿਆਂ ਦੀ ਦਸ਼ਾ ਕੈਸੀ ਬਣਾ ਦਿੱਤੀ ਸੀ, ਇਸ ਦਾ ਵਰਣਨ ਵੀ, ਅੱਠ ਸਦੀਆਂ ਪਹਿਲੋਂ ਹੋ ਗੁਜ਼ਰੇ, ਬਾਬਾ ਜੀ ਤੋਂ ਬਿਹਤਰ, ਪੰਜਾਬੀ ਸ਼ਾਇਰੀ ਵਿਚ ਕੀਹਨੇ ਕਰਨਾ ਸੀ (ਜਿਵੇਂ ਬਾਬਾ ਜੀ ਦਿਬ-ਦ੍ਰਿਸ਼ਟੀ ਨਾਲ, ਕੂਕਿਆਂ ਦੇ ਹਿਜਰ ਦੀ ਗਾਥਾ ਹੀ, ਉਹਨਾਂ ਦੀ ਜ਼ੁਬਾਨੀ, ਆਪਣੇ ਸਤਿਗੁਰੂ ਨੂੰ ਮੁਖ਼ਾਤਿਬ ਹੋ ਕੇ ਲਿਖ ਰਹੇ ਹੋਣ) :-



"ਫਰੀਦਾ ਚਿੰਤ ਖਟੋਲਾ ਵਾਣੁ ਦੁਖੁ
ਬਿਰਹਿ ਵਿਛਾਵਣ ਲੇਫੁ ॥
ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥ ੩੫ ॥"

ਕੂਕੇ ਆਪਣੇ ਸਤਿਗੁਰੂ ਰਾਮ ਸਿੰਘ ਤੋਂ ਵਿੱਛੜ ਕੇ, ਉਹੋ ਜਿਹੇ 'ਰਾਮ-ਵਿਓਗੀ' ਹੋ ਗਏ ਸਨ ਜਿਹੇ ਜਿਹੇ "ਰਾਮ ਵਿਓਗੀਆਂ" ਦਾ ਵਰਣਨ ਕਬੀਰ ਸਾਹਿਬ ਆਪਣੀ ਬਾਣੀ ਵਿਚ ਕਰਦੇ ਹਨ :-

"ਕਬੀਰ ਬਿਰਹੁ ਭੁਯੰਗਮੁ ਮਨਿ ਬਸੈ, ਮੰਤੁ ਨ ਮਾਨੈ ਕੋਇ ॥
ਰਾਮ ਬਿਓਗੀ ਨਾ ਜੀਐ, ਜੀਐ ਤ ਬਉਰਾ ਹੋਇ ॥ ੭੬ ॥

ਉਹਨਾਂ ਕੂਕਿਆਂ ਨੇ, ਅਜੇਹਾ ਜੀਵਨ ਹੀ ਜੀਵਿਆ ਜਿਹੜਾ ਲੋਕਾਂ ਦੀਆਂ ਨਜ਼ਰਾਂ ਵਿਚ, ਦੀਵਾਨਿਆਂ ਮਸਤਾਨਿਆਂ ਵਾਲਾ ਹੀ ਸੀ। ਉਹ ਆਪਣੇ ਪਰਦੇਸੀ-ਪ੍ਰੀਤਮ ਵੱਲੋਂ ਆਉਣ ਵਾਲੇ ਕਿਸੇ ਸੁੱਖ-ਸੁਨੇਹੜੇ ਨੂੰ 'ਸ਼ਾਹ-ਹੁਸੈਨ' ਦੇ ਸ਼ਬਦਾਂ ਵਿਚ, ਇਉਂ ਉਡੀਕਦੇ ਰਹਿੰਦੇ ਸਨ:-

"ਰਾਤੀਂ ਦਰਦ ਦਿਹੇਂ ਦਰਮਾਂਦੀ, ਘਾਉ ਮਿੱਤਰਾਂ ਦੇ ਅੱਲੇ
ਕਹੇ ਹੁਸੈਨ ਫਕੀਰ ਨਿਮਾਣਾ, ਸਾਈਂ ਸੁਨੇਹੜੇ ਘੱਲੇ ॥"

ਪ੍ਰੇਮ-ਪੰਥ ਉਤੇ ਚੱਲਣ ਵਾਲਿਆਂ ਦੀਆਂ ਬਾਤਾਂ ਹੋਰ ਹੀ ਹੁੰਦੀਆਂ ਹਨ। ਉਹਨਾਂ ਦੀ ਕਥਾ ਨਿਰਾਲੀ ਹੁੰਦੀ ਹੈ। ਪਿਆਰੇ ਤੋਂ ਬਿਨਾਂ ਰਾਤਾਂ ਵੱਡੀਆਂ ਹੋ ਜਾਂਦੀਆਂ ਹਨ। 'ਰੱਤੀ ਰੱਤ ਨਾ ਨਿਕਲੇ' ਵਾਲੀ ਦਸ਼ਾ ਹੋ ਜਾਂਦੀ ਹੈ। ਕੂਕਿਆਂ ਦਾ ਆਪਣੇ ਇਸ਼ਟ, ਆਪਣੇ ਮੁਰਸ਼ਦ, ਆਪਣੇ ਸਭ ਕੁਝ, ਆਪਣੇ ਸਤਿਗੁਰੂ ਰਾਮ ਸਿੰਘ ਜੀ ਨਾਲ, ਕੁਝ ਇਹੋ ਜਿਹਾ ਹੀ ਨਾਤਾ ਜੁੜ ਗਿਆ ਸੀ ਕਿ ਦੇਸ਼ ਭਗਤੀ ਦੇ ਮਾਰਗ ਤੇ ਚੱਲਣ ਕਰਕੇ, ਜਦੋਂ ਬੇਗਾਨੀ ਹਕੂਮਤ ਨੇ, ਉਹਨਾਂ ਨੂੰ ਦੇਸ਼ ਬਦਰ ਕੀਤਾ ਤਾਂ ਆਪ ਦੇ ਲੱਖਾਂ ਪ੍ਰੇਮੀ ਹਿਰਦਿਆਂ ਦੀ ਦਸ਼ਾ, ਇਸ ਬਿਰਹੋਂ-ਅਗਨੀ ਦੇ, ਦਿਨੋ ਦਿਨ ਹੋਰ ਪਰਚੰਡ ਹੋਣ ਨਾਲ, ਕਹਿਣ ਸੁਣਨ ਅਤੇ ਬਿਆਨ ਤੋਂ ਬਾਹਰੀ ਹੋ ਨਿੱਬੜੀ। ਭਾਵੇਂ ਆਪਣੇ ਨਾ ਮੁੱਕਣ ਵਾਲੇ ਵਿਛੋੜੇ ਦੇ ਪੰਧ ਤੇ ਤੁਰਨ ਲੱਗਿਆਂ



Namdhari Elibrary NamdhariElibrary@gmail.com

ਪਿਆਰੀਆਂ ਸੰਗਤਾਂ ਨੂੰ, ਦੇਸ ਵਾਸੀਆਂ ਨੂੰ, ਮੁਖਾਤਿਬ ਹੁੰਦਿਆਂ, ਸ੍ਰੀ ਹਜ਼ੂਰ ਨੇ ਸ਼ਾਇਰ ਦੇ ਸ਼ਬਦਾਂ ਵਿਚ, ਇਉਂ ਫ਼ੁਰਮਾਇਆ ਸੀ :-

"ਆਸਾਂ ਮੈਂ ਜਦ ਯਾਦ ਕਰੋਗੇ,
ਕਹਿ ਮਾਹੀ ਤੁਰ ਚੱਲਿਆ।
ਲੰਮੇ ਪੰਧ, ਮੁੜਨ ਕਦ ਹੋਸੀ,
ਸੋਚ ਇਹੋ ਦਿਲ ਹੱਲਿਆ।
ਕੂੰਜਾਂ ਵਾਂਗ ਵਿਛੋੜੇ ਅੰਦਰ,
ਰਾਤ ਦਿਨੇ ਕੁਰਲਾਸਾਂ-
ਜਦ ਤਕ ਮਿਲੂ ਨਾ, ਬਲਬਲ ਮਚਸਾਂ,
ਰੋਣ ਨਾ ਜਾਸੀ ਠੱਲ੍ਹਿਆ।"

ਆਪ ਦੇ ਪਿਆਰਿਆਂ ਲਈ, ਆਪ ਦੇ ਇਲਾਹੀ ਦਰਸ਼ਨਾਂ ਦੀ ਦਾਤ ਤੋਂ ਵਧ, ਹੋਰ ਸੁਖ ਦੇਣ ਵਾਲੀ ਸ਼ੈ, ਦੁਨੀਆਂ ਵਿਚ ਕੋਈ ਵੀ ਬਾਕੀ ਨਹੀਂ ਸੀ ਰਹੀ। ਜਦੋਂ ਤੋਂ ਆਪ ਪਿਆਰੀਆਂ ਸੰਗਤਾਂ ਤੋਂ ਵਿੱਛੜੇ ਸਨ ਦਸ਼ਾ ਆਪ ਦੀ ਵੀ ਉਹੋ ਜਿਹੀ ਹੀ ਬਣੀ ਹੋਈ ਸੀ, ਜਿਹੋ ਜਿਹੀ ਆਪ ਦੇ ਦਰਦ ਫ਼ਿਰਾਕ ਦੇ ਸੱਲ ਜਰਨ ਵਾਲਿਆਂ ਦੀ ਬਣੀ ਹੋਈ ਸੀ। ਬਾਅਦ ਵਿਚ ਜਦੋਂ ਆਪ ਦੇ ਰੰਗੂਨ ਵਿਖੇ ਹੋਣ ਦਾ ਸਮਾਚਾਰ ਪਾ ਕੇ, ਸਭ ਤੋਂ ਪਹਿਲਾਂ, ਬਾਬਾ ਦਰਬਾਰਾ ਸਿੰਘ ਰਾਇਪੁਰੀਆ ਤੇ ਫਿਰ ਹੋਰ ਸਿੰਘ ਆਪ ਦੇ ਦਰਸ਼ਨਾਂ ਨਮਿੱਤ ਰੰਗੂਨ ਪੁੱਜਣ ਲੱਗੇ, ਹੁਕਮਨਾਮੇ ਲੈ ਕੇ ਆਉਣ ਲੱਗੇ ਤਾਂ ਇਹਨਾਂ ਹੁਕਮਨਾਮਿਆਂ ਵਿਚੋਂ ਸੰਗਤ ਦੀ ਜੁਦਾਈ ਵਾਲੇ ਸੱਲ ਦੀ, ਆਪ ਦੀ ਵੇਦਨਾ ਥਾਂ-ਪਰ-ਥਾਂ ਇਉਂ ਪਰਗਟ ਹੁੰਦੀ ਹੈ :-

"ਹੋਰ ਜੀ ਅਸੀਂ ਅਨੰਦ ਹਾ, ਸਭ ਤਰਾਂ ਕਰਕੇ ਸੁਖੀ ਹਾ, ਇਕ ਸੰਗਤ ਦੇ ਵਿਛੋੜੇ ਦਾ ਬਡਾ ਦੁਖੁ ਹੈ। ਹਮੇਸਾ ਸਿਰੀ ਗੁਰੂ ਪਾਸੋ ਸੰਗ੍ਰਹ ਦੀ ਸੁਖੁ ਮੰਗਦੇ ਹਾਂ। ਹੋਰ ਸਾਨੂੰ ਖਾਣ ਪੀਣ ਨੂ ਖੰਡ ਘਿਉ ਦੁਧ ਚਾਵਲ ਤਰਕਾਰੀ ਆਟਾ, ਪੈਨਣ ਨੂ ਲਠਾ ਖਾਸਾ ਬਹੁਤ ਦਿੰਦੀ ਹੈ ਸਰਕਾਰ, ਪਰ ਵਿਛੋੜੇ ਦਾ ਬਡਾ ਦੁਖੁ ਹੈ ਸੰਗਤ ਦੇ ਦਾ। ਇਹੁ ਦੁਖੁ ਕਟਣਾ ਗੁਰੂ ਜੀ ਦੇ ਬਸ ਹੈ। ਗੁਰੂ ਚਾਹੇ ਤਾ ਇਹੁ ਬੀ ਕਟ ਦੇਊਗਾ।"[1]

"ਹੋਰ ਭਾਈ ਸਾਨੂ ਤਾ ਤੁਮਾਰੇ ਦਰਸਨ ਦੀ ਲੋੜ ਤੁਮਾਰੇ ਤੇ ਬਹੁਤ ਹੈ ਕਈ ਹਿਸੇ। ਕਿਸ ਕਰਕੇ? ਥੁਆਨੂੰ ਤਾ ਹਮਾਰੇ ਜੈਸੇ ਸਿਖਾ ਦੇ ਦਰਸਨ ਬਹੁਤ ਹੈਨ, ਸਾਨੂ ਤਾ ਨਾਮ ਜਪਣ ਬਾਲਿਆਂ ਦਾ ਦਰਸਨ ਬਡਾ ਦੁਰਲੰਭ ਹੈ। ਜੇ ਗੁਰੂ ਕਰਾਊਗਾ ਤਾ ਭਾਈ ਸੰਗਤ ਦੇ ਈ ਦਰਸਨ ਕਰਨੇ ਹੈਨ, ਸੰਗਤ ਨੂੰ ਹੀ ਦੇਣੇ ਹੈ। ਹਮਾਰਾ ਤਾ ਭਾਈ ਸਾਕ ਨਾਤਾ ਸਾਧ ਸੰਗਤਿ ਈ ਹੈ। ਗੁਰੂ ਸਾਹਿਬ ਅਗੇ ਬੇਨਤੀ ਏਹੁ ਕਰਦੇ ਹਾ ਜੋ ਗੁਰੂ ਜੀ ਸਾਨੂੰ ਆਪਣੀ ਸੰਗਤਿ ਦੇ ਦਰਸਨ ਕਰਾਓ, ਅਗੇ ਜੋ ਗੁਰੂ ਨੂ ਭਾਵੇ।"[2]

ਭਾਈ ਨਿਰੰਜਨ ਸਿੰਘ 'ਮ੍ਰਿਗੇਸ਼', ਸਤਿਗੁਰੂ ਜੀ ਦੀ ਇਸ ਵੇਦਨਾ ਨੂੰ ਆਪਣੇ ਸ਼ਬਦਾਂ ਵਿਚ ਇਉਂ ਪ੍ਰਗਟ ਕਰਦੇ ਹਨ:-

"ਮੈਨੂੰ ਇਕ ਦੁੱਖ ਵਿਛੋੜੇ ਦਾ,
ਸੰਗਤ ਦਾ ਦਰਸ਼ ਨਸੀਬ ਨਹੀਂ।
ਮੇਰੇ ਦੁੱਖ ਦਾ ਦਾਰੂ ਸੰਗਤ ਹੈ,
ਅੱਜ ਮਿਲਦੇ ਵੀਰ ਹਬੀਬ ਨਹੀਂ।
ਜਿਸ ਡਿਠਿਆਂ ਤਨ ਮਨ ਸ਼ਾਦ ਹੋਏ,
ਸੁਖ ਸੋਮੇ ਮਿਲਣ ਤਬੀਬ ਨਹੀਂ।
ਜਿਹਨੂੰ ਦਰਸ਼ ਨਹੀਂ ਅੱਜ ਸੰਗਤ ਦਾ,
ਕੋਈ ਮੇਰੇ ਜਿਹਾ ਗਰੀਬ ਨਹੀਂ।"

ਸਤਿਗੁਰੂ ਜੀ ਦੇ ਲਖੂਖਾਂ ਦਰਸ ਪਿਆਸਿਆਂ ਵਿਚੋਂ ਫਰੀਦਕੋਟ ਤੋਂ, ਤਿੰਨ ਕੋਹ ਦੇ ਫਾਸਲੇ ਤੇ ਵੱਸਦੇ, ਪਿੰਡ ਭਾਣਾ ਦਾ ਇਕ ਨਾਮਧਾਰੀ ਸਿੰਘ, ਭਾਈ ਹਰਨਾਮ ਸਿੰਘ ਅਤੇ ਉਸਦੇ ਘਰੋਂ ਬੀਬੀ ਚੰਦ ਕੌਰ ਉਰਫ ਚੰਦੋ ਜੀ ਸਨ। ਸਤਿਗੁਰੂ ਜੀ ਦੇ ਪਰਦੇਸ ਗਵਨ ਬਾਅਦ ਉਹਨਾਂ ਦੀ ਮਾਨਸਿਕ ਸਥਿਤੀ ਨੂੰ, ਕਵੀ ਹਾਸ਼ਮ ਦੇ ਇਸ ਚੌਬਰਗੇ ਨਾਲ ਤੁਲਨਾਇਆ ਜਾ ਸਕਦਾ ਹੈ :-

"ਚੰਦਾ ਚਮਕ ਵਿਖਾਲ ਨਾ ਸਾਨੂੰ,
ਅਤੇ ਨਾ ਕਰ ਮਾਣ ਵਧੇਰਾ।
ਤੈਂ ਜੇਹੇ ਲੱਖ ਚੜ੍ਹਨ ਅਸਾਨੂੰ,
ਪਰ ਸੱਜਣਾਂ ਬਾਝ ਹਨੇਰਾ।
ਜਿਸ ਡਿੱਠਿਆਂ ਦਿਨ ਰੋਸ਼ਨ ਹੋਵੇ,
ਉਹ ਹੁਸਨ ਨਹੀਂ ਅੱਜ ਤੇਰਾ।
ਹਾਸ਼ਮ ਸਾਂਝ ਤੁਸਾਡੇ ਦਮ ਦੀ,
ਹੋਰ ਵੱਸਦਾ ਮੁਲਖ ਬਥੇਰਾ।"

ਸ੍ਰੀ ਸਤਿਗੁਰੂ ਜੀ ਦੀ ਜਲਾਵਤਨੀ ਸਮੇਂ ਸਰਕਾਰ ਦੀ ਪੂਰੀ ਕੋਸ਼ਿਸ਼ ਸੀ ਕਿ ਆਪ ਦੇ ਨਵੇਂ ਟਿਕਾਣੇ ਦਾ, ਪਹਿਲਾਂ ਤਾਂ ਕੂਕਿਆਂ ਨੂੰ ਪਤਾ ਹੀ ਨਾ ਲੱਗੇ ਅਤੇ ਜੇ ਪਤਾ ਕਿਸੇ ਤਰ੍ਹਾਂ ਲੱਗ ਜਾਵੇ ਤਾਂ ਫਿਰ ਆਪ ਉਹਨਾਂ ਨਾਲ ਬੋਲਚਾਲ ਕੇ ਜਾਂ ਪੱਤਰ ਵਿਹਾਰ ਦੁਆਰਾ ਛੋਟਾ ਮੋਟਾ ਸੰਪਰਕ ਨਾ ਸਾਧ ਸੱਕਣ। ਸਰਕਾਰ ਸਮਝਦੀ ਸੀ ਕਿ ਜਦੋਂ ਤੱਕ ਕੂਕਾ ਅੰਦੋਲਨ ਨਾਲ ਸਬੰਧਿਤ ਸਾਰੇ ਆਗੂਆਂ ਨੂੰ, ਸਤਿਗੁਰੂ ਜੀ ਸਮੇਤ ਦੇਸ਼ ਤੋਂ ਬਾਹਰ ਨਹੀਂ ਭੇਜਿਆ ਜਾਂਦਾ, ਅਸੀਂ ਮੁਲਕ ਉਤੇ ਟਿਕ ਕੇ ਰਾਜ ਨਹੀਂ ਕਰ ਸੱਕਾਂਗੇ। ਬਗਾਵਤ ਦੀਆਂ ਲਹਿਰਾਂ ਉਠਦੀਆਂ ਰਹਿਣਗੀਆਂ। ਇਸ ਲਈ ਸਤਿਗੁਰੂ ਰਾਮ ਸਿੰਘ ਜੀ ਦਾ ਉਹਨਾਂ ਦੇ ਪੈਰੋਕਾਰਾਂ ਨਾਲੋਂ ਸਬੰਧ ਤੋੜਨਾ ਲਾਜ਼ਮੀ ਹੈ।

ਇਸ ਸਮੇਂ ਦੌਰਾਨ ਜਦੋਂ ਸਤਿਗੁਰੂ ਜੀ, ੧੮ ਜਨਵਰੀ



Namdhari Elibrary NamdhariElibrary@gmail.com

੧੮੭੨ ਦੀ ਵੱਡੀ ਸਵੇਰ ਵੇਲੇ, ਲੁਧਿਆਣੇ ਤੋਂ ਅਲਾਹਬਾਦ ਵੱਲ ਰੇਲ ਦੁਆਰਾ ਰਵਾਨਾ ਕੀਤੇ ਗਏ ਅਤੇ ੫੦ ਕੁ ਦਿਨ ਅਲਾਹਬਾਦ ਰੱਖਣ ਬਾਦ, ਰੰਗੂਨ ਪੁਚਾ ਦਿੱਤੇ ਗਏ ਤਾਂ ਅਗਲੇ ਢਾਈ ਤਿੰਨ ਸਾਲ, ਨਾਮਧਾਰੀ ਸਿੰਘਾਂ ਲਈ, ਸਤਿਗੁਰੂ ਜੀ ਦੀ, ਭਾਲ ਵਿਚ ਤਰ੍ਹਾਂ ਤਰ੍ਹਾਂ ਦੇ ਉਪਰਾਲੇ ਕਰਦਿਆਂ ਬਤੀਤ ਹੋਏ। ਬੇਸ਼ਕ ਸਭ ਤੋਂ ਪਹਿਲਾਂ ਸਤਿਗੁਰੂ ਜੀ ਦੇ ਰੰਗੂਨ ਵਿਚ ਦਰਸਨ ਪਰਸਨ ਦਾ ਸੁਭਾਗ, ਉਸ ਸਮੇਂ ਦੇ ਇਕ ਮੁਖੀ ਕੂਕਾ ਬਾਬਾ ਦਰਬਾਰਾ ਸਿੰਘ ਰਾਇਪੁਰ ਨੂੰ, ਦਿਸੰਬਰ ੧੮੭੪ ਜਾਂ ਜਨਵਰੀ ੧੮੭੫ ਈ. ਵਿਚ ਹਾਸਲ ਹੋਇਆ। ਪਰੰਤੂ ਸਤਿਗੁਰੂ ਜੀ ਦੀ ਖੋਜ ਵਿਚ ਜੁੱਟ ਕੇ ਉਹਨਾਂ ਦੀ 'ਖ਼ਬਰ-ਸੁਖ' ਲਿਆਉਣ ਦਾ ਕਾਰਜ ਅਰੰਭਣ ਵਾਲਾ, ਭਾਣਾ (ਫਰੀਦਕੋਟ ਰਿਆਸਤ) ਦਾ ਭਾਈ ਹਰਨਾਮ ਸਿੰਘ ਹੈ। ਉਹਨੇ ਇਹ ਕੰਮ ੧੮੭੪ ਈ. ਦੇ ਅਕਤੂਬਰ ਨਵੰਬਰ ਮਹੀਨੇ ਵਿਚ ਸ਼ੁਰੂ ਕਰ ਦਿੱਤਾ ਸੀ। ਕਿਉਂਕਿ ਪੰਜਾਬ ਸਰਕਾਰ ਨੂੰ, ਉਸ ਸਮੇਂ ਤੱਕ ਸਤਿਗੁਰੂ ਜੀ ਨਾਲ ਉਹਨਾਂ ਦੇ ਸਿੱਖਾਂ ਦੁਆਰਾ ਮੁਲਾਕਾਤਾਂ ਨਾ ਕਰ ਸਕਣ, ਇੱਥੋਂ ਤੱਕ ਕਿ ਡਾਕ ਦੁਆਰਾ ਵੀ ਆਪ ਦੇ ਨਾਮ ਜਾਂ ਆਪ ਦੁਆਰਾ ਲਿਖੇ ਪੱਤਰ, ਨਿਸ਼ਚਿਤ ਸਥਾਨ ਤੇ ਨਾ ਪਹੁੰਚਾਏ ਜਾਣ ਦੇ, ਆਦੇਸ਼ ਦਿੱਤੇ ਜਾ ਚੁੱਕੇ ਸਨ, ਫਿਰ ਵੀ ਭਾਈ ਹਰਨਾਮ ਸਿੰਘ ਹੋਰਾਂ ਦੇ ਮੁਆਮਲੇ ਵਿਚ ਸਬੰਧਿਤ ਅਧਿਕਾਰੀ ਜਾਂ ਤਾਂ ਟਪਲਾ ਖਾ ਗਿਆ ਅਤੇ ਜਾਂ ਉਸਨੇ ਸੋਚਿਆ ਹੋਵੇਗਾ ਕਿ ਮੈਂ ਇਹਨੂੰ ਰੰਗੂਨ ਭੇਜ ਦਿੰਦਾ ਹਾਂ, ਆਪੇ ਰੰਗੂਨ ਵਾਲੇ ਉਧਰੋਂ ਇਹਨੂੰ ਖੱਜਲ ਖੁਆਰ ਹੋਣ ਬਾਦ ਵਾਪਸ ਮੋੜ ਦੇਣਗੇ। ਬ੍ਰਿਟਿਸ਼ ਬਰਮਾ ਦੇ ਇੰਨਸਪੈਕਟਰ ਜਨਰਲ ਪੁਲੀਸ ਦਾ ੨੪ ਅਪਰੈਲ ੧੮੭੫ ਨੂੰ, ਰੰਗੂਨ ਤੋਂ ਹਿੰਦ ਦੀ ਹਕੂਮਤ ਨੂੰ ਇਹ ਪੱਤਰ ਗਿਆ : "ਪਿਛਲੇ ਹਫਤੇ ਇੱਥੇ ਪੁੱਜਣ ਵਾਲੇ ਸਮੁੰਦਰੀ ਜਹਾਜ ਵਿਚ (ਜੋ ਭਾਪ ਨਾਲ ਚੱਲਦਾ ਹੈ), ਪੰਜਾਬ ਤੋਂ ਦੋ ਵਿਅਕਤੀ ਜਿਹਨਾਂ ਦਾ ਨਾਮ ਹਰਨਾਮ ਸਿੰਘ ਅਤੇ ਚੰਦੋ ਹੈ, ਜੋ ਪਤੀ ਪਤਨੀ ਹਨ, ਕੂਕਾ ਸ਼ਾਹੀ ਕੈਦੀ (ਸਤਿਗੁਰੂ) ਰਾਮ ਸਿੰਘ ਨੂੰ ਮਿਲਣ ਵਾਸਤੇ ਆਏ ਹਨ। ਉਹਨਾਂ ਪਾਸ ਪੰਜਾਬ ਸਰਕਾਰ ਦੇ ਐਕਸਟਰਾ ਅਸਿਸਟੈਂਟ ਕਮਿਸ਼ਨਰ ਦੀ ਮੋਹਰ ਅਤੇ ਫ਼ਾਰਸੀ ਅੱਖਰਾਂ ਵਿਚ ਦਸਤਖ਼ਤਾਂ ਵਾਲਾ, ਉਰਦੂ ਵਿਚ ਲਿਖਿਆ ਇਕ ਪਰਵਾਨਾ ਹੈ, ਜਿਸਦੀ ਬਿਨਾ ਤੇ ਉਹ ਸ਼ਾਹੀ ਕੈਦੀ ਨਾਲ ਮੁਲਾਕਾਤ ਦੇ ਅਧਿਕਾਰੀ ਹੋਣਾ ਦੱਸਦੇ ਹਨ। ਇਹ ਕਾਗਜ਼ ਭਾਵ ਪਰਵਾਨਾ ਅਤੇ ਇਕ ਹੋਰ, ਭਾਰਤ ਸਰਕਾਰ ਨੂੰ ਭੇਜ ਦਿੱਤੇ ਗਏ ਹਨ ਕਿਉਂ ਜੁ ਇਹ ਬੜੇ ਸ਼ੱਕੀ ਮਾਲੂਮ ਹੁੰਦੇ ਹਨ ਅਤੇ ਜੇ ਅਸਲੀ ਵੀ ਹੋਣ ਤਾਂ ਕਿਸੇ ਝੂਠੇ ਬਹਾਨੇ ਹੇਠ, ਪ੍ਰਾਪਤ ਕੀਤੇ ਗਏ ਹਨ। ਇਹ ਦੰਪਤੀ ਆਪਣੇ ਆਪ ਨੂੰ, ਫਰੀਦਪੁਰ ਜਾਂ ਫਰੀਦਕੋਟ, ਜੋ ਫੀਰੋਜ਼ਪੁਰ ਦੇ ਪਾਸ ਹੈ ਤੋਂ ਆਏ ਦੱਸਦੇ ਹਨ। ਇਹਨਾਂ ਦਾ ਮਕਸਦ ਇਕ ਮਾਤਰ ਆਪਣੇ ਗੁਰੂ ਦੇ ਦਰਸ਼ਨ ਕਰਨਾ ਹੈ, ਅਤੇ ਉਸ ਨੂੰ ਇਕ ਜੁੱਤੀਆਂ ਦਾ ਜੋੜਾ, ਮਾਲਾ ਅਤੇ ਕੁਝ ਬਸਤਰ ਭੇਟ ਕਰਨੇ ਚਾਹੁੰਦੇ ਹਨ। ਉਹਨਾਂ ਦੇ ਪਾਸ ਦੋ ਸੌ ਰੁਪੈ ਦੀ ਰਕਮ ਹੈ। ਉਹ ਇਹ ਵੀ ਕਹਿੰਦੇ ਹਨ ਕਿ ਇੱਥੇ ਤੱਕ ਪਹੁੰਚਣ ਲਈ ਸਫਰ ਖਰਚ ਵਜੋਂ ਉਹ ਕਾਫੀ ਵੱਡੀ ਰਕਮ ਖਰਚ ਕਰ ਬੈਠੇ ਹਨ।

"ਹਰਨਾਮ ਸਿੰਘ ਜਿਸ ਦਾ ਕੱਦ ੫ ਫੁੱਟ ੯ ਇੰਚ ਅਤੇ ਉਮਰ ੪੨ ਸਾਲ ਹੈ, ਛੋਟੀ ਦਾਹੜੀ ਹੈ, ਉਸ ਦੀ ਦਿੱਖ ਇਕ ਸਾਦਾ ਵਿਅਕਤੀ ਦੀ ਹੈ, ਹਿੰਦੁਸਤਾਨੀ ਬੋਲ ਸਕਦਾ ਹੈ ਭਾਵੇਂ ਇਸ ਵਿਚ ਉਸਨੂੰ ਮੁਹਾਰਤ ਹਾਸਲ ਨਹੀਂ ਹੋਈ ਅਤੇ ਵਿਚੇ ਵਿਚ ਪੰਜਾਬੀ ਵੀ ਬੋਲਣ ਲੱਗ ਪੈਂਦਾ ਹੈ। ਸੱਜੀ ਅੱਖ ਦੇ ਡੇਢ ਇੰਚ ਹੇਠਾਂ ਇਕ ਛੋਟਾ ਕਾਲਾ ਜਿਹਾ ਨਿਸ਼ਾਨ ਹੈ, ਜੋ ਬਹੁਤਾ ਉੱਘੜਵਾਂ ਨਹੀਂ। ਉਸ ਦੀ ਪਤਨੀ, ਮੁੜੇ ਹੋਏ ਨੱਕ ਵਾਲੀ ਇਕ ਬਦਸ਼ਕਲ ਜਿਹੀ ਜੰਤੂ, ਜੋ ਇਕ ਪਤਲੀ ਕਾਇਆ ਵਾਲੀ ਔਰਤ ਹੈ, ਜਿਸ ਦੇ ਸੱਜੇ ਹੱਥ ਦੇ ਛੱਪਰ ਤੇ ਇਕ ਵੱਡਾ ਚਿੰਨ੍ਹ ਹੈ।

"ਇਹ ਪੱਕਾ ਫੈਸਲਾ ਕਰ ਲਿਆ ਗਿਆ ਸੀ ਕਿ ਇਸ ਜੋੜੇ ਨੂੰ ਕਲਕੱਤੇ ਵਾਪਸ ਭੇਜ ਦਿੱਤਾ ਜਾਏਗਾ ਪਰ ਜਦੋਂ ਉਹਨਾਂ ਨੂੰ ਮੇਰੇ ਦਫਤਰ ਵਿਚ ਬੁਲਾਇਆ ਗਿਆ ਤਾਂ ਸਾਨੂੰ ਇੰਜ ਕਰਨ ਦੀ ਜ਼ਹਿਮਤ ਨਹੀਂ ਉਠਾਉਣੀ ਪਈ। ਬੰਦੇ ਨੇ ਮੈਨੂੰ ਇਕ ਰਾਹਦਾਰੀ ਵਿਖਾਈ ਕਿ ਉਹ ਹਿੰਦੁਸਤਾਨ ਵਾਪਸ ਜਾ ਰਿਹਾ ਹੈ ਅਤੇ ਇਹ ਹੁਕਮ ਚਾਹੁੰਦਾ ਹੈ ਕਿ ਰਸਤੇ ਵਿਚ ਉਸਨੂੰ, ਕੋਈ ਰੋਕ-ਟੋਕ ਨਾ ਹੋਵੇ। ਮੈਂ ਉਸਨੂੰ ਦੱਸਿਆ ਕਿ ਮੈਂ ਮੁਹੰਮਦ ਸਾਹਿਬ ਨਾਂ ਦਾ ਇਕ ਸਿਪਾਹੀ, ਉਸ ਦੇ ਨਾਲ ਭੇਜ ਰਿਹਾ ਹਾਂ ਅਤੇ ਉਹ ਕਲਕੱਤੇ ਪੁੱਜ ਕੇ ਤੁਹਾਡੇ ਦਫਤਰ (ਇੰਸਪੈਕਟਰ ਜਨਰਲ, ਪੁਲੀਸ ਕਲਕੱਤਾ) ਨਾਲ ਅਗਲੇ ਹੁਕਮਾਂ ਲਈ ਲਾਜ਼ਮੀ ਰਾਬਤਾ ਕਰੇ। ਇਹ ਇਸ ਲਈ ਕੀਤਾ ਗਿਆ ਹੈ ਕਿ ਤੁਸੀਂ ਇਸ ਜੋੜੇ ਨੂੰ, ਆਪਣੀ ਨਿਗਰਾਨੀ ਵਿਚ ਰੱਖਣਾ ਹੈ ਕਿਉਂਕਿ ਹਿੰਦ ਸਰਕਾਰ ਵਲੋਂ, ਉਹਨਾਂ ਬਾਰੇ ਆਉਣ ਵਾਲੇ ਆਦੇਸ਼ ਤੋਂ ਪਹਿਲਾਂ ਹੀ, ਉਹ ਇਧਰ ਉਧਰ ਨਾ ਹੋ ਜਾਣ। ਆਦੇਸ਼ ਕੋਈ ਸ਼ੱਕ ਨਹੀਂ ਤੁਹਾਨੂੰ ਸਿੱਧਾ ਹੀ ਪਹੁੰਚਾਇਆ ਜਾਏਗਾ।...

ਇਸ ਪੱਤਰ ਦੇ ਹੇਠਾਂ ਦਸਤਾਵੇਜ਼ਾਂ ਵਿਚ ਦਰਜ ਹੈ :-

"ਹਿੰਦ ਸਰਕਾਰ ਦੇ ਇਸ ਬਾਰੇ ਆਦੇਸ਼ ਬੜੇ ਸਾਫ ਅਤੇ ਸਪਸ਼ਟ ਹਨ ਕਿ ਕਿਸੇ ਵੀ ਅਣ-ਅਧਿਕਾਰਿਤ ਵਿਅਕਤੀ ਨੂੰ ਸ਼ਾਹੀ ਕੈਦੀ ਨਾਲ ਕਿਸੇ ਤਰ੍ਹਾਂ ਦੀ ਵੀ ਬਾਤਚੀਤ ਕਰਨ ਜਾਂ ਪੱਤਰ ਵਿਹਾਰ ਦੀ ਆਗਿਆ ਨਹੀਂ ਹੈ।"[3]



Namdhari Elibrary NamdhariElibrary@gmail.com

ਉਪਰੋਕਤ ਪੱਤਰ ਤੋਂ ਇਕ ਦਿਨ ਪਹਿਲਾਂ ਹੀ ਭਾਵ ੨੩ ਅਪਰੈਲ, ੧੮੭੫ ਨੂੰ ਲੈਫਟੀਨੈਂਟ ਕਰਨਲ ਐਚ. ਟੀ. ਡੰਕਨ, ਚੀਫ ਕਮਿਸ਼ਨਰ ਬਰ੍ਹਮਾ ਦੇ ਕਾਰਜਕਾਰੀ ਸਕੱਤਰ ਨੇ, ਸਕੱਤਰ, ਗ੍ਰਹਿ ਮੰਤਰਾਲਾ ਹਿੰਦ ਸਰਕਾਰ ਨੂੰ, ਲਿਖੇ ਪੱਤਰ ਵਿਚ ਦੱਸਿਆ ਕਿ ਇਸੇ ੧੯ ਅਪਰੈਲ ਨੂੰ ਦੋ ਵਿਅਕਤੀ ਹਰਨਾਮ ਸਿੰਘ ਅਤੇ ਸ੍ਰੀਮਤੀ ਚੰਦੋ ਕਲਕੱਤੇ ਤੋਂ ਇੱਥੇ ਪੁੱਜੇ ਹਨ। ਉਹਨਾਂ ਨੇ ਇਕ ਕਾਗਜ਼ 'ਏ' ਜੋ ਕਿ ਇਕ ਪਰਵਾਨਾ ਪੰਜਾਬ ਸਰਕਾਰ ਵਲੋਂ ਸੀ, ਜੋ ਇਹ ਸੂਚਿਤ ਕਰਦਾ ਸੀ ਕਿ (ਸਤਿਗੁਰੂ) ਰਾਮ ਸਿੰਘ ਰੰਗੂਨ ਵਿਚ ਹਨ ਅਤੇ ਉਹਨਾਂ ਨਾਲ ਭੇਟ ਕਰਨ ਲਈ ਉਹ ਰੰਗੂਨ ਵਿਖੇ ਹੀ ਬਿਨੈ ਪੱਤਰ ਦੇਣ।

(2) ਇਹਨਾਂ ਵਿਅਕਤੀਆਂ ਨੂੰ ਦੱਸ ਦਿੱਤਾ ਗਿਆ ਸੀ ਕਿ ਉਹ (ਸਤਿਗੁਰੂ) ਰਾਮ ਸਿੰਘ ਨਾਲ ਮੁਲਾਕਾਤ ਨਹੀਂ ਕਰ ਸੱਕਦੇ ਅਤੇ ਉਹਨਾਂ ਨੂੰ ਤੁਰੰਤ ਪੁਲਿਸ ਹਿਰਾਸਤ ਵਿਚ ਲੈ ਲਿਆ ਗਿਆ ਹੈ ਅਤੇ ਇਸੇ ੨੫ ਨੂੰ ਇਕ ਸਟੀਮਰ ਦੁਆਰਾ, ਉਹਨਾਂ ਨੂੰ ਇਕ ਪੁਲੀਸ ਵਾਲੇ ਦੀ ਨਿਗਰਾਨੀ ਹੇਠ, ਕਲਕੱਤੇ ਭੇਜ ਕੇ, ਕਲਕੱਤੇ ਦੇ ਪੁਲੀਸ ਕਮਿਸ਼ਨਰ ਨੂੰ ਉਹਨਾਂ ਬਾਰੇ ਸੂਚਿਤ ਕੀਤਾ ਜਾਏਗਾ।

(3) ਮੈਂ ਚਾਹੁੰਦਾ ਹਾਂ ਕਿ ਪਰਵਾਨਾ ਜੋ ਇਹ ਵਿਅਕਤੀ ਲਿਆਏ ਹਨ, ਇਹਨਾਂ ਦੇ ਕਾਗਜਾਂ ਦੇ ਨਾਲ ਹੀ ਭੇਜਿਆ ਜਾਵੇ ਅਤੇ ਇਹ ਸੁਝਾਉ ਦਿੰਦਾ ਹਾਂ ਕਿ ਜੇ ਇਹ ਦਸਤਾਵੇਜ਼ ਅਸਲੀ ਹੈ ਤਾਂ ਜਾਂਚ ਕੀਤੀ ਜਾਵੇ ਕਿ ਕਿਹੜੇ ਹਾਲਾਤ ਵਿਚ ਇਹ ਹੁਕਮ ਦਿੱਤਾ ਗਿਆ ਹੈ। ਇੱਥੋਂ ਦੇ ਪਰਸ਼ਾਸਨ ਨੂੰ ਤਾਂ ਇਹ ਹਦਾਇਤ ਕੀਤੀ ਗਈ ਹੈ ਕਿ (ਸਤਿਗੁਰੂ) ਰਾਮ ਸਿੰਘ ਅਤੇ ਪੰਜਾਬ ਵਿਚੋਂ ਆਉਣ ਵਾਲੇ ਵਿਅਕਤੀਆਂ ਵਿਚਾਲੇ ਕੋਈ ਸੰਪਰਕ ਨਾ ਹੋਣ ਦਿੱਤਾ ਜਾਵੇ ਪ੍ਰੰਤੂ ਇਸ ਵਿਚ ਬੜੀ ਮੁਸ਼ਕਿਲ ਆਏਗੀ, ਜੇਕਰ ਜਿਹੜੇ ਉਹਨਾਂ ਨੂੰ ਮਿਲਣਾ ਚਾਹੁੰਦੇ ਹਨ ਉਹਨਾਂ ਨੂੰ (ਪੰਜਾਬ ਸਰਕਾਰ) ਰੰਗੂਨ ਦਾ ਰਾਹ ਵਿਖਾ ਦੇਵੇ।

(4) ਵਰਤਮਾਨ ਵਿਅਕਤੀ ਇਕ ਜੁੱਤੀਆਂ ਦਾ ਜੋੜਾ, ਕੁਝ ਮੁੜੀਆਂ ਤਰੁੜੀਆਂ (ਉੱਨ ਦੀਆਂ) ਮਾਲਾਵਾਂ, ਕੁਝ ਹੋਰ ਛੋਟੀਆਂ ਮੋਟੀਆਂ ਵਸਤਾਂ ਅਤੇ ਨਕਦ ਤਿੰਨ ਸੌ ਰੁਪੈ ਲਿਆਏ ਸਨ ਜੋ ਉਹ (ਸਤਿਗੁਰੂ) ਰਾਮ ਸਿੰਘ ਨੂੰ ਭੇਟ ਕਰਨਾ ਚਾਹੁੰਦੇ ਸਨ। ਜਦੋਂ ਅਜੇਹਾ ਕਰਨ ਦੀ ਉਹਨਾਂ ਨੂੰ ਆਗਿਆ ਨਾ ਦਿੱਤੀ ਗਈ ਤਾਂ ਉਹਨਾਂ ਨੇ ਇਹ ਸ਼ਕਾਇਤ ਕੀਤੀ ਕਿ ਉਹਨਾਂ ਨੂੰ ਬਿਨਾਂ ਵਜਹ ਇਸ ਭਾਰੀ ਖਰਚੇ ਅਤੇ ਲੰਮੇ ਸਫਰ ਦਾ ਜੋਖਮ ਕਿਉਂ ਉਠਾਉਣ ਦਿੱਤਾ (ਜੇ ਉਹਨਾਂ ਨੂੰ ਆਪਣੇ ਸਤਿਗੁਰੂ ਜੀ ਦੇ ਦਰਸ਼ਨ ਪਰਸਨ ਨਹੀਂ ਸਨ ਦੇਣੇ ਤਾਂ)"।[4]

ਫਿਰ ੩੦ ਅਪਰੈਲ ੧੮੭੫ ਨੂੰ ਹਿੰਦ ਸਰਕਾਰ ਦੇ ਵਿਦੇਸ਼ ਸਕੱਤਰ, ਸ਼ਿਮਲਾ ਨੂੰ ਇਹ ਤਾਰ ਭੇਜੀ ਗਈ : "ਹਰਨਾਮ ਸਿੰਘ ਪੰਜਾਬੀ ਅਤੇ ਉਸਦੀ ਪਤਨੀ ਚੰਦੋ (ਸਤਿਗੁਰੂ) ਰਾਮ ਸਿੰਘ ਕੂਕਾ ਸ਼ਾਹੀ ਕੈਦੀ ਨਾਲ ਮੁਲਾਕਾਤ ਕਰਨ ਵਾਸਤੇ ਰੰਗੂਨ ਪੁੱਜੇ। ਪੰਜਾਬ ਸਰਕਾਰ ਦੀ ਮੋਹਰ ਵਾਲੀ ਫ਼ਾਰਸੀ ਅੱਖਰਾਂ ਵਾਲੀ, ਹੁਕਮ ਦੀ ਲਿਖਤ, ਪੇਸ਼ ਕੀਤੀ। ਬਰ੍ਹਮਾ ਪੁਲੀਸ ਨੇ ਇਹ ਹੁਕਮ ਜਾਅਲੀ ਸਮਝਿਆ ਅਤੇ ਪੰਜਾਬੀ ਅਤੇ ਉਸਦੀ ਪਤਨੀ ਨੂੰ ਹਿਰਾਸਤ ਵਿਚ ਰੱਖਣ ਲਈ ਇੱਥੇ (ਕਲਕੱਤਾ ਪੁਲਿਸ ਕਮਿਸ਼ਨਰ ਪਾਸ) ਭੇਜ ਦਿੱਤਾ ਹੈ ਜਦੋਂ ਤੱਕ ਉਪਰੋਂ ਹਦਾਇਤ, ਅੱਗੇ ਬਾਰੇ ਨਹੀਂ ਆਉਂਦੀ। ਕਾਗਜ਼ ਸਿੱਧੇ ਵੀ ਬਰ੍ਹਮਾ ਤੋਂ ਤੁਹਾਡੇ ਪਾਸ ਪੁੱਜ ਜਾਣਗੇ। ਤੁਹਾਡੀਆਂ ਹਦਾਇਤਾਂ ਉਡੀਕੀਆਂ ਜਾ ਰਹੀਆਂ ਹਨ।"[5]

ਕਲਕੱਤੇ ਪੁਲੀਸ ਦਫਤਰ ਵਿਚ, ਭਾਈ ਹਰਨਾਮ ਸਿੰਘ ਹੋਰਾਂ ੧ ਮਈ ੧੮੭੫ ਨੂੰ ਨਿਮਨ ਲਿਖਿਤ ਬਿਆਨ ਦਿੱਤਾ : "ਮੈਂ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੂੰ, ਛੇ ਮਹੀਨੇ ਪਹਿਲਾਂ, ਇਕ ਪੱਤਰ ਇਸ ਪ੍ਰਥਾਇ ਦਿੱਤਾ ਕਿ ਮੈਨੂੰ ਰੰਗੂਨ ਜਾ ਕੇ ਆਪਣੇ ਗੁਰੂ ਦੇ ਦਰਸ਼ਨ ਕਰਨ ਦੀ ਆਗਿਆ ਦਿੱਤੀ ਜਾਵੇ। ਇਸ ਦਾ ਜੁਆਬ ਮੈਨੂੰ ਡਾਕ ਦੁਆਰਾ ਮਿਲ ਗਿਆ। ਇਸ ਤੇ ਸਰਕਾਰ ਦੀ ਮੋਹਰ ਲੱਗੀ ਸੀ-ਜਿਸਦਾ ਮਤਲਬ ਸੀ ਕਿ ਮੈਂ ਰੰਗੂਨ ਜਾ ਕੇ ਉੱਥੇ ਵਾਲੇ ਸਾਹਿਬ ਤੋਂ ਗੁਰੂ ਸਾਹਿਬ ਦੇ ਦਰਸ਼ਨਾਂ ਦੀ ਇਜਾਜ਼ਤ ਲੈ ਸੱਕਦਾ ਹਾਂ। ਇਕ ਮਹੀਨਾ ਪਹਿਲਾਂ ਮੈਂ ਆਪਣੇ ਘਰੋਂ ਨਿਕਲ ਆਇਆ। ਰੇਲ ਦੁਆਰਾ ਕਲਕੱਤੇ ਅਤੇ ਇੱਥੋਂ ਸਮੁੰਦਰੀ ਜਹਾਜ ਦੁਆਰਾ ਰੰਗੂਨ ਪੁੱਜੇ। ਰੰਗੂਨ ਮੈਂ ਆਪਣੇ ਵਾਲਾ ਪੱਤਰ ਕਈ ਯੋਰਪੀਨ ਭਲੇਮਾਨਸਾਂ ਨੂੰ ਵਿਖਾਇਆ। ਜਿਹਨਾਂ ਨੂੰ ਮੈਂ ਮਿਲਿਆ, ਉਹਨਾਂ ਵਿਚੋਂ ਇਕ ਨੇ ਕਿਹਾ ਕਿ ਤੂੰ 'ਜਿਹਲ-ਸਾਹਿਬ' ਨੂੰ ਮਿਲ। ਇਸ ਸਾਹਿਬ ਨੇ ਮੈਨੂੰ ਕਲੈਕਟਰ ਸਾਹਿਬ ਪਾਸ ਭੇਜਿਆ ਅਤੇ ਉਹਨਾਂ ਨੇ ਮੈਨੂੰ (ਸਮੇਤ ਸਿੰਘਣੀ) ਵਾਪਸ ਦੇਸ ਨੂੰ ਭੇਜ ਦਿੱਤਾ।"[6]

ਜ਼ਾਹਿਰ ਹੈ ਕਿ ਭਾਈ ਹਰਨਾਮ ਸਿੰਘ ਹੋਰਾਂ ਦੇ ਬਿਆਨਾਂ ਨੂੰ ਵੀ ਕੁਝ ਤੋੜ ਮਰੋੜ ਕੇ ਲਿਖਿਆ ਗਿਆ ਹੈ। ਨਾਮਧਾਰੀ ਸਰੋਤਾਂ ਮੁਤਾਬਿਕ ਸਤਿਗੁਰੂ ਰਾਮ ਸਿੰਘ ਜੀ ਦੀ ਰੰਗੂਨ ਵਿਖੇ ਹੋਣ ਦੀ ਸੂਹ, ਵਾਰਬਰਟਨ, ਪੁਲਿਸ ਕਪਤਾਨ ਲੁਧਿਆਣਾ ਦੀ ਮੇਮ ਤੋਂ, ਬਾਬਾ ਦਰਬਾਰਾ ਸਿੰਘ ਹੋਰਾਂ ਨੇ ਕੱਢੀ ਸੀ। ਭਾਈ ਹਰਨਾਮ ਸਿੰਘ ਆਪਣੇ ਤੌਰ ਤੇ ਹੀ ਲਾਹੌਰ ਜਾ ਕੇ ਅਰਜ਼ੀ ਪਾਉਂਦੇ ਹਨ ਕਿ ਜਿੱਥੇ ਵੀ ਉਹਨਾਂ ਦੇ ਸਤਿਗੁਰੂ ਸਾਹਿਬ ਹਨ, ਉੱਥੇ ਪੁੱਜ ਕੇ, ਉਸਨੂੰ ਉਹਨਾਂ ਦੇ ਦਰਸ਼ਨ ਕਰਨ ਦੀ ਆਗਿਆ ਦਿੱਤੀ ਜਾਵੇ। ਲਾਹੌਰ ਵਾਲੇ ਉਹਨਾਂ ਨੂੰ ਰੰਗੂਨ ਜਾ ਕੇ ਦਰਸ਼ਨ ਕਰਨ ਬਾਰੇ ਪਰਵਾਨਾ ਦੇ ਤਾਂ ਬੈਠੇ ਹਨ ਪਰ ਬਾਅਦ ਵਿਚ ਇਹ ਸੋਚ ਕੇ ਕਿ ਬ੍ਰਿਟਿਸ਼ ਹਿੰਦ ਵਿਚ, ਤਾਜ



Namdhari Elibrary NamdhariElibrary@gmail.com

ਬਰਤਾਨੀਆ ਲਈ ਸਭ ਤੋਂ ਖ਼ਤਰਨਾਕ ਵਿਅਕਤੀ ਕਿੱਥੇ ਹੈ, ਇਸਦੀ ਸੂਹ ਦੇ ਕੇ, ਮੁਲਾਕਾਤ ਲਈ ਪਰਵਾਨਾ ਦੇ ਬੈਠੇ ਹਨ। ਹੁਣ ਉਹਨਾਂ ਨੂੰ ਆਪਣੀ ਜੀਭ ਮਲਣੀ ਪੈ ਰਹੀ ਹੈ। ਇਸ ਖੱਪੇ ਨੂੰ ਸਰਕਾਰੀ ਰੀਕਾਰਡ ਵਿਚ ਜੇ. ਐਚ. ਥੌਰਨਟੋਨ, ਸਕੱਤਰ, ਪੰਜਾਬ ਸਰਕਾਰ ਦੀ, ਸਰਕਾਰ ਹਿੰਦ ਦੇ ਗ੍ਰਹਿ ਵਿਭਾਗ ਦੇ ਸਕੱਤਰ ਦੇ ਨਾਂ, ਮਈ ਤੋਂ ੧੫ ਮਈ ੧੮੭੫ ਦੀ ਚਿੱਠੀ ਵਿਚ ਇਉਂ ਕੱਜਿਆ ਗਿਆ ਹੈ :-

"ਮੈਨੂੰ ਕਿਹਾ ਗਿਆ ਹੈ ਕਿ ਤੁਹਾਡੇ ੫ ਮਈ ਦੇ ਪ੍ਰਾਪਤੀ ਵਾਲੇ ਨੋਟ ਸਮੇਤ, ਦੋ ਵਿਅਕਤੀ ਜੋ ਕੂਕਾ ਬੰਦੀ (ਸਤਿਗੁਰੂ) ਰਾਮ ਸਿੰਘ ਨੂੰ ਮਿਲਣ ਲਈ ਰੰਗੂਨ ਗਏ ਸਨ, ਨੰਬਰ ੬੩੧ (ਨਿਆਂਇਕ) ਅਸਲ ਕਾਗਜ਼ਾਤ ਮੋੜ ਦਿਆਂ ਅਤੇ ਉਸਦੇ ਜੁਆਬ ਵਿਚ ਇਹ ਦੱਸਾਂ ਕਿ ਜਿਹੜੇ ਪਰਵਾਨੇ ਨੂੰ ਲੈਫਟੀਨੈਂਟ ਗਵਰਨਰ ਦੀ ਹਦਾਇਤ ਤੇ ਲਿਖਿਆ ਗਿਆ ਸੀ, ਉਹਨਾਂ ਘਟਨਾਵਾਂ ਤੋਂ ਪਹਿਲਾਂ ਲਿਖਿਆ ਗਿਆ ਸੀ ਜਿਹਨਾਂ ਦੇ ਵਾਪਰਨ ਬਾਅਦ ਜਨਾਬ ਨੇ ਮੇਰੇ ੨੬ ਜਨਵਰੀ (੧੮੭੫ ਈ.) ਵਾਲੇ ੩੭੮ ਨੰਬਰ ਪੱਤਰ ਵਿਚ ਲਿਖਵਾਇਆ ਸੀ ਕਿ (ਸਤਿਗੁਰੂ) ਰਾਮ ਸਿੰਘ ਨੂੰ ਪੰਜਾਬ ਦੇ ਕਿਸੇ ਵਿਅਕਤੀ ਨਾਲ ਮਿਲਣ ਦੀ ਇਜਾਜ਼ਤ ਨਾ ਦਿੱਤੀ ਜਾਵੇ।

(2) ਇਸ ਲਈ ਵਰਤਮਾਨ ਹਾਲਾਤ ਵਿਚ ਬ੍ਰਿਟਿਸ਼ ਬਰ੍ਹਮਾ ਦੀ ਹਕੂਮਤ ਨੇ ਮੁਲਾਕਾਤ ਲਈ ਇਜਾਜ਼ਤ ਨਾ ਦੇ ਕੇ ਬਿਲਕੁਲ ਸਹੀ ਕਾਰਵਾਈ ਕੀਤੀ ਹੈ।

(3) ਮੈਂ ਇਹ ਵੀ ਜੋੜਦਾ ਹਾਂ ਕਿ ਵਿਚਾਰ ਅਧੀਨ ਹੁਕਮ ਇਹ ਹੀ ਦੱਸਦਾ ਹੈ ਕਿ ਬਿਨੈਕਾਰ ਰੰਗੂਨ ਦੇ ਹਾਕਮਾਂ ਨੂੰ ਨਿਵੇਦਨ ਕਰਨ ਨਾ ਕਿ ਉਹਨਾਂ ਨੂੰ ਇਹ ਕਿਹਾ ਗਿਆ ਸੀ ਕਿ ਉਧਰ ਚੱਲ ਹੀ ਪੈਣ।"[7]

ਪੰਜਾਬ ਸਰਕਾਰ ਨੇ ਬਾਬਾ ਦਰਬਾਰਾ ਸਿੰਘ ਹੋਰਾਂ ਦੇ ਜਨਵਰੀ ੧੮੭੫ ਵਿਚ ਰੰਗੂਨ ਪੁੱਜਣ ਤੋਂ ਬਾਅਦ, ਸਤਿਗੁਰੂ ਜੀ ਨਾਲ ਨਾ ਕੋਈ ਮੁਲਾਕਾਤ ਹੋਣ ਦੇਣ ਅਤੇ ਨਾ ਹੀ ਉਹਨਾਂ ਨਾਲ ਪੱਤਰ ਵਿਹਾਰ ਕਰਨ ਨੂੰ, ਕੋਈ ਛੋਟੀ ਘਟਨਾ ਸਮਝਿਆ। ਸਰਕਾਰ ਸਮਝਦੀ ਸੀ ਕਿ ਸਤਿਗੁਰੂ ਜੀ ਨੂੰ ਮਿਲ ਕੇ ਜਾਣ ਵਾਲੇ ਕੂਕੇ ਜਾਂ ਉਹਨਾਂ ਦੁਆਰਾ ਲਿਆਂਦੇ ਆਪ ਦੇ ਹਸਤ-ਲਿਖਤ ਪੱਤਰ, ਪੰਜਾਬ ਦੇ ਲੋਕਾਂ ਅਤੇ ਵਿਸ਼ੇਸ਼ ਕਰ ਆਪ ਦੇ ਅਨੁਆਈਆਂ ਵਿਚ, ਬਗਾਵਤ ਦਾ ਧੁਖਦਾ ਧੂੰਆਂ, ਪਰਚੰਡ ਕਰਨ ਦਾ ਕਾਰਨ ਬਣਨਗੇ। ਇਸ ਲਈ ਭਾਈ ਹਰਨਾਮ ਸਿੰਘ ਅਤੇ ਬੀਬੀ ਚੰਦੋ ਦੇ ਮੁਆਮਲੇ ਵਿਚ, ਮਨਜ਼ੂਰੀ ਦੇਣ ਤੋਂ ਬਾਅਦ ਵੀ ਦਰਸ਼ਨ ਨਾ ਕਰਨ ਦੇਣੇ, ਸਰਕਾਰ ਲਈ ਥੁੱਕ ਕੇ ਚੱਟਣ ਵਾਲੀ ਕਾਰਵਾਈ ਹੋ ਨਿੱਬੜੀ। ਬਾਬਾ ਜੀ ਰੰਗੂਨ ਵਿਖੇ ੧੬ ਤੋਂ ੨੫ ਅਪਰੈਲ ੧੮੭੫ ਤੱਕ, ਕੁੱਲ ੮-੯ ਦਿਨ ਹੀ ਰਹੇ ਸਨ। ਇਸ ਦੌਰਾਨ ਉਹਨਾਂ ਨੇ ਆਪਣੇ ਸੀਨੇ ਤੇ ਪੱਥਰ ਰੱਖ ਕੇ, ਗੁਰੂ ਸਾਹਿਬ ਦੀ ਭੇਟਾ ਲਈ ਲਿਆਂਦੀਆਂ ਵਸਤੂਆਂ ਤਾਂ ਵਾਪਸ ਪੰਜਾਬ ਖੜੀਆਂ ਹੋਣਗੀਆਂ ਪਰ ਇਤਨੇ ਸਮੇਂ ਵਿਚ, ਕਿਸੇ ਨਾ ਕਿਸੇ ਬਹਾਨੇ ਦਰਸ਼ਨ ਉਨਾਂ ਨੇ ਜ਼ਰੂਰ ਕਰ ਲਏ ਸਨ। ਕਈ ਵੇਰ ਸਤਿਗੁਰੂ ਜੀ ਸ਼ਾਮ ਨੂੰ, ਪੁਲਿਸ ਨਿਗਰਾਨੀ ਹੇਠ, ਬੱਘੀ ਤੇ ਸੈਰ ਕਰਨ ਲਈ ਨਿਕਲਿਆ ਕਰਦੇ ਸਨ। ਉਸ ਸਮੇਂ ਵੀ ਕਈ ਸਿੰਘਾਂ ਨੇ ਦਰਸ਼ਨ ਕੀਤੇ।

ਸਾਡਾ ਪਹਿਲਾ ਇਤਿਹਾਸਕਾਰ, ਭਾਈ ਬਾਹੋਵਾਲ, ਨਾਮਧਾਰੀ ਇਤਿਹਾਸ ਵਿਚ ਇਸ ਦੰਪਤੀ ਦੇ ਗੁਰੂ ਦਰਸ਼ਨਾਂ ਲਈ ਵੱਡਾ ਤਰੱਦਦ ਕਰਕੇ ਰੰਗੂਨ ਪਹੁੰਚਣ ਦੀ ਵਿਲੱਖਣ ਘਟਨਾ ਨੂੰ ਇਉਂ ਬਿਆਨ ਕਰਦਾ ਹੈ : "ਭਾਣੇ ਵਾਲੇ ਹਰਨਾਮ ਸਿੰਘ ਨੇ ਅਰਜੀ ਦਿੱਤੀ ਗਵਰਨਰ ਨੂੰ ਲਾਹੌਰ। ਉਹਨਾਂ ਨੇ ਇਜਾਜ਼ਤ ਦੇ ਦਿੱਤੀ ਕਿ ਚਲੇ ਜਾਓ। ਹਰਨਾਮ ਸਿੰਘ ਤੇ ਮਾਈ ਚੰਦੋ ਦਰਬਾਰਾ ਸਿੰਘ ਦੇ ਔਣ ਤੋਂ ੩ ਮਹੀਨੇ ਬਾਦ ਰੰਗੂਨ ਗਏ। ਓਥੇ ਰੰਗੂਨ ਜਾ ਕੇ ਫ਼ਰੰਗੀ ਨੂੰ ਚਿੱਠੀ ਵਿਖਾਈ ਤਾਂ ਉਸਨੇ ਲਾਹੌਰ ਵਾਲੇ ਨੂੰ ਲਿਖ ਭੇਜਿਆ ਕਿ ਤੁਹਾਨੂੰ ਪਤਾ ਹੈ ਏਨ੍ਹਾਂ ਨੂੰ ਮਿਲਣ ਨਹੀਂ ਦੇਣਾ, ਤੁਸੀਂ ਫੇਰ ਕਿਉਂ ਲਿਖ ਕੇ ਦਿੱਤਾ ਹੈ। ਰੰਗੂਨ ਵਾਲੇ ਨੇ ਦਰਸ਼ਨ ਦੀ ਇਜਾਜ਼ਤ ਨਾ ਦਿੱਤੀ ਪਰ ਦਰਸ਼ਨ ਕਰ ਹੀ ਆਏ।

"੧੯੩੧ ਸਾਲ (ਮੁ. ੧੮੭੫ ਈ.) ਵਿਚ ੫ ਅਖੰਡ ਪਾਠ ਕੀਤੇ ਰਾਮਦਾਸਪੁਰੇ ਮੈ। ਏਥੋਂ ਗੁਰੂ ਹਰੀ ਸਿੰਘ ਜੀ ਹਰਨਾਮ ਸਿੰਘ ਦੇ ਹੱਥੀਂ ਲਿਖ ਕੇ ਭੇਜਿਆ ਸੀ ਕਿ ਪੰਜ ਅਖੰਡ ਪਾਠ ਤੁਹਾਡੇ ਨਮਿਤ ਏਸ ਰੀਤੀ ਨਾਲ ਕੀਤੇ ਹੈਃ- ਚਾਰ ਪਾਠੀ ੧ ਧੂਪੀਆ। ਧੂਪੀਆ ਮਾਲਾ ਫੇਰੀ ਜਾਏ ਤੇ ਧੂਪ ਪਾਈ ਜਾਏ..."[8]

ਭਾਈ ਹਰਨਾਮ ਸਿੰਘ ਦਰਸ਼ਨਾਂ ਲਈ ਰੰਗੂਨ ਆਉਣ ਵਾਲੇ ਸਿੰਘਾਂ ਜਿਉਂ ਪਹਿਲਾਂ ਭੈਣੀ ਸਾਹਿਬ ਵਿਖੇ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰਕੇ, ਹਦਾਇਤਾਂ ਲੈਣ ਗਏ ਸਨ ਅਤੇ ਬਾਹੋਵਾਲ ਜੀ ਮੁਤਾਬਿਕ ਆਪ ਇਕ ਹੁਕਮਨਾਮਾ ਪ੍ਰਾਪਤ ਕਰਨ ਅਤੇ ਉਸਨੂੰ ਭੈਣੀ ਸਾਹਿਬ ਪੁਚਾਉਣ ਵਿਚ ਵੀ ਸਫਲ ਹੋਏ। ਇਸ ਹੁਕਮਨਾਮੇ ਵਿਚ ਅਖੰਡ ਪਾਠ ਕਰਨ ਦੀ ਪੂਰੀ ਨਾਮਧਾਰੀ ਮਰਿਆਦਾ ਅੰਕਿਤ ਸੀ।[9] ਬਾਅਦ ਵਿਚ ਮਰਿਆਦਾ ਦਾ ਹੋਰ ਵਿਸਥਾਰ ਸੁਬੇਗ ਸਿੰਘ ਮਰਹਾਣਾ ਦੇ ਲਿਆਂਦੇ ਹੁਕਮਨਾਮੇ ਵਿਚ ਮਿਲਦਾ ਹੈ।

ਭਾਈ ਹਰਨਾਮ ਸਿੰਘ ਅਤੇ ਆਪ ਦੀ ਸੁਪਤਨੀ ਬੀਬੀ



Namdhari Elibrary NamdhariElibrary@gmail.com

ਚੰਦੋ ਦੀ ਕੀਰਤੀ, ਸਾਰੇ ਨਾਮਧਾਰੀ ਪੰਥ ਵਿਚ ਫੈਲ ਗਈ। ਇਹ ਸੋਚ ਕੇ ਕਿ ਜੇ ਉਹਨਾਂ ਦਾ ਲਿਆਂਦਾ ਜੋੜਾ ਸਤਿਗੁਰੂ ਜੀ ਨੇ ਨਹੀਂ ਪਹਿਨਣਾ ਤਾਂ ਉਹ ਵੀ ਰਹਿੰਦੀ ਉਮਰ, ਸਰਕਾਰ ਬਰਤਾਨੀਆ ਦੀ ਇਸ ਅੱਤਿਆਚਾਰੀ ਨੀਤੀ ਵਿਰੁੱਧ, ਰੋਸ ਵਜੋਂ, ਨੰਗੇ ਪੈਰੀਂ ਰਹਿ ਕੇ ਕੱਟਣਗੇ। ਅਤੇ ਹੋਰ ਵੀ ਸਰੀਰਕ ਸੁਖ ਸੁਵਿਧਾਵਾਂ, ਜਿਹਾ ਕਿ ਮੰਜੇ ਉਤੇ ਸੌਣਾ, ਸਿਰ ਵਿਚ ਖੁਸ਼ਕੀ ਹਟਾਉਣ ਲਈ ਕੇਸਾਂ ਵਿਚ ਦਹੀਂ ਪਾਉਣਾ ਜਾਂ ਤੇਲ ਘਿਓ ਲਾਉਣਾ ਆਦਿਕ ਦਾ ਤਿਆਗ ਵੀ ਇਸੇ ਰੋਸ ਤਹਿਤ ਕੀਤਾ। ਸਤਿਗੁਰੂ ਜੀ ਦੇ ਦਰਸ਼ਨਾਂ ਲਈ ਇਕ ਭਾਈ ਲਾਲ ਸਿੰਘ ਗੁਮਟੀ ਅਤੇ ਉਹਨਾਂ ਦੀ ਧਰਮ ਪਤਨੀ ਮਾਤਾ ਪਰਤਾਪ ਕੌਰ ਜੀ ਦਾ ਜ਼ਿਕਰ ਮਿਲਦਾ ਹੈ। ਦੂਜਾ ਇਹ ਜੋੜਾ ਹੈ ਜਿਹਨਾਂ ਨੇ ਸਰਕਾਰ ਵਿਰੁੱਧ ਰੋਸ ਪ੍ਰਗਟ ਕਰਨ ਲਈ ਕਿ ਇਜਾਜ਼ਤ ਦੇ ਕੇ ਦਰਸ਼ਨ ਨਹੀਂ ਕਰਨ ਦਿੱਤੇ, ਸਾਰੀ ਉਮਰ ਪ੍ਰਯੰਤ ਆਪਣੇ ਢੰਗ ਨਾਲ ਆਪਣੇ ਸਰੀਰ ਤੇ ਕਸ਼ਟ ਝੱਲ ਕੇ ਵਿਲੱਖਣ ਕਿਸਮ ਦਾ ਅੰਦੋਲਨ ਲੜ ਕੇ, ਕੂਕਿਆਂ ਦੀ ਇਸ ਲੋਕ ਲਹਿਰ ਵਿਚ ਨਵੇਂ ਅਯਾਮ ਜੋੜ ਦਿੱਤੇ। ਕੂਕਿਆਂ ਤੋਂ ੬੫ ਵਰ੍ਹੇ ਬਾਅਦ, ਮੁਲਕ ਦੇ ਸਿਆਸੀ ਦ੍ਰਿਸ਼ ਤੇ ਉਭਰਨ ਵਾਲੇ ਮਹਾਤਮਾ ਗਾਂਧੀ ਦੀ ਵਿਅਕਤੀਗਤ ਸਤਿਆਗ੍ਰਹਿ ਦੀ ਅਵਧਾਰਣਾ ਇਸ ਕੂਕਾ ਜੋੜੀ ਦੇ ਸੰਘਰਸ਼ ਦੇ, ਇਸ ਨਿਵੇਕਲੇ ਰੂਪ ਦੇ ਲਾਗੇ-ਚਾਗੇ ਵੀ ਨਹੀਂ ਪੁੱਜਦੀ।

ਸਤਿਗੁਰੂ ਪਰਤਾਪ ਸਿੰਘ ਜੀ ਤੱਕ ਮਾਤਾ ਜੀਵਨ ਕੌਰ ਜੀ ਦੁਆਰਾ, ਬਾਬਾ ਜੀ ਤੇ ਮਾਈ ਜੀ ਦੀ ਕੁਰਬਾਨੀ ਦਾ ਜ਼ਿਕਰ ਪੁੱਜਿਆ ਸੀ। ਇਸ ਲਈ ਆਪ ਜਦੋਂ ਆਪਣੇ ਰੀਕਾਰਡ ਹੋਏ ਉਪਦੇਸ਼ਾਂ ਵਿਚ, ਸਤਿਗੁਰੂ ਦੇ ਪਰੇਮੀਆਂ ਦੀ ਦਸ਼ਾ ਕੈਸੀ ਹੁੰਦੀ ਹੈ, ਇਸ ਪਰਕਰਣ ਦੀ ਵਿਆਖਿਆ ਕਰਦੇ ਹਨ ਤਾਂ ਭਾਣੇ ਪਿੰਡ ਵਾਲੇ ਦੰਪਤੀ ਨੂੰ ਆਪਣੇ ਅਨੂਠੇ ਢੰਗ ਵਿਚ, ਇਉਂ ਯਾਦ ਕਰਦੇ ਹਨ ਜਿਸ ਨਾਲ ਬਿਰਹੋਂ ਕੁੱਠੇ ਹਿਰਦਿਆਂ ਦੀ ਤੜਪ ਦੂਣ ਸੁਆਈ ਹੋ ਜਾਂਦੀ ਹੈ। ਸਤਿਗੁਰੂ ਜੀ ਇਹ ਵੀ ਦੱਸਦੇ ਹਨ ਕਿ ਉਹ ਆਪਣੇ ਪਿੰਡ ਦੇ ਲੰਬੜਦਾਰ ਸਨ।[10] ਪਵਿੱਤਰ ਉਪਦੇਸ਼ ਵਿਚ ਦਰਜ ਹੈ :-

"ਉਹ ਸਿੱਖ, ਉਹ ਸੱਜਣ-ਹੁਣ ਕੁਛ ਗੌਰਮਿੰਟ ਦੇ ਕਾਗਜ਼ਾਂ 'ਚੋਂ ਮਿਲਿਐ-ਮਾਤਾ ਜੀ (ਜਿਊਣ ਕੌਰ ਜੀ) ਨੇ ਉਹਨਾਂ ਦੇ ਦਰਸ਼ਨ ਕੀਤੇ ਹਨ, ਅਸਾਂ ਤੇ ਕੀਤੇ ਨਹੀਂ, ਕਈਆਂ ਦੇ ਅਸਾਂ ਵੀ ਕੀਤੇ। ਭਾਈ ਹਰਨਾਮ ਸਿੰਘ ਜੀ, ਭਾਣੇ ਪਿੰਡ ਦੇ ਰਹਿਣ ਵਾਲੇ, ਫਰੀਦਕੋਟ ਤੋਂ ਤਿੰਨ ਕੋਹ ਪੈਂਡਾ ਹੈ, ਮਾਤਾ ਚੰਦੋ ਉਹਨਾਂ ਦੇ ਘਰੋਂ। ਕਾਗਜ਼ਾਂ 'ਚੋਂ ਗੌਰਮਿੰਟ ਦੇ 'ਚ ਆਇਆ ਹੈ, ਗੌਰਮਿੰਟ ਕੋਲੋਂ ਇਜ਼ਾਜ਼ਤ ਮਿਲ ਗਈ ਉਹਨਾਂ ਨੂੰ, ਪਤਾ ਨਹੀਂ ਕਿਵੇਂ ਮਿਲੀ, ਕਿਵੇਂ ਮੀਰ ਮੁਨਸ਼ੀ ਨੇ ਮੋਹਰ ਲਾ ਦਿੱਤੀ ਬਈ ਤੁਸੀਂ ਜਾ ਕੇ ਰੰਗੂਨ ਦਰਸ਼ਨ ਕਰ ਲਓ। ਜਦੋਂ ਬਾਬਾ ਦਰਬਾਰਾ ਸਿੰਘ ਹੁਰਾਂ ਨੂੰ ਪਤਾ ਲੱਗ ਗਿਆ ਨ, ਬਾਬੇ ਹੁਰੀਂ ਅਜੇ ਤੁਰੇ ਨਹੀਂ, ਪਹਿਲਾਂ ਹੀ ਉਹਨਾਂ ਨੇ ਅਰਜ਼ੀ ਦਿੱਤੀ ਹੈ ਉਥੇ।... ਮਿਲ ਗਈ ਛੁੱਟੀ; ਇੱਥੇ ਆ ਗਏ; ਦਰਸ਼ਨ ਕੀਤਾ। ਇੱਥੇ ਫੜ ਲਏ-ਬਈ, ਕਿਉਂ ਇੱਥੇ ਆਏ। ਘਰ ਚਲੇ ਗਏ। ਮਾਤਾ ਜੀ (ਜਿਊਣ ਕੌਰ ਜੀ) ਕਹਿੰਦੇ ਸਨ ਕਿ ਪ੍ਰਸ਼ਾਦਾ ਨਹੀਂ ਸਾਰੀ ਉਮਰ ਚੋਪੜ ਕੇ ਦੋਹਾਂ ਨੇ ਛਕਿਆ, ਮੰਜੀ ਉਤੇ ਲੰਮੀ ਨਹੀਂ ਪਏ; ਪੈਰੀਂ ਜੁੱਤੀ ਨਹੀਂ ਪਾਈ। ਜਲ ਬਾਬੇ ਦੇ ਨੇਤ੍ਰਾਂ 'ਚ ਵੀ ਆਉਂਦਾ, ਸਾਧ ਸੰਗਤ 'ਚ ਪਰ ਮਾਤਾ ਚੰਦੋ ਦੀ ਉਹ ਗੱਲ ਦੱਸਦੇ ਸਨ, ਜਿਉਂ ਸਤਿਗੁਰੂ ਗਏ, ਉਹਦੇ ਜਲ ਨਹੀਂ ਬੰਦ ਹੋਇਆ ਨੇਤ੍ਰਾਂ ਦਾ। ਸਾਧ ਸੰਗਤ ਘਰ ਗਈ ਹੋਵੇ ਤੇ ਵਗਦਾ ਰਹਿਣਾ ਉੱਝ, ਜੇ ਸਾਧ ਸੰਗਤ ਤੁਰ ਆਵੇ ਫਿਰ ਧਾਹੀਂ ਮਾਰਨੀਆਂ। ਇਸੇ ਤਰ੍ਹਾਂ ਹੀ ਉਹਨਾਂ ਦੀ ਜ਼ਿੰਦਗੀ ਬਤੀਤ ਹੋਈ। ਉਹਨਾਂ ਨੂੰ ਅਸੀਂ ਕਹਿ ਸਕਦੇ ਹਾਂ-ਪਿਰ ਦੇਖਣ ਕੀ ਆਸ।"[11]

ਸਤਿਗੁਰੂ ਪਰਤਾਪ ਸਿੰਘ ਜੀ ਇਕ ਹੋਰ ਉਪਦੇਸ਼ ਵਿਚ ਭਾਈ ਨੰਦ ਲਾਲ ਜੀ ਦੇ ਹਵਾਲੇ ਨਾਲ ਆਸ਼ਕਾਂ ਦੀਆਂ ਨੌ ਨਿਸ਼ਾਨੀਆਂ ਵਿਚੋਂ "ਆਹ ਸਰਦੋ-ਠੰਢੇ ਹਉਕੇ, ਰੰਗ ਜ਼ਰਦੋ-ਰੰਗ ਪੀਲਾ। ਚਸ਼ਮ ਤਰ (ਨੈਣ ਸਿੱਲ੍ਹੇ) ਗਿਣਦੇ ਹੋਏ ਫੁਰਮਾਉਂਦੇ ਹਨ :-

"ਮਾਈ ਚੰਦੋ-ਭਾਣਾ ਪਿੰਡ...ਬਾਬੇ ਦਾ ਨਾਮ ਹਰਨਾਮ ਸਿੰਘ। ਸਤਿਗੁਰ ਸੱਚੇ ਪਾਤਸ਼ਾਹ ਦੇ ਪ੍ਰਦੇਸ ਗਵਨ ਤੋਂ ਦੋਵਾਂ ਜੀਆਂ ਨੇ ਕੇਸਾਂ ਨੂੰ ਘਿਉ ਨਹੀਂ ਲਾਇਆ, ਦਹੀਂ ਨਹੀਂ ਪਾਇਆ, ਰੋਟੀ ਚੋਪੜ ਕੇ ਨਹੀਂ ਖਾਧੀ, ਪੈਰੀਂ ਜੁੱਤੀ ਨਹੀਂ ਪਾਈ, ਮੰਜੀ ਉਤੇ ਨਹੀਂ ਸੁੱਤੇ-ਸਾਰੀ ਜ਼ਿੰਦਗੀ।... ਜਿਹੜੀ ਉਹ ਮਾਈ ਸੀ ਉਹਦੇ ਨੇਤਰਾਂ ਦਾ ਜਲ ਕਦੇ ਨਹੀਂ ਸੀ ਸੁੱਕਿਆ। ਜੇ ਸਾਧ-ਸੰਗਤ ਘਰ ਆ ਜਾਏ ਸੇਵਾ ਕਰਦੇ ਰਹਿਣਾ ਤੇ ਜਲ ਵਗਦਾ ਰਹਿਣਾ। ਜੇ ਸਾਧ-ਸੰਗਤ ਤੁਰ ਜਾਏ ਤੇ ਧਾਹੀਂ ਮਾਰ ਮਾਰ ਰੋਂਦੇ ਰਹਿਣਾ।"[12]

ਇਸੇ ਪ੍ਰੇਮੀ ਜੋੜੇ ਦੀ ਉੱਚੀ ਅਵਸਥਾ ਬਾਰੇ, ਸਤਿਗੁਰੂ ਪਰਤਾਪ ਸਿੰਘ ਜੀ ਆਪਣੇ ਉਪਦੇਸ਼ ਵਿਚ, ਦਸਵੀਂ ਪਾਤਸ਼ਾਹੀ ਦੇ ਇਤਿਹਾਸਿਕ ਹਵਾਲਿਆਂ ਅਤੇ ਉਹਨਾਂ ਦੇ ਦਰਬਾਰੀ ਕਵੀਆਂ ਦੀਆਂ ਟੂਕਾਂ ਨਾਲ ਪਰਸੰਗ ਦੀ ਅਮੀਰੀ ਵਿਚ ਇਉਂ ਵਾਧਾ ਕਰਦੇ ਹਨ :-

"ਉਨ੍ਹਾਂ ਦੀ ਹਾਲਤ—ਗੁਰੂ ਗੋਬਿੰਦ ਸਿੰਘ ਸਾਹਿਬ ਚਮਕੌਰ ਤੋਂ ਨਿਕਲੇ ਹਨ ਘੁੰਮਦੇ-ਘੁਮਾਉਂਦੇ ਲੱਖੀ ਜੰਗਲ ਵਿਚ ਆ



Namdhari Elibrary NamdhariElibrary@gmail.com

ਗਏ—ਦੀਵਾਨ ਨੰਦ ਲਾਲ ਜੀ ਵੀ ਆ ਮਿਲੇ—ਕਵੀ ਬਿਹਾਰੀ ਜੀ ਵੀ ਆ ਮਿਲੇ। ਉਥੇ ਬੈਠਦੇ ਹਨ, ਸਾਹਿਬ ਸੱਦ ਲਾਉਂਦੇ ਹਨ:-

"ਲੱਖੀ ਜੰਗਲ ਖਾਲਸਾ ਦੀਦਾਰ ਆਇ ਲਗਾ ਤਬ ਉਚਾਰ ਹੋਇਆ॥
ਸੁਣ ਕੇ ਸੱਦੁ ਮਾਹੀ ਦਾ ਮੇਹੀਂ ਪਾਣੀ ਘਾਹੁ ਮੁਤੋ ਨੇ॥
ਕਿਸੇ ਨਾਲ ਨ ਰਲੀਆ ਕਾਈ ਕੋਈ ਸ਼ੌਕ ਪਯੋ ਨੇ॥
ਗਇਆ ਫਿਰਾਕੁ ਮਿਲਿਆ ਮਿਤ੍ਰ ਮਾਹੀ
ਤਾਹੀਂ ਸ਼ੁਕਰ ਕੀਤੋ ਨੇ॥੧॥

(ਦਸਮ ਗ੍ਰੰਥ, ਪਾ:੧੦)

"ਇਕ ਦਿਨ ਮੈਂ ਸਤਿਗੁਰੂ ਪਾਸੋਂ ਪ੍ਰੇਮ ਸੁਰਾਹੀ ਪੀਤੀ।
ਭਾਇ ਅਸਾਡੇ ਲਿਖੀ ਫਕੀਰੀ ਸੋ ਮਸਤਕ ਧਰ ਲੀਤੀ।
ਪਿਛਲੀ ਉਮਰ ਗੁਨਾਹੀ ਬੀਤੀ
ਹਰ ਕੀ ਭਗਤ ਨਾ ਕੀਤੀ।
ਆਗੇ ਸਮਝ ਚਲੋ ਨੰਦ ਲਾਲਾ
ਪਾਛੇ ਜੋ ਬੀਤੀ ਸੋ ਬੀਤੀ।"

"ਬਿਹਾਰੀ ਜੀ ਆਉਂਦੇ ਹਨ, ਕਹਿੰਦੇ ਹਨ—
ਆਸ਼ਕ ਆਸ਼ਕ ਸਬ ਕੋਈ ਆਖੇ
ਸਿਰ ਟੇਢੀ ਪਗੜੀ ਧਰਕੇ।
ਸਿਰੋਂ ਪਰੇ ਇਸ਼ਕ ਦਾ ਡੇਰਾ
ਸਬ ਮੁੜ ਆਏ ਡਰਕੇ।
ਮਾਨ ਮਨੀ ਤੇ ਖੁਦੀ ਤਕੱਬਰ
ਕੋਈ ਨ ਰਹਿਓ ਜਰਕੇ।
ਮਹਿਬੂਬਾਂ ਦੇ ਮਹਿਲ ਬਿਹਾਰੀ
ਕੋਈ ਵਿਰਲਾ ਪਹੁੰਚਿਆ ਮਰਕੇ।"[13]

ਇਹ ਸੱਚੇ ਪ੍ਰੇਮੀਆਂ ਦੀ ਗਾਥਾ ਹੈ। ਦੇਸ਼ ਭਗਤਾਂ ਦਾ ਸਿਰੜ ਹੈ। ਆਪਣੀ ਬੰਦ ਖਲਾਸੀ ਲਈ ਜੂਝਣ ਵਾਲੇ, ਮੁਕਤੀ ਸੰਗਰਾਮੀਆਂ ਦਾ ਅਨੂਠਾ ਪੈਂਤੜਾ ਵੀ ਹੈ। ਵੇਲੇ ਦੀ ਵੱਡੀ ਤੋਂ ਵੱਡੀ ਤਾਕਤ ਨਾਲ, ਲੜਾਈ ਦੇ ਸ੍ਵੈ ਸਿਰਜੇ ਦਾਅ ਪੇਚਾਂ ਨੂੰ, ਸਫਲਤਾ ਪੂਰਵਕ ਵਰਤਣ ਦਾ ਯੁੱਧ-ਕੌਸ਼ਲ ਹੈ। ਸਿੱਧੇ ਪੱਧਰੇ ਪੇਂਡੂ ਕਿਸਾਨ ਦੰਪਤੀ, ਜਿਸ ਮਾਈ ਦੀ ਸ਼ਕਲ ਸੂਰਤ ਬਾਰੇ ਵੀ ਦੁਸ਼ਮਣ-ਹਕੂਮਤ ਪ੍ਰਤੀਕੂਲ ਟਿੱਪਣੀਆਂ ਕਰਦੀ ਹੈ, ਹਕੀਕਤ ਵਿਚ ਉਹ ਅਤੀ ਸੁੰਦਰ ਦਿਲ ਦਿਮਾਗ ਰੱਖਦੇ ਹਨ, ਜਿਹੜੇ ਏਨੇ ਕਠੋਰ ਫੈਸਲੇ ਲੈ ਕੇ, ਉਹਨਾਂ ਤੇ ਤਾਉਮਰ ਪਹਿਰਾ ਦੇ ਸਕਦੇ ਹਨ। ਇਹੋ ਜਿਹੀਆਂ ਉਚੀਆਂ-ਸੁੱਚੀਆਂ, ਕਮਾਈਆਂ, ਪੰਜਾਬੀ ਕਿਰਦਾਰ ਦੇ ਸੂਰਬੀਰ, ਜਾਂ ਬਾਜ਼, ਆਸ਼ਕ ਲੋਕ ਹੀ ਕਰ ਸਕਦੇ ਹਨ। ਇਹ ਇਸ਼ਕ ਦਾ ਉਹ ਵਣਜ ਹੈ ਜਿਸ ਵਿਚੋਂ ਬਕੌਲ ਵਾਰਿਸ, "ਕਿਸੇ ਪੱਲੇ ਨਾ ਬੱਧੜੀ ਦਮੜੀ ਵੇ।" ਇਹ ਤਾਂ ਤਪਦੇ ਹੋਏ ਲਾਲ ਅੰਗਿਆਰ ਬਣੇ ਲੋਹੇ ਨੂੰ ਜੀਭ ਨਾਲ ਚੱਟਣ ਵਰਗੀ ਕਿਰਿਆ ਹੈ। ਉਹਨਾਂ ਨੇ ਸਤਿਗੁਰਾਂ ਦੇ ਦਰਸ਼ਨ ਸ਼ਾਹਦੀ ਕੀਤੇ ਜਾਂ ਚੋਰੀ ਕੀਤੇ, ਉਹਨਾਂ ਦੀ ਰੰਗੂਨ ਯਾਤਰਾ ਸਫਲ ਰਹੀ। ਉਹਨਾਂ ਦੀਆਂ ਪਾਈਆਂ ਪੈੜਾਂ ਤੇ ਫਿਰ ਨੱਬੇ ਤੋਂ ਵੱਧ ਨਾਮਧਾਰੀ ਖਾਲਸੇ, ਗੁਰੂ ਦਰਸ਼ਨਾਂ ਲਈ ਰੰਗੂਨ ਅਤੇ ਮਰਗੋਈ ਦੇ ਪਾਂਧੀ ਬਣਦੇ ਰਹੇ।

ਕਿਉਂਕਿ ਸਤਿਗੁਰੂ ਪਰਤਾਪ ਸਿੰਘ ਜੀ ਇਹਨਾਂ ਦੇ ਦਰਸ਼ਨ ਨਹੀਂ ਕਰ ਸਕੇ ਇਸ ਲਈ, ਇਸ ਦੰਪਤੀ ਦਾ ਜੀਵਨ ਕਾਲ ੧੮੨੫ ਈ. ਤੋਂ ੧੮੯੫ ਈ. ਤੱਕ ਅਨੁਮਾਨਿਤ ਹੈ। ਜਿਹੇ ਜਿਹੇ ਕਠੋਰ ਅਨੁਸ਼ਾਸਨ ਅਤੇ ਤੰਗੀ ਤੁਰਸ਼ੀ ਵਾਲੀ ਜਿਊਣ ਹਾਲਤ ਉਹਨਾਂ ਆਪਣੇ ਗੁਰੂ ਵਿਛੋੜੇ ਦੇ ਪ੍ਰਤੀਕਰਮ ਵਜੋਂ ਚੁਣੀ ਸੀ, ਉਸ ਵਿਚ ਇਸ ਤੋਂ ਲੰਮਾ ਜੀਵਨ ਕਿਆਸਿਆ ਵੀ ਨਹੀਂ ਜਾ ਸਕਦਾ। ਕਿਸੇ ਸੂਫ਼ੀ ਕਵੀ ਦੀਆਂ ਇਹ ਤੁਕਾਂ ਇਹਨਾਂ ਪਿਆਰਿਆਂ ਤੇ ਰੂ-ਬ-ਰੂ ਢੁਕਦੀਆਂ ਹਨ।

"ਕਿੱਸਾ ਬਹੁਤ ਬੇਦਰਦ ਦਾ ਕੁਝ ਨਾਂਹੀ
ਦਰਦਮੰਦ ਦੀ ਮਾਰਦੀ ਬਾਤ ਥੋੜ੍ਹੀ"

**ਫੁੱਟ ਨੋਟ**

1) ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, ਸਫਾ ੧੭੯-੮੦
2) ਉਹੀ - ਸਫਾ ੧੭੪-੭੫
3) ਗੁਰੂ ਰਾਮ ਸਿੰਘ ਐਂਡ ਦਾ ਕੂਕਾ ਸਿੱਖਜ਼-ਨਾਹਰ ਸਿੰਘ ਐਮ.ਏ.- ਸਫਾ ੩੩੭-੩੮ (ਵਾਲਯੂਮ-੩)
4) ਉਹੀ - ਸਫਾ ੩੩੬
5) ਉਹੀ - ਸਫਾ ੩੩੮
6) ਉਹੀ - ਸਫਾ ੩੩੮-੩੯
7) ਉਹੀ - ਸਫਾ ੩੩੯-੪੦
8) ਸਤਿਗੁਰੂ ਬਿਲਾਸ (ਜਿਲਦ ਦੂਜੀ) - ਭਾਈ ਸੰਤੋਖ ਸਿੰਘ ਬਾਹੋਵਾਲ, ਸਫਾ ੪੯-੫੦
9) ਉਹੀ ਸਫਾ ੫੧
10) ਲਾਲ ਏਹਿ ਰਤਨ-ਪਹਿਲਾ ਭਾਗ ਸਫਾ ੨੨੯
11) ਲਾਲ ਏਹਿ ਰਤਨ-੫, ਸਫਾ ੩੨੫
12) ਲਾਲ ਏਹਿ ਰਤਨ-੩, ਸਫਾ ੧੩੩
13) ਲਾਲ ਏਹਿ ਰਤਨ-੧, ਸਫਾ ੨੨੯-੩੦

*ਪਿੰਡ ਤੇ ਡਾਕ-ਖਰੀਵਾਲਾ*
*ਜ਼ਿਲ੍ਹਾ-ਸਿਰਸਾ (ਹਰਿਆਣਾ)-੧੨੫੦੭੫*
*ਫੋਨ-੦੧੬੯੮-੨੭੪੫੬੨*



Namdhari Elibrary NamdhariElibrary@gmail.com







Namdhari Elibrary NamdhariElibrary@gmail.com

ਮੇਰੀ ਸਹਿਤਕ ਸ੍ਵੈ-ਜੀਵਨੀ-੪

# ਨੀਂਹ ਦੀਆਂ ਇੱਟਾਂ

—ਵਰਿਆਮ ਸਿੰਘ ਸੰਧੂ

ਸਾਡਾ ਘਰ ਪਿੰਡ ਦੇ ਮੁੱਖ-ਬਾਜ਼ਾਰ ਵਿੱਚ ਸੀ। ਬਾਜ਼ਾਰ ਚੜ੍ਹਦੇ ਪਾਸਿਓਂ ਸ਼ੁਰੂ ਹੋ ਕੇ ਪਿੰਡ ਨੂੰ ਦੋ ਭਾਗਾਂ ਵਿੱਚ ਵੰਡਦਾ ਹੋਇਆ ਲਹਿੰਦੇ ਪਾਸੇ ਜਾ ਕੇ ਖ਼ਤਮ ਹੁੰਦਾ ਸੀ। ਪਿੰਡ ਦੇ ਐਨ ਅੱਧ ਵਿਚਕਾਰ ਜਾ ਕੇ ਛੋਟਾ ਜਿਹਾ ਚੌਕ ਆਉਂਦਾ ਸੀ। ਇਥੇ ਬਾਜ਼ਾਰ ਮਧਾਣੀ-ਚੀਰੇ ਵਾਂਗ ਕੱਟਿਆ ਹੋਇਆ ਸੀ। ਚੌਕ ਦੇ ਵਿਚਕਾਰੋਂ ਬਾਜ਼ਾਰ ਦਾ ਇੱਕ ਹਿੱਸਾ ਤਾਂ ਸਿੱਧਾ ਲਹਿੰਦੇ ਵੱਲ ਨਿਕਲ ਜਾਂਦਾ ਸੀ। ਚੌਕ ਵਿਚੋਂ ਹੀ ਇੱਕ ਛੋਟੀ ਗਲੀ ਪਿੰਡ ਦੀ ਦੱਖਣ ਦੀ ਬਾਹੀ ਵੱਲ ਨਿਕਲਦੀ ਸੀ, ਜਿਸ ਵਿੱਚ ਬਾਜ਼ਾਰ ਵਿਚਲੇ ਦੁਕਾਨਦਾਰਾਂ ਦੇ ਹੀ ਘਰ ਸਨ। ਪਹਾੜ ਦੀ ਬਾਹੀ ਬਾਜ਼ਾਰ ਦੀ ਦੂਜੀ ਸ਼ਾਖ਼ਾ ਨਿਕਲਦੀ ਸੀ ਜਿਹੜੀ ਫਰਲਾਂਗ ਕੁ ਲੰਮੇ ਬਾਜ਼ਾਰ ਦੇ ਖ਼ਤਮ ਹੋਣ 'ਤੇ ਵੱਡੀ ਗਲੀ ਦੀ ਸ਼ਕਲ ਵਿੱਚ ਤਬਦੀਲ ਹੋ ਜਾਂਦੀ ਸੀ। ਇਹ ਗਲੀ ਥੋੜ੍ਹੇ ਵਿੰਗ-ਵਲੇਵੇਂ ਖਾ ਕੇ ਸਾਡੀ ਪੱਤੀ ਚੰਦੂ ਕੀ ਵਿਚੋਂ ਅਤੇ ਸਾਡੇ ਅੰਦਰਲੇ ਘਰ ਕੋਲੋਂ ਲੰਘਦੀ ਹੋਈ ਪਿੰਡ ਦੇ ਪਹਾੜ ਵਾਲੇ ਪਾਸੇ ਪਿੰਡੋਂ ਬਾਹਰ ਵੱਲ ਨਿਕਲ ਜਾਂਦੀ ਸੀ। ਪਿੰਡ ਦੇ ਬਾਜ਼ਾਰ ਦੇ ਅੱਧ ਵਿਚਕਾਰਲੇ ਇਸ ਚੌਕ ਵਿੱਚ ਲਹਿੰਦੀ ਅਤੇ ਪਹਾੜ ਦੀ ਬਾਹੀ ਨਿਕਲਦੇ ਬਾਜ਼ਾਰਾਂ ਦੀ ਨੁੱਕਰ ਵਿੱਚ ਹੀ ਸੀ ਸਾਡੀ ਹਵੇਲੀ। ਚੌਕ ਤੋਂ ਅੱਗੇ ਲਹਿੰਦੇ ਵੱਲ ਨੂੰ ਨਿਕਲਦੇ ਬਾਜ਼ਾਰ ਵਿੱਚ ਸਾਡੇ ਘਰ ਦੀਆਂ ਚਾਰ ਕੋਠੜੀਆਂ ਦੇ ਦਰਵਾਜ਼ੇ ਖੁੱਲ੍ਹਦੇ ਸਨ। ਇਹਨਾਂ ਵਿਚੋਂ ਪਹਿਲੀ ਕੋਠੜੀ ਨੂੰ ਬੈਠਕ ਵਜੋਂ ਵਰਤਿਆ ਜਾਂਦਾ ਸੀ। ਅਗਲੀ ਕੋਠੜੀ ਗਰਮੀਆਂ ਨੂੰ ਤੂੜੀ ਪਾਉਣ ਅਤੇ ਸਿਆਲ ਵਿੱਚ ਡੰਗਰਾਂ ਨੂੰ ਅੰਦਰ ਬੰਨ੍ਹਣ ਦੇ ਕੰਮ ਆਉਂਦੀ ਸੀ। ਵਸੋਂ ਵਾਲਾ ਹਿੱਸਾ ਹੋਣ ਕਰਕੇ ਤੀਜੀ ਕੋਠੜੀ ਦਾ ਬਾਜ਼ਾਰ ਵੱਲ ਖੁੱਲ੍ਹਦਾ ਦਰਵਾਜ਼ਾ ਅਕਸਰ ਬੰਦ ਹੀ ਰਹਿੰਦਾ ਸੀ ਜਦ ਕਿ ਚੌਥੀ ਕੋਠੜੀ ਦਾ ਦਰਵਾਜ਼ਾ ਲਾਹ ਕੇ ਉਥੇ ਬਾਜ਼ਾਰ ਵੱਲ ਕੰਧ ਕਰ ਦਿੱਤੀ ਹੋਈ ਸੀ।

ਵਸੋਂ ਵਾਲੀਆਂ ਪਿਛਲੀਆਂ ਦੋਵਾਂ ਕੋਠੜੀਆਂ ਦੇ ਪਿਛਵਾੜੇ ਬਾਜ਼ਾਰੋਂ ਪਾਰ ਇਲਾਕੇ ਦੇ ਕਹਿੰਦੇ ਕਹਾਉਂਦੇ ਰਹੇ ਸੇਠ ਝੰਡੂ ਸ਼ਾਹ ਦੀ ਤਿੰਨ ਮੰਜ਼ਲੇ ਚੁਬਾਰਿਆਂ ਵਾਲੀ ਵੱਡੀ ਇਮਾਰਤ ਸੀ। ਉਹ ਮੇਰੇ ਪਿਤਾ ਦੇ ਪੜਨਾਨੇ ਕਿਸ਼ਨ ਸਿੰਘ ਦਾ ਸਮਕਾਲੀ ਸੀ ਅਤੇ ਦੇਸ਼-ਵੰਡ ਤੋਂ ਕਈ ਸਾਲ ਪਹਿਲਾਂ ਚੜ੍ਹਾਈ ਕਰ ਚੁੱਕਾ ਸੀ। ਹੁਣ ਇਸ ਭੁੱਲ-ਭੁਲੱਈਆਂ ਵਾਲੇ ਵੱਡੇ ਮਕਾਨ ਵਿੱਚ ਉਸਦੇ ਇਸ ਸਮੇਂ ਬਜ਼ੁਰਗ ਹੋ ਚੁੱਕੇ ਪੁੱਤਰ ਦੀਵਾਨ ਸ਼ਾਹ ਦੇ ਬਾਲ-ਬੱਚੜਦਾਰ ਪੰਜ ਪੁੱਤਰਾਂ ਦੀ ਰਿਹਾਇਸ਼ ਸੀ। ਇਹਨਾਂ ਦੇ ਨਾਂ ਸਨ: ਗੁਰਲਾਲ ਚੰਦ, ਗੋਪਾਲ ਚੰਦ, ਗੁਰਦਿਆਲ ਚੰਦ, ਗੁਰਦਾਸ ਅਤੇ ਰਾਮਦਾਸ ਦੀਵਾਨ ਚੰਦ ਤੇ ਉਸਦੀ ਪਤਨੀ ਵੀ ਅਜੇ ਹਰੀ-ਕਾਇਮ ਸਨ। ਉਸ ਵੱਡੇ ਮਕਾਨ ਦੇ ਹੇਠਾਂ ਕਿਰਾਏ ਦੀਆਂ ਦੋ ਦੁਕਾਨਾਂ ਵਿੱਚ ਮਿਸਤਰੀ ਰਾਮ ਸਿੰਘ ਅਤੇ ਮਿਹਰ ਸਿੰਘ ਹੁਰੀਂ ਲੱਕੜੀ ਦਾ ਕਾਰੋਬਾਰ ਕਰਦੇ ਸਨ। ਸੰਦੂਕ, ਪਲੰਘ ਅਤੇ ਚਰਖ਼ੇ ਬਣਾਉਣ ਵਿੱਚ ਉਹਨਾਂ ਦੀ ਵਿਸ਼ੇਸ਼ ਮੁਹਾਰਤ ਸੀ। ਮਿਹਰ ਸਿੰਘ ਸਾਈਕਲ ਕਿਰਾਏ 'ਤੇ ਦੇਣ ਅਤੇ ਮੁਰੰਮਤ ਦਾ ਕੰਮ ਵੀ ਨਾਲ ਨਾਲ ਕਰੀ ਜਾਂਦਾ ਸੀ। ਦੀਵਾਨ ਸ਼ਾਹ ਦਾ ਤੀਜੇ ਥਾਂ ਛੋਟਾ ਮੁੰਡਾ ਗੁਰਦਿਆਲ ਚੰਦ ਆਪਣੇ ਵੱਡੇ ਮਕਾਨ ਹੇਠਲੀ ਤੀਜੀ ਦੁਕਾਨ ਵਿੱਚ ਕਰਿਆਨੇ ਦੀ ਦੁਕਾਨ ਕਰਦਾ ਸੀ। ਉਹ ਭਿੰਨ ਭਿੰਨ ਤਰ੍ਹਾਂ ਦੇ ਅਰਕ ਅਤੇ ਸ਼ਰਬਤ ਤਿਆਰ ਕਰਨ ਦਾ ਮਾਹਿਰ ਵੀ ਸੀ। ਹਫ਼ਤੇ ਦਸੀਂ ਦਿਨੀਂ ਅਰਕ ਕਸ਼ੀਦ ਕਰਨ ਲਈ ਉਸ ਵੱਲੋਂ ਚੜ੍ਹਾਈ ਭੱਠੀ ਵਿਚੋਂ ਮਹਿਕ ਭਿਜਿਆ ਧੂੰਆਂ ਉੱਠਦਾ ਰਹਿੰਦਾ। ਇਹ ਬਾਜ਼ਾਰ ਅੱਗੋਂ ਨਿੱਕਾ ਜਿਹਾ ਮੋੜ ਮੁੜ ਕੇ ਘਾਟੀ ਉੱਤਰ ਕੇ ਰਾਮਗੜ੍ਹੀਏ ਸਿੰਘਾਂ ਦੇ ਬਾਜ਼ਾਰ ਵਿੱਚ ਵਟ ਜਾਂਦਾ ਸੀ। ਦੂਰ ਤੱਕ ਇਸ ਬਾਜ਼ਾਰ ਦੇ ਦੋਹੀਂ ਪਾਸੀਂ ਲੱਕੜੀ ਦਾ ਕੰਮ ਕਰਨ ਵਾਲੇ ਕਾਰੀਗਰਾਂ ਦੀਆਂ ਦੁਕਾਨਾਂ ਸਨ। ਆਟਾ ਪੀਹਣ ਵਾਲੀਆਂ ਮਸ਼ੀਨਾਂ, ਲੱਕੜਾਂ ਚੀਰਦੇ ਆਰੇ ਸੁਰ ਸਿੰਘ ਦੇ ਬਣੇ ਪਲੰਘ, ਸੰਦੂਕ, ਗੱਡੇ ਅਤੇ ਚਰਖ਼ੇ ਆਦਿ ਲੋਕ ਵੀਹ ਵੀਹ ਕੋਹਾਂ ਤੋਂ ਖ਼ਰੀਦਣ ਆਉਂਦੇ।



ਚੌਕ ਤੋਂ ਪਹਾੜ ਦੀ ਬਾਹੀ ਵੱਲ ਨਿਕਲਦੇ ਬਾਜ਼ਾਰ ਵਿੱਚ ਨੁੱਕਰ ਉੱਤੇ ਲਾਭ ਚੰਦ ਬਜਾਜੀ ਵਾਲੇ ਦੀ ਅਤੇ ਉਸਤੋਂ ਅੱਗੇ ਉਸਦੇ ਛੋਟੇ ਭਰਾ ਵੇਦ ਪ੍ਰਕਾਸ਼ ਦੀ ਕਰਿਆਨੇ ਦੀ ਦੁਕਾਨ ਸੀ ਅਤੇ ਅੱਗੇ ਸੀ ਸਾਡੀ ਗਾਡੀ ਦਰਵਾਜ਼ੇ ਵਾਲੀ ਵੱਡੀ ਡਿਓੜ੍ਹੀ ਜਿਹੜੀ ਪਹਾੜ ਵੱਲ ਪਾਸੇ ਜਾਂਦੇ ਮੇਨ ਬਾਜ਼ਾਰ ਵਿੱਚ ਖੁੱਲ੍ਹਦੀ ਸੀ। ਡਿਓੜ੍ਹੀ ਦੇ ਐਨ ਸਾਹਮਣੇ ਪਾਸੇ, ਪੰਦਰਾਂ-ਵੀਹ ਫੁੱਟ ਦਾ ਬਾਜ਼ਾਰ ਛੱਡ ਕੇ ਦੋ ਚੁਬਾਰਿਆਂ ਵਾਲੀ ਦੋ-ਮੰਜ਼ਿਲਾ ਇਮਾਰਤ ਸੀ। ਇਹ ਇਮਾਰਤ ਵੀ ਝੰਡੂ-ਸ਼ਾਹ-ਦੀਵਾਨ ਸ਼ਾਹ ਹੁਰਾਂ ਦੀ ਸੀ ਪਰ ਦਿਨਾਂ ਦੇ ਫੇਰ ਕਰਕੇ ਦੀਵਾਨ ਸ਼ਾਹ ਹੁਰਾਂ ਨੂੰ ਇਹ ਲਾਭ ਚੰਦ ਅਤੇ ਵੇਦ ਪ੍ਰਕਾਸ਼ ਦੇ



Namdhari Elibrary NamdhariElibrary@gmail.com

ਪਿਤਾ ਜੈ ਰਾਮ ਕੋਲ ਗਹਿਣੇ ਕਰਨੀ ਪਈ ਸੀ; ਜਿੱਥੇ ਮੇਰੀ ਮੁਢਲੀ ਸੰਭਾਲ ਵੇਲੇ ਪਿੰਡ ਦਾ ਪਟਵਾਰੀ ਰਿਹਾ ਕਰਦਾ ਸੀ। ਫਿਰ ਕੁੱਝ ਸਾਲ ਉਥੇ ਕਰਮ ਚੰਦ ਮੋਚੀ ਵੀ ਰਹਿੰਦਾ ਰਿਹਾ। ਪਿੱਛੋਂ ਦੀਵਾਨ ਸ਼ਾਹ ਹੁਰਾਂ ਇਹ ਇਮਾਰਤ ਛੁਡਵਾ ਲਈ ਸੀ। ਇਸ ਇਮਾਰਤ ਦੇ ਪਿਛਲੇ ਦੋ ਕਮਰਿਆਂ ਅੱਗੇ ਓਡਾ ਹੀ ਲੰਮਾਂ ਚੌੜਾ ਬਰਾਂਡਾ ਸੀ। ਇਹਨਾਂ ਦੋਵਾਂ ਚੁਬਾਰਿਆਂ ਦੇ ਹੇਠਾਂ ਦੋ ਦੁਕਾਨਾਂ ਸਨ ਸਾਡੀ ਡਿਓੜ੍ਹੀ ਨੂੰ ਐਨ ਸਾਹਮਣੇ ਦੀਵਾਨ ਸ਼ਾਹ ਦੇ ਸਭ ਤੋਂ ਵੱਡੇ ਲੜਕੇ ਗੁਰਲਾਲ ਸ਼ਾਹ ਦੀ ਮੁਨਿਆਰੀ ਦੀ ਦੁਕਾਨ ਸੀ, ਜਿਸਨੂੰ ਕੁੱਝ ਸਾਲਾਂ ਬਾਅਦ ਉਸਨੇ ਹਲਵਾਈ ਦੀ ਦੁਕਾਨ ਵਿੱਚ ਬਦਲ ਲਿਆ। ਦੂਜੀ ਦੁਕਾਨ ਵਿੱਚ ਗੋਪਾਲ ਚੰਦ ਦੇ ਮੁੰਡੇ ਕਰਿਆਨੇ ਦੀ ਦੁਕਾਨ ਕਰਨ ਲੱਗੇ ਸਨ। ਉੱਪਰਲੇ ਚੁਬਾਰਿਆਂ ਵਿੱਚੋਂ ਇੱਕ ਵਿੱਚ ਗੁਰਲਾਲ ਸ਼ਾਹ ਦਾ ਪਰਿਵਾਰ ਅਤੇ ਦੂਜੇ ਵਿੱਚ ਉਸਦੇ ਛੋਟੇ ਭਰਾ ਗੋਪਾਲ ਦਾਸ ਦਾ ਪਰਿਵਾਰ ਆ ਵੱਸਿਆ ਸੀ। ਸਾਡੀ ਡਿਓੜ੍ਹੀ ਦੇ ਖੱਬੇ ਹੱਥ ਬਾਜ਼ਾਰ ਵਿੱਚ ਡਾਕਟਰ ਕਰਮ ਚੰਦ ਦੀ ਦੁਕਾਨ ਸੀ। ਸਾਡੇ ਘਰ ਦੇ ਲਹਿੰਦੇ ਪਾਸੇ ਵਾਲੇ ਮੁਸਲਮਾਨੀ ਘਰਾਂ ਵਿੱਚ ਪਾਕਿਸਤਾਨੋਂ ਆਏ ਹਿੰਦੂ-ਸਿੱਖ ਵੱਸ ਗਏ ਸਨ। ਸਾਡੇ ਘਰ ਦੇ ਪਿਛਵਾੜੇ ਰਾਮ ਚੰਦ ਅਤੇ ਬੁੱਢਾ ਸਿੰਘ ਪੈਂਚ ਆ ਵੱਸਿਆ ਸੀ। ਖੱਬੇ ਹੱਥ ਡਾਕਟਰ ਕਰਮ ਚੰਦ ਦੀ ਦੁਕਾਨ ਦੇ ਪਿਛਲਾ ਘਰ ਠਾਕਰ ਸਿੰਘ ਝਟਕਈ ਨੇ ਮੱਲ ਲਿਆ ਸੀ।

ਮੇਰੇ ਪਿਓ ਦੇ ਮਾਮੇ ਮਾਮੀ ਦਾ ਜਾਂ ਹੁਣ ਇਹ ਕਹਿ ਲਈਏ ਕਿ ਸਾਡਾ ਭਾਈਚਾਰਾ ਤਾਂ ਦੂਰ ਚੰਦੂ ਕੀ ਪੱਤੀ ਵਿੱਚ ਸੀ। ਅਸੀਂ ਓਧਰ ਵੀ ਦੁੱਖ-ਸੁੱਖ ਦੇ ਵੇਲੇ, ਕੰਮ-ਧੰਦੇ ਲਈ ਆਉਂਦੇ ਜਾਂਦੇ ਰਹਿੰਦੇ, ਪਰ ਅਕਸਰ ਸਾਡਾ ਰੋਜ਼ਾਨਾ ਮੇਲ-ਜੋਲ ਆਪਣੇ ਆਂਢ-ਗੁਆਂਢ ਨਾਲ ਹੀ ਸੀ। ਇਹਨਾਂ ਵਿੱਚ ਭਾਵੇਂ ਬਹੁਤੇ ਬਾਹਮਣ-ਖੱਤਰੀ ਹੀ ਸਨ ਪਰ ਸਾਡੇ ਘਰ ਦੇ ਨਾਲ ਨਾਲ ਮੋਚੀ, ਝਟਕਈ, ਸੁਨਿਆਰ, ਲੋਹਾਰ, ਤਰਖਾਣ, ਪੈਂਚ (ਮਹਿਰੇ) ਆਦਿ ਵੀ ਵੱਸਦੇ ਸਨ। ਮੇਰੇ ਪਿਓ ਤੋਂ ਉਮਰ ਵਿੱਚ ਛੋਟੇ ਸਾਰੇ ਆਂਢੀ-ਗੁਆਂਢੀ ਮੇਰੇ 'ਚਾਚੇ' ਸਨ ਅਤੇ ਵੱਡੇ ਮੇਰੇ 'ਤਾਏ' ਉਹਨਾਂ ਦੇ ਬੱਚਿਆਂ ਨਾਲ ਹੀ ਮੇਰੀ ਦੋਸਤੀ ਸੀ, ਭਾਵੇਂ ਕਿ ਸਾਡੇ ਭਾਈਚਾਰੇ ਦੇ ਜੱਟਾਂ ਦੇ ਮੁੰਡੇ ਵੀ ਮੇਰੇ ਦੋਸਤ ਸਨ। ਨਾ ਮੈਨੂੰ ਡਾਕਟਰ ਕਰਮਚੰਦ ਦਾ ਮੁੰਡਾ ਗੁਲਜ਼ਾਰੀ ਲ਼ਾਲ ਓਪਰਾ ਲੱਗਦਾ ਸੀ, ਨਾ ਹੀ ਬੁੱਢਾ ਸਿੰਘ ਮਹਿਰੇ ਦਾ ਮੁੰਡਾ ਤਾਰੀ ਅਤੇ ਨਾ ਹੀ ਪ੍ਰੀਤਮ ਸੁੰਹ ਸੁਨਿਆਰੇ ਦਾ ਮੁੰਡਾ ਮੁੱਖਾ ਠਾਕਰ ਸਿੰਘ ਝਟਕਈ ਦਾ ਸਾਲਾ ਅਰਜਨ ਵੀ ਮੇਰਾ ਬੇਲੀ ਸੀ ਅਤੇ ਹਰਨਾਮ ਦਰਜ਼ੀ ਦਾ ਮੁੰਡਾ ਪਿਆਰਾ ਵੀ ਜ਼ਾਤ-ਪਾਤ ਮੰਨਣ ਵਾਲੀ ਕੱਟੜ ਹਉਮੈਂ ਮੇਰੇ ਵਿੱਚ ਬਚਪਨ ਤੋਂ ਹੀ ਨਹੀਂ ਸੀ ਅਸੀਂ ਸਭ ਯਾਰ-ਬੇਲੀ ਸਾਂ ਮੇਰੇ ਵਿੱਚ ਜਾਤ-ਪਾਤੀ ਖੁੱਲ੍ਹ-ਦਿਲੀ ਅਤੇ ਸਹਿਣਸ਼ੀਲਤਾ ਦਾ ਇੱਕ ਕਾਰਨ ਇਹ ਵੀ ਹੈ ਕਿ ਮੈਂ ਅਜਿਹੇ ਸਰਬ-ਸਾਂਝੇ ਮਾਹੌਲ ਵਿੱਚ ਪਲਿਆ। ਅਸੀਂ ਵਿਆਹਾਂ-ਸ਼ਾਦੀਆਂ, ਖ਼ੁਸ਼ੀ-ਗ਼ਮੀ ਵਿੱਚ ਇੱਕ ਦੂਜੇ ਦੇ ਘਰ ਸਕਿਆਂ ਵਾਂਗ ਹੀ ਆਉਂਦੇ-ਜਾਂਦੇ। ਇੱਕ ਦੂਜੇ ਦੇ ਘਰ ਖੇਡਦੇ ਇੱਕ ਦੂਜੇ ਦੇ ਘਰੋਂ ਹੀ ਖਾ-ਪੀ ਲੈਂਦੇ ਕੋਈ ਵਿਤਕਰਾ ਨਹੀਂ ਸੀ। ਵੱਡਿਆਂ ਦੇ ਸਮੇਂ ਤੋਂ ਲੈ ਕੇ ਭਾਈਚਾਰਿਆਂ ਦਾ ਇਹ ਪਿਆਰ ਬਣਿਆ ਹੋਇਆ ਸੀ।

ਇੰਜ ਸਾਡੇ ਘਰ ਦਾ ਡਿਓੜ੍ਹੀ ਵੱਲ ਦਾ ਮੁੱਖ ਦਰਵਾਜ਼ਾ ਜਿੱਥੇ ਪਹਾੜ ਦੀ ਬਾਹੀ ਵਾਲੇ ਬਾਜ਼ਾਰ ਵਿੱਚ ਖੁੱਲ੍ਹਦਾ ਸੀ ਓਥੇ ਲਹਿੰਦੇ ਵੱਲ ਦੇ ਬਾਜ਼ਾਰ ਵਿੱਚ ਸਾਡੀਆਂ ਦੋ ਕੋਠੜੀਆਂ ਦੇ ਦਰਵਾਜ਼ੇ ਖੁੱਲ੍ਹਦੇ ਸਨ। ਕਈ ਲੋਕ ਤਾਂ ਕਦੀ ਕਦੀ ਰਸ਼ਕ ਨਾਲ ਇਹ ਵੀ ਆਖਦੇ ਕਿ ਕਿਆ ਜੱਟਾਂ ਨੇ ਪਿੰਡ ਦੀ ਧੁੰਨੀ ਸਮਝੇ ਜਾਣ ਵਾਲੇ ਅਤੇ ਨਿਰੋਲ ਹਿੰਦੂ ਆਬਾਦੀ ਵਾਲੇ ਕੇਂਦਰੀ ਹਿੱਸੇ ਉੱਤੇ ਕਬਜ਼ਾ ਆਣ ਜਮਾਇਆ ਹੈ! ਕਬਜ਼ਾ ਤਾਂ ਇਹ ਪਤਾ ਨਹੀਂ ਕਦੋਂ ਕੁ ਦਾ ਸੀ! ਪਰ ਪੀੜ੍ਹੀਆਂ ਤੋਂ ਕਦੀ ਸਾਡੇ ਪਰਿਵਾਰ ਦੇ ਵਡੇਰਿਆਂ ਦੀ ਆਪਣੇ ਆਸੇ ਪਾਸੇ ਰਹਿੰਦੇ ਲੋਕਾਂ ਨਾਲ ਕਹੀ-ਸੁਣੀ ਨਹੀਂ ਸੀ ਹੋਈ। ਸਾਰੇ ਆਪਸ ਵਿੱਚ ਬੜੀ ਸਦ-ਭਾਵਨਾ ਨਾਲ ਰਹਿੰਦੇ ਸਨ। ਜਦੋਂ ਅਜੇ ਇਹ ਥਾਂ ਸਿਰਫ਼ ਹਵੇਲੀ ਵਜੋਂ ਹੀ ਵਰਤੋਂ ਵਿੱਚ ਆਉਂਦੀ ਸੀ ਅਤੇ ਸਾਡਾ ਪਰਿਵਾਰ ਅੰਦਰਲੇ ਘਰੋਂ ਆ ਕੇ ਏਥੇ ਰਹਿਣ ਨਹੀਂ ਸੀ ਲੱਗਾ, ਉਦੋਂ ਤਾਂ ਇਸ ਖੁੱਲ੍ਹੀ ਹਵੇਲੀ ਵਿੱਚ ਪਿੰਡ ਦੇ ਹਿੰਦੂ ਭਾਈਚਾਰੇ ਵੱਲੋਂ ਰਾਮ-ਲੀਲਾ ਵੀ ਖੇਡੀ ਜਾਂਦੀ, ਜਿਸ ਵਿੱਚ ਸਿੱਖ ਮੁੰਡੇ ਵੀ ਪਾਰਟ ਕਰਦੇ ਵੇਖਦੇ ਤਾਂ ਇਸਨੂੰ ਹਿੰਦੂ-ਸਿੱਖ ਸਾਰੇ ਹੀ ਰਲ-ਮਿਲ ਕੇ ਸਨ।

ਡਿਓੜ੍ਹੀ ਵਿੱਚ ਬਾਬੇ ਕਿਸ਼ਨ ਸਿੰਘ ਵੇਲੇ ਦੀਆਂ ਰੌਣਕਾਂ ਹੁਣ ਵੀ ਲੱਗਦੀਆਂ ਸਨ। ਮੇਰੀ ਸੰਭਾਲ ਵਿੱਚ ਵੀ ਤਿੰਨ-ਚਾਰ ਵੱਡੇ ਪਾਵਿਆਂ ਵਾਲੇ ਪਲੰਘ ਡਿਓੜ੍ਹੀ ਵਿੱਚ ਡੱਠੇ ਰਹਿੰਦੇ; ਜਿੱਥੇ ਪੰਜ-ਸੱਤ ਬੰਦੇ ਬੈਠੇ ਹੁੰਦੇ ਜੱਗ-ਜਹਾਨ ਦੀਆਂ ਗੱਲਾਂ ਕਰਦੇ ਡਿਓੜ੍ਹੀ ਦਾ ਵੱਡਾ ਦਰਵਾਜ਼ਾ ਸਾਰੀ ਦਿਹਾੜੀ ਖੁੱਲ੍ਹਾ ਰਹਿੰਦਾ। ਬਾਹਰਲੇ ਪਿੰਡਾਂ ਤੋਂ ਸੌਦਾ-ਸੂਤ ਲੈਣ ਆਉਣ ਵਾਲੇ ਬੰਦੇ ਆਪਣੀਆਂ ਘੋੜੀਆਂ ਨੂੰ ਸਾਡੀ ਹਵੇਲੀ ਵਿੱਚ ਬੰਨ੍ਹਦੇ ਪਾਣੀ-ਧਾਣੀ ਪੀਂਦੇ, ਕੰਮ-ਧੰਦਾ ਕਰਨ ਤੋਂ ਬਾਅਦ ਬੈਠੀ ਸੰਗਤ ਦਾ ਸਾਥ ਵੀ ਮਾਣਦੇ। ਆਪਣੇ ਪਿੰਡਾਂ ਦੀਆਂ ਖ਼ਬਰਾਂ ਸੁਣਾਉਂਦੇ, ਏਥੋਂ ਦੀਆਂ ਸੁਣਦੇ। ਪੜ੍ਹਿਆ-ਲਿਖਿਆ ਕੋਈ ਜਣਾ ਅਖ਼ਬਾਰ ਪੜ੍ਹ ਕੇ ਖ਼ਬਰਾਂ ਸੁਣਾਉਂਦਾ। ਮੇਰੇ ਪਿਓ ਦਾ ਹਾਣੀ ਸੁਰਜਜੀਤ ਸਿੰਘ ਸੰਧੂ, ਜੋ ਪਿੱਛੋਂ ਕਨੇਡਾ ਜਾ ਵੱਸਿਆ, ਆਪਣੀ 'ਪ੍ਰੀਤ-ਲੜੀ' ਵੀ ਸਾਡੀ ਡਿਓੜ੍ਹੀ ਵਿੱਚ ਲੈ ਕੇ ਆ ਜਾਂਦਾ ਅਤੇ ਇਸ ਵਿਚੋਂ ਕੰਮ ਦੀਆਂ ਗੱਲਾਂ ਪੜ੍ਹ ਕੇ ਸੁਣਾਉਂਦਾ। ਪਿਛੋਂ ਇਹ 'ਪ੍ਰੀਤ-ਲੜੀ' ਮੇਰਾ ਪਿਓ ਪੜ੍ਹਦਾ। ਮੈਨੂੰ ਹੁਣ ਵੀ ਯਾਦ ਹੈ ਜਦੋਂ ਮੈਂ ਅੱਠ-ਨੌਂ ਕੁ ਸਾਲ ਦਾ ਸਾਂ



Namdhari Elibrary NamdhariElibrary@gmail.com

ਤਾਂ ਮੇਰੀ ਮਾਂ ਮੇਰੇ ਵਾਲਾਂ ਵਿੱਚ ਘਿਓ ਝੱਸ ਰਹੀ ਸੀ ਤੇ ਮੈਂ ਮੂੰਹ ਅੱਗੇ ਆਏ ਵਾਲਾਂ ਨੂੰ ਪਾਸੇ ਕਰਕੇ 'ਪ੍ਰੀਤ-ਲੜੀ' ਵਿੱਚ ਗੁਰਬਖ਼ਸ਼ ਸਿੰਘ ਦਾ ਪ੍ਰਸ਼ਨ-ਉੱਤਰ ਵਾਲਾ ਕਾਲਮ 'ਮੇਰੇ ਝਰੋਖੇ 'ਚੋਂ' ਪੜ੍ਹਨ ਦੀ ਕੋਸ਼ਿਸ਼ ਕਰ ਰਿਹਾ ਸਾਂ।

ਪਚਵੰਜਾ ਵਿੱਚ ਆਏ ਵੱਡੇ ਮੀਹਾਂ ਤੇ ਹੜ੍ਹਾਂ ਕਰਕੇ ਪਿੰਡ ਵਿੱਚ ਬੜੇ ਮਕਾਨ ਢਹਿ ਗਏ ਡਿਓੜ੍ਹੀ ਦੇ ਖੱਬੇ ਹੱਥ ਵਾਲੀ ਦੁਕਾਨ ਵੀ ਢਹਿ ਗਈ ਤੇ ਨਾਲ ਹੀ ਉਸ ਦੁਕਾਨ ਅਤੇ ਡਿਓੜ੍ਹੀ ਵਿਚਕਾਰਲੀ ਸਾਂਝੀ ਕੰਧ ਵੀ। ਡਿਓੜ੍ਹੀ ਦੀ ਛੱਤ ਦਾ ਇਸ ਪਾਸੇ ਵਾਲਾ ਹਿੱਸਾ ਵੀ ਨੁਕਸਾਨਿਆ ਗਿਆ। ਨਾ ਉਹ ਦੁਕਾਨ ਕਿਸੇ ਬਣਾਈ ਤੇ ਨਾ ਹੀ ਵਿਚਕਾਰਲੀ ਕੰਧ। ਸਿੱਟੇ ਵਜੋਂ ਹੌਲੀ ਹੌਲੀ ਹਵੇਲੀ ਦੀ ਛੱਤ ਡਿੱਗਦੀ ਵੇਖ ਅਸੀਂ ਆਪ ਹੀ ਢਾਹ ਦਿੱਤੀ। ਵਿਚਕਾਰਲੀ ਕੱਚੀ ਕੰਧ ਦਸ ਕੁ ਫੁੱਟ ਉੱਚੀ ਕਰਕੇ ਓਹਲਾ ਕਰ ਲਿਆ। ਉਂਜ ਕੁੱਝ ਸਾਲ ਪਿੱਛੋਂ ਅਸੀਂ ਡਿਓੜ੍ਹੀ ਦੇ ਬਾਹਰਲੇ ਤੀਹ ਕੁ ਫੁੱਟ ਲੰਮੇ ਪੱਕੇ ਮੱਥੇ ਵਿਚੋਂ ਇੱਕ ਪਾਸੇ ਬਾਰਾਂ ਕੁ ਫੁੱਟ ਦਾ ਦਰਵਾਜ਼ਾ ਬਣਾ ਕੇ ਤੇ ਘਰ ਲਈ ਰਾਹ ਛੱਡ ਕੇ ਬਾਕੀ ਹਿੱਸੇ ਵਿੱਚ ਲੰਮੀ ਪੱਕੀ ਬੈਠਕ ਪਾ ਲਈ ਸੀ। ਪਰ ਮੈਂ ਜਿਹੜੀ ਗੱਲ ਸੁਣਾਉਣ ਲੱਗਾ ਹਾਂ ਉਹ ਉਦੋਂ ਦੀ ਹੈ ਜਦੋਂ ਡਿਓੜ੍ਹੀ ਢਹਿ ਚੁੱਕੀ ਸੀ ਅਤੇ ਇਹ ਥਾਂ ਅਜੇ ਖਾਲੀ ਹੀ ਪਿਆ ਸੀ। ਅਸੀਂ ਏਥੇ ਆਪਣੇ ਡੰਗਰ ਬੰਨ੍ਹਦੇ ਸਾਂ। ਡਿਓੜ੍ਹੀ ਦੇ ਖੱਬੇ ਹੱਥ ਦੁਕਾਨ ਵਾਲਾ ਥਾਂ ਜਿਹੜਾ ਖੋਲਾ ਹੋ ਚੁਕਿਆ ਸੀ, ਉਹ ਥਾਂ ਡਾਕਟਰ ਕਰਮ ਚੰਦ ਨੇ ਮੁੱਲ ਲੈ ਲਿਆ ਸੀ ਅਤੇ ਉਹ ਏਥੇ ਆਪਣੀ ਨਵੀਂ ਪੱਕੀ ਦੁਕਾਨ ਬਣਾਉਣੀ ਚਾਹੁੰਦਾ ਸੀ। ਪਹਿਲਾਂ ਉਹ ਤਿੰਨ ਕੁ ਦੁਕਾਨਾਂ ਦੂਰ ਇੱਕ ਕੱਚੀ ਦੁਕਾਨ ਵਿੱਚ ਆਪਣਾ ਕਲਿਨਕ ਚਲਾਉਂਦਾ ਸੀ।

ਕਰਮ ਚੰਦ ਨੂੰ ਨਵੀਂ ਬਣਾਈ ਜਾਣ ਵਾਲੀ ਦੁਕਾਨ ਦੇ ਹਿਸਾਬ ਨਾਲ ਮੁੱਲ ਲਿਆ ਗਿਆ ਥਾਂ ਥੋੜ੍ਹਾ ਲੱਗਦਾ ਸੀ ਕਰਮ ਚੰਦ ਦੀ ਹਸਰਤ ਸੀ ਕਿ ਦੁਕਾਨ ਥੋੜ੍ਹੀ ਹੋਰ ਖੁੱਲ੍ਹੀ ਹੋ ਜਾਂਦੀ! ਪਰ ਹੁੰਦੀ ਕਿਵੇਂ? ਜਦੋਂ ਨੀਹਾਂ ਪੁੱਟਣ ਲਈ ਵਿਚਕਾਰਲੀ ਸਾਂਝੀ ਕੰਧ ਢਾਹ ਦਿੱਤੀ ਗਈ ਤਾਂ ਕਰਮ ਚੰਦ ਨੇ ਨਾਲ ਰਲਦੇ ਸਾਡੀ ਡਿਓੜ੍ਹੀ ਵਾਲੇ ਖਾਲੀ ਥਾਂ ਵੱਲ ਵੇਖ ਕੇ ਕੋਲ ਖਲੋਤੇ ਮੇਰੇ ਪਿਓ ਨੂੰ ਵਿਗੋਚੇ ਦੇ ਭਾਵ ਨਾਲ ਕਿਹਾ, "ਦੀਦਾਰ, ਮੈਨੂੰ ਪਤੈ ਕਿ ਚਾਚੇ (ਹਕੀਕਤ ਸਿੰਘ) ਨੇ ਮੰਨਣਾ ਨਹੀਂ ਪਰ ਜੇ ਤੁਸੀਂ ਆਪਣੇ ਥਾਂ ਵਿਚੋਂ ਆਪਣੇ ਪਾਸਿਓਂ ਦੁਕਾਨ ਦੀ ਸੇਧ ਵਿੱਚ ਗਜ਼ ਭਰ ਲੀਰ ਦੀ ਲੀਰ ਮੈਨੂੰ ਛੱਡ ਦਿਓ ਤਾਂ ਕਿਆ ਕਹਿਣੇ! ਤੁਹਾਡੇ ਕੋਲ ਬਥੇਰਾ ਥਾਂ ਪਿਆ ਹੈ। ਪੈਸੇ ਜਿੰਨੇ ਆਖੋ ਓਨੇ ਦੇਣ ਨੂੰ ਤਿਆਰ ਹਾਂ।" ਪਰ ਉਹਦੀ ਹਿੰਮਤ ਨਹੀਂ ਸੀ ਪੈਂਦੀ ਕਿ ਬਾਪੂ ਹਕੀਕਤ ਸਿੰਘ ਨੂੰ ਆਖੇ ਕਿ ਏਨੀ ਕੁ ਥਾਂ ਉਸਨੂੰ ਮੁੱਲ ਦੇ ਦਵੇ।

'ਥਾਂ ਭਾਵੇਂ ਬਥੇਰਾ ਪਿਆ ਸੀ!' ਪਰ ਹਵੇਲੀ ਨਾਲ ਤਾਂ ਹਕੀਕਤ ਸਿੰਘ ਦੇ ਖ਼ਾਨਦਾਨ ਦੇ ਸੰਸਕਾਰ ਜੁੜੇ ਹੋਏ ਸਨ। ਉਹ ਆਪ ਹੀ ਦੱਸਦਾ ਹੁੰਦਾ ਸੀ ਦੀਵਾਨ ਸ਼ਾਹ ਦੇ ਪਿਓ ਤੇ ਗੁਰਲਾਲ ਸ਼ਾਹ ਦੇ ਦਾਦੇ ਝੰਡੂ ਸ਼ਾਹ ਨੇ, ਜਿਹਦੀ ਸ਼ਾਹੂਕਾਰੀ ਇਲਾਕੇ ਵਿੱਚ ਚੱਲਦੀ ਸੀ ਅਤੇ ਜਿਹਦੇ ਬਣਾਏ ਮਕਾਨ ਹਵੇਲੀ ਦੇ ਦੋਵੇਂ ਪਾਸੇ ਅਸਮਾਨ ਨੂੰ ਛੂੰਹਦੇ ਸਨ, ਕਿਸ਼ਨ ਮੂੰਹ ਨੂੰ ਆਖਿਆ ਸੀ, "ਸਰਦਾਰ ਕਿਸ਼ਨ ਸਿਆਂ! ਚਾਦਰ ਵਿਛਾ ਕੇ ਜਿੰਨੇ ਪੈਸੇ ਪਾਏ ਜਾ ਸਕਦੇ ਈ, ਪਾ ਲੈ ਪਰ ਇਹ ਹਵੇਲੀ ਮੈਨੂੰ ਦੇ ਦੇਹ, ਮੇਰੇ ਨਾਲ ਲੱਗਦੀ ਹੈ।"

"ਸ਼ਾਹ ਉਂਜ ਇਹ ਹਵੇਲੀ ਤੇਰੀ ਹੀ ਐ। ਆਪਣਾ ਕੁੱਝ ਵੀ ਵੰਡਿਆ ਨਹੀਂ। ਜਿਵੇਂ ਚਾਹੇ ਵਰਤ ਪਰ ਮੁੱਲ ਲੈਣ ਦੀ ਗੱਲ ਮੁੜ ਕੇ ਨਾ ਮੈਨੂੰ ਆਖੀਂ ਮੈਂ ਤਾਂ ਤੈਨੂੰ ਕਦੇ ਨਹੀਂ ਆਖਿਆ ਕਿ ਤੇਰੇ ਮਕਾਨ ਮੇਰੇ ਨਾਲ ਲੱਗਦੇ ਨੇ! ਏਦਾਂ ਹਵਸ ਵਧਾਣੀ ਚੰਗੀ ਨਹੀਂ ਹੁੰਦੀ ਝੰਡੂ ਸ਼ਾਹ! ਆਪਾਂ ਭਰਾ-ਭਰਾ ਗੁਆਂਢ ਵਿੱਚ ਭਰਾਵਾਂ ਵਾਂਗ ਰਹੀਏ। ਕਿਸੇ ਨੂੰ ਢਾਹੁਣ ਜਾਂ ਉਸ ਤੋਂ ਖੋਹਣ ਬਾਰੇ ਨਾ ਸੋਚੀਏ" ਕਿਸ਼ਨ ਸਿੰਘ ਨੇ ਉਸਨੂੰ ਕੌੜ ਨਾਲ ਆਖਿਆ ਸੀ। ਪਿੱਛੋਂ ਤੋਂ ਚੱਲੀ ਆਉਂਦੀ ਇਹ ਗੱਲ ਸਭ ਨੂੰ ਹੀ ਪਤਾ ਸੀ।

ਹੁਣ ਕਰਮ ਚੰਦ ਉਸ ਹਵੇਲੀ ਵਿੱਚੋਂ ਕੁੱਝ ਥਾਂ 'ਮੁੱਲ' ਲੈਣਾ ਚਾਹੁੰਦਾ ਸੀ। ਉਸਨੂੰ ਵੀ ਪਤਾ ਸੀ ਕਿ ਹਕੀਕਤ ਸਿੰਘ ਉਸਨੂੰ ਇਹ ਥਾਂ ਕਦੋਂ ਮੁੱਲ ਦੇਣ ਲੱਗਾ ਹੈ! ਜਦੋਂ ਉਸਨੇ ਆਪਣੀ ਇਹ ਹਸਰਤ ਮੇਰੇ ਪਿਓ ਨਾਲ ਸਾਂਝੀ ਕੀਤੀ ਤਾਂ ਮੇਰੇ ਪਿਓ ਨੇ ਮੁਸਕਰਾ ਕੇ ਕਿਹਾ, "ਪੈਸਿਆਂ ਦੀ ਗੱਲ ਤਾਂ, ਡਾਕਟਰ ਜੀ, ਤੁਸੀਂ ਛੱਡੋ ਉਂਜ ਆਪਾਂ ਐਂ ਕਰਦੇ ਆਂ ਮਾਮੇ ਨੂੰ ਕਿਤੇ ਵਾਂਢੇ ਘਲਾ ਦੇਨੇਂ ਆਂ। ਪਿੱਛੋਂ ਆਪਾਂ ਨੀਂਹ ਰਖਾ ਕੇ ਕੰਧ ਚੁਕ ਦਿਆਂਗੇ। ਮਾਮਾ ਜਦੋਂ ਨੂੰ ਆਊ ਉਦੋਂ ਵੇਖੀ ਜਾਊ।"

ਕਰਮ ਚੰਦ ਝਿਜਕਦਾ ਅਤੇ ਡਰਦਾ ਵੀ ਸੀ ਉਸਨੂੰ ਪਤਾ ਸੀ ਕਿ ਵਿਗੜ ਜਾਣ ਤੇ ਹਕੀਕਤ ਸਿੰਘ ਤਲਵਾਰ ਵੀ ਕੱਢ ਸਕਦਾ ਸੀ ਪਰ ਮੇਰੇ ਪਿਤਾ ਨੇ ਬਾਪੂ ਨੂੰ ਕਿਤੇ ਕਿਸੇ ਕੰਮ ਵਾਂਢੇ ਜਾਣਾ ਮਨਾ ਹੀ ਲਿਆ। ਉਹਨਾਂ ਨੂੰ ਆਸ ਸੀ ਕਿ ਅੱਜ ਸ਼ਾਮ ਦਾ ਗਿਆ ਉਹ ਪੰਦਰਾਂ ਵੀਹਾਂ ਕੋਹਾਂ ਤੋਂ ਕੱਲ੍ਹ ਸ਼ਾਮ ਤੱਕ ਤੋਂ ਪਹਿਲਾਂ ਤਾਂ ਮੁੜਨ ਹੀ ਨਹੀਂ ਲੱਗਾ। ਚਾਹਵੇ ਤਾਂ ਦੋ ਤਿੰਨ ਦਿਨ ਲਾ ਆਵੇ ਸਵੇਰੇ ਨੀਂਹ ਰੱਖੀ ਜਾਣੀ ਸੀ। ਰਾਜ ਮਿਸਤਰੀ ਅਜੇ ਸੰਦ-ਵਲੇਵੇਂ ਸੂਤ ਹੀ ਕਰਦੇ ਫ਼ਿਰਦੇ ਸਨ ਤੇ ਕਰਮ ਚੰਦ ਅਤੇ ਮੇਰਾ ਪਿਤਾ ਥਾਂ ਦਾ ਜਾਇਜ਼ਾ ਹੀ ਲੈਂਦੇ ਫ਼ਿਰਦੇ ਸਨ ਕਿ ਬਾਪੂ ਹਕੀਕਤ ਸਿੰਘ ਮੌਕੇ 'ਤੇ ਹੀ ਪੁੱਜ ਗਿਆ ਕੀਤਾ ਤਾਂ ਅਜੇ ਭਾਵੇਂ ਕੁੱਝ ਨਹੀਂ ਸੀ ਪਰ ਦੋਹਾਂ ਨੂੰ ਜਾਪਿਆ ਜਿਵੇਂ ਚੋਰ ਸੰਨ੍ਹ ਉੱਤੋਂ ਫੜ੍ਹਿਆ ਗਿਆ ਹੋਵੇ। ਉਹਨਾਂ ਦੀ ਬਣਾਈ ਸਕੀਮ ਉੱਤੇ ਪਾਣੀ ਫ਼ਿਰ ਗਿਆ ਸੀ।

ਚਲਦਾ....



Namdhari Elibrary NamdhariElibrary@gmail.com

# ਡਾਕਟਰ ਦਾ ਇਲਾਜ

*—ਡਾ. ਸੁਰਿੰਦਰ ਮੰਡ*



ਜਦੋਂ ਮੈਨੂੰ ਐਮ. ਏ. ਕੀਤੀ ਨੂੰ ਸਾਲ ਕੁ ਹੋ ਗਿਆ ਸੀ ਤੇ ਅੱਗੋਂ ਪੀ. ਐਚ. ਡੀ ਵਾਲੀ ਪੜ੍ਹਾਈ ਕਰਨ ਦੇ ਰਾਹ ਤੁਰ ਪਿਆ ਸਾਂ ਤਾਂ ਉਹਨਾਂ ਦਿਨਾਂ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਕਨਵੋਕੇਸ਼ਨ ਆ ਗਈ। ਮੈਨੂੰ ਐਮ. ਏ. ਪੰਜਾਬੀ ਵਿਚੋਂ ਫਸਟ ਆਉਣ ਕਰਕੇ ਦੋ ਗੋਲਡ ਮੈਡਲ ਮਿਲੇ। ਇਕ ਯੂਨੀਵਰਸਿਟੀ ਵੱਲੋਂ, ਜੋ ਹਰ ਵਿਸ਼ੇ ਦੇ ਟਾਪਰ ਨੂੰ ਦਿੱਤਾ ਜਾਂਦਾ ਹੈ, ਜੋ ਚਾਂਦੀ ਦਾ ਹੁੰਦਾ ਹੈ। ਭਾਵੇਂ ਕਿ ਉਹਦੇ ਉੱਤੇ ਗੋਲਡ ਮੈਡਲ ਲਿਖਿਆ ਹੁੰਦਾ ਹੈ। ਤੇ ਦੂਜਾ ਮਿਲਿਆ, 'ਭਾਈ ਜੋਧ ਸਿੰਘ ਮੈਮੋਰੀਅਲ ਗੋਲਡ ਮੈਡਲ'। ਮੈਨੂੰ ਦੱਸਿਆ ਗਿਆ ਕਿ ਇਹ ਸੋਨੇ ਦਾ ਹੈ। ਉਹਨਾਂ ਦੇ ਨਾਮ ਉੱਤੇ ਬਣੇ ਟਰੱਸਟ ਦੀ ਜਮ੍ਹਾਂ ਰਾਸ਼ੀ ਦੇ ਵਿਆਜ ਨਾਲ ਬਣਾਉਂਦੇ ਹਨ।

ਮੈਂ ਦੋਵੇਂ ਗੋਲਡ ਮੈਡਲ ਲੈ ਕੇ ਅਗਲੇ ਦਿਨ ਪਿੰਡ ਗਿਆ ਤਾਂ ਘਰ ਦੇ ਬੜੇ ਖੁਸ਼ ਹੋਏ। ਆਂਢ ਗਵਾਂਢ ਇਕੱਠਾ ਹੋ ਗਿਆ। ਹਰ ਕੋਈ ਮੈਡਲ ਫੜ ਫੜ ਵੇਖੇ ਤੇ ਮੇਰੀ ਮਾਂ ਨੂੰ ਵਧਾਈਆਂ ਮਿਲਣ।

ਇਕ ਸਾਡੇ ਘਰਾਂ 'ਚੋਂ ਚਾਚੀ ਲੱਗਦੀ, ਉਹਨੇ ਸੋਨੇ ਵਾਲਾ ਮੈਡਲ ਹੱਥ ਤੇ ਰੱਖ ਕੇ ਪੁੱਛਿਆ, "ਪੁੱਤ, ਇਹ ਕਿੰਨੇ ਕੁ ਤੋਲਿਆਂ ਦਾ ਹੋਊਗਾ?"

"ਚਾਚੀ ਤਿੰਨ ਚਾਰ ਤੋਲਿਆਂ ਦਾ ਜਾਪਦਾ।"

"ਇਹਨੂੰ ਤੁੜਾ ਕੇ ਪਈਂਡਲ ਬੜਾ ਵਧੀਆ ਬਣਜੂਗਾ।" ਚਾਚੀ ਨੇ ਸਹਿਜ-ਸੁਭਾ ਆਖ ਦਿੱਤਾ।

"ਇਹ ਇਨਾਮ ਹੁੰਦਾ ਚਾਚੀ, ਇਹਨੂੰ ਵੈਸੇ ਸੰਭਾਲ ਕੇ ਰੱਖੀਦਾ। ਵੇਖੀਦਾ। ਚੰਗੀ ਯਾਦਗਾਰ ਹੁੰਦੀ ਸਾਰੀ ਉਮਰ ਦੀ। ਇਹਦਾ ਤੁੜਾ ਕੇ ਕੁਛ ਨੀ ਬਣਾਈਦਾ।" ਮੈਂ ਆਵਦੀ ਵੱਲੋਂ ਸਮਝਾਇਆ।

"ਲੈ... ਤੇ ਫੇਰ ਇਹਦਾ ਕੀ ਫੈਦਾ ਹੋਇਆ?" ਚਾਚੀ ਨੱਕ ਚੜ੍ਹਾ ਕੇ ਬੋਲੀ।

"ਪੁੱਤ ਜਾਹ ਅੰਦਰ ਰੱਖ ਸੰਦੂਖ 'ਚ ਇਹਨਾਂ ਨੂੰ। ਏਨ੍ਹਾ ਲੂਣ-ਵੱਟਿਆਂ ਨੂੰ ਕੀ ਪਤਾ ਮੈਡਲਾਂ ਦਾ!" ਮੇਰੀ ਮਾਂ ਖਿਝ ਕੇ ਬੋਲੀ।

ਜ਼ਰਾ ਠਹਿਰ ਕੇ ਜਦ ਮਹਿਫਿਲ ਵੀ ਮਘੀ ਤਾਂ ਇਕ ਜਣਾ ਬੋਲਿਆ, "ਭਤੀਜ, ਤੈਨੂੰ ਅਈਨੇ ਸਾਲ ਹੋ ਗੇ ਪੜ੍ਹਦੇ ਨੂੰ। ਸੋਲਾਂ ਜਮਾਤਾਂ ਆਂਹਦੇ ਤੂੰ ਪਾਸ ਕਰ ਲੀਆਂ। ਤੂੰ ਹੁਣ ਕੀ ਪੜ੍ਹੀ ਜਾਨਾਂ?"

"ਹੁਣ ਚਾਚਾ ਇਕ ਡਾਕਟਰੀ ਦੀ ਡਿਗਰੀ ਹੁੰਦੀ ਸਭ ਤੋਂ ਵੱਡੀ। ਪੀ. ਐਚ. ਡੀ. ਆਂਹਦੇ ਉਹਨੂੰ। ਉਹ ਕਰਦਾ ਵਾਂ। ਮੈਂ ਸੋਚਿਆ ਬਣੀ ਕੋਈ ਜਮਾਤ ਹੁਣ ਰਹਿ ਨਾ ਜਾਵੇ। ਤਿੰਨ ਚਾਰ ਸਾਲ ਲਗਦੇ ਨੇ ਏਸ ਡਿਗਰੀ ਨੂੰ।"

"ਲੈ...ਆਹ ਤੇ ਮੌਜ ਬਣਗੀ ਫੇਰ। ਆਪਣੇ ਪਿੰਡ ਵੀ ਕੋਈ ਡਾਕਟਰ ਨਹੀਂ ਸੀ ਹੈਗਾ। ਤੇਰੇ ਹੁੰਦਿਆਂ ਹੁਣ ਸਾਨੂੰ ਕਾਹਦਾ ਫਿਕਰ ਆ।"

ਜੇ ਮੈਂ ਉਹਨੂੰ ਵੀ ਖੋਲ੍ਹ ਕੇ ਦੱਸਦਾ ਕਿ ਜਿਹੜੀ ਡਾਕਟਰੀ ਦੀ ਪੜ੍ਹਾਈ ਮੈਂ ਕਰਦਾਂ, ਇਹਦੇ ਨਾਲ ਕੋਈ ਬਿਮਾਰ ਰਾਜ਼ੀ ਨਹੀਂ ਹੋ ਸਕਦਾ। ਤਾਂ ਉਹਨੇ ਵੀ ਚਾਚੀ ਵਰਗਾ ਈ ਕੋਈ ਬਿਆਨ ਛੱਡਣਾ ਸੀ। ਸੋ ਮੈਂ ਚੁੱਪ ਰਹਿ ਕੇ ਥੋੜ੍ਹਾ ਜਿਅ੍ਹਾ ਸਿਰ ਹਿਲਾਉਣ ਵਿਚ ਹੀ ਭਲਾ ਸਮਝਿਆ। ਪਰ ਆਉਣ ਵਾਲੇ ਵਕਤ ਨੇ ਨਵਾਂ ਰੰਗ ਵਖਾਇਆ।

ਮੈਂ ੧੯੮੮ ਵਿਚ ਸਰਕਾਰੀ ਕਾਲਿਜ ਤਲਵਾੜੇ ਵਿਚ ਪੰਜਾਬੀ ਦਾ ਲੈਕਚਰਾਰ ਲੱਗ ਗਿਆ। ਇਸ ਤੋਂ ਕਈ ਸਾਲ ਪਹਿਲਾਂ ਦੇ ਹੀ ਮੇਰੇ ਲੇਖ ਅਤੇ ਨਿਬੰਧ ਅਖਬਾਰਾਂ ਵਿਚ ਛਪਣ ਲੱਗ ਪਏ ਸਨ। ਤੇ ਫਿਰ ਮਗਰੋਂ ੫-੬ ਕਿਤਾਬਾਂ ਵੀ ਛਪ ਗਈਆਂ। ਪੜ੍ਹਨ ਵਾਲਿਆਂ ਦੇ ਸੋਹਣੇ ਟੈਲੀਫੋਨ ਆਉਣੇ। ਫਿਰ ਮੈਨੂੰ ਲਿਖਤਾਂ ਵੀ ਦਵਾਈ ਵਰਗੀਆਂ ਲੱਗਣ ਲੱਗ ਪਈਆਂ। ਅਸਲੀ ਦਵਾਈ, ਜਿਹੜੀ ਤੰਦਰੁਸਤ ਬੰਦੇ ਨੂੰ ਵੀ ਦਿੱਤੀ ਜਾ ਸਕਦੀ। ਤੇ ਜਿੰਨੀ ਮਰਜ਼ੀ ਮਾਤਰਾ 'ਚ ਲਈ ਜਾ ਸਕਦੀ।

ਪਾਠਕ ਅਕਸਰ ਹੱਲਾਸ਼ੇਰੀ ਦੇਣ ਵਰਗੀਆਂ ਗੱਲਾਂ ਕਰਦੇ। ਬੜੇ ਖੁਸ਼ ਹੁੰਦੇ। ਬੜਾ ਚੰਗਾ ਲੱਗਦਾ। ਪਰ ਇਕ ਦਿਨ ਇਕ ਨਵੀਂ ਚੁਣੌਤੀ ਆ ਖਲੋਤੀ।

ਘਰ ਸਿਖਰ ਦੁਪਹਿਰੇ ਬੈੱਲ ਖੜਕੀ। ਬਾਹਰ ਇਕ ਗੁਣੀ-ਗਿਆਨੀ, ਬੱਧੀ ਦਾਹੜੀ ਬੰਦਾ ਖੜ੍ਹਾ। ਅੰਦਰ ਲਿਆਂਦਾ। ਪਛਾਣਿਆ। ਉਹ ਮੇਰਾ ਪੁਰਾਣਾ ਵਿਦਿਆਰਥੀ ਸੀ। ਜੋ ਅੱਜ



Namdhari Elibrary NamdhariElibrary@gmail.com

ਕਲ ਐਮ. ਬੀ. ਬੀ. ਐਸ ਡਾਕਟਰ ਸੀ। ਮੈਂ ਅਨਦਾਹੜੀਆ ਵੇਖਿਆ ਸੀ। ਇਸ ਲਈ ਏਨੇ ਸਾਲਾਂ ਬਾਅਦ ਯਕਦਮ ਪਛਾਣਿਆ ਨਾ ਗਿਆ। ਪਹਿਲਾਂ ਤਾਂ ਉਸਨੇ ਏਨੀ ਦੇਰ ਨਾ ਮਿਲਣ ਆਉਣ ਦੀਆਂ ਮਾਫ਼ੀਆਂ ਮੰਗੀਆਂ। ਤੇ ਫਿਰ ਕਹਿੰਦਾ,

"ਸਰ, ਮੇਰਾ ਮਨ ਬੜਾ ਪਰੇਸ਼ਾਨ ਸੀ। ਮੈਂ ਆਖਿਆ ਸਰ ਨੂੰ ਮਿਲ ਕੇ ਆਉਨਾ। ਤੁਸੀਂ ਸਾਨੂੰ ਕਲਾਸ 'ਚ ਵੀ ਵਧੀਆ ਵਧੀਆ ਗੱਲਾਂ ਸੁਣਾਉਂਦੇ ਹੁੰਦੇ ਸੀ।" ਉਹ ਉਤਰੇ ਹੋਏ ਚਿਹਰੇ ਨਾਲ ਬੋਲ ਰਿਹਾ ਸੀ।

"ਤੂੰ ਤੇ ਯਾਰ ਡਾਕਟਰ ਐਂ ਹੁਣ। ਏਸ ਜ਼ਮਾਨੇ 'ਚ ਲੋਕ ਡਾਕਟਰ ਬਣਨ ਨੂੰ ਤਰਲੇ ਲੈਂਦੇ ਫਿਰਦੇ ਨੇ। ਤੈਨੂੰ ਕਾਹਦੀ ਪਰੇਸ਼ਾਨੀ? ਕਿੱਥੇ ਆਂ ਅੱਜ ਕੱਲ੍ਹ?"

"ਕਦੀ ਕਿਤੇ ਕਦੀ ਕਿਤੇ ਸਰ।"

ਮੈਂ ਸਮਝ ਗਿਆ ਕਿ ਇਸਨੂੰ ਸਰਕਾਰੀ ਨੌਕਰੀ ਨਹੀਂ ਮਿਲੀ। ਇਸ ਕਰਕੇ ਪਰੇਸ਼ਾਨ ਆ। ਤੇ ਪ੍ਰਾਈਵੇਟ ਹਸਪਤਾਲਾਂ ਵਾਲੇ ਪੈਸੇ ਥੋੜ੍ਹੇ ਦਿੰਦੇ ਨੇ। ਉਹਨੇ ਦੱਸਿਆ ਕਿ ਅੰਮ੍ਰਿਤਸਰ ਦੇ ਮਸ਼ਹੂਰ ਹਸਪਤਾਲਾਂ 'ਚ ਨੌਕਰੀ ਕਰ ਚੁੱਕਾ ਸੀ। ਪੜ੍ਹਦਿਆਂ ਉਸਨੂੰ ਗਾਉਣ ਦਾ ਵੀ ਸ਼ੌਕ ਸੀ ਤੇ ਮੈਂ ਉਸਨੂੰ ਮੁਕਾਬਲਿਆਂ ਲਈ ਤਿਆਰੀ ਕਰਵਾਉਂਦਾ ਹੁੰਦਾ ਸਾਂ। ਉਹ ਖੁਦ ਹਰਮੋਨੀਅਮ ਵਜਾ ਲੈਂਦਾ ਸੀ।

ਸੋ ਮੈਂ ਉਸ ਤੋਂ ਗ਼ਜ਼ਲਾਂ ਸੁਣੀਆਂ। ਉਸਦੀ ਤਾਰੀਫ਼ ਕੀਤੀ। ਹੌਂਸਲਾ ਵਧਾਇਆ ਤੇ ਉਹ ਇਕ ਵਾਰ ਤਾਂ ਹੌਲਾ ਫੁੱਲ ਹੋ ਕੇ ਚਲਾ ਗਿਆ।

ਪਰ ਮੈਂ ਸੋਚੀਂ ਪੈ ਗਿਆ। ਮੇਰੇ ਇਸ ਵਿਦਿਆਰਥੀ ਵਰਗੇ ਹਜ਼ਾਰਾਂ ਮੁੰਡੇ ਕੁੜੀਆਂ ਡਾਕਟਰੀ ਦੀ ਡਿਗਰੀ ਕਰ ਚੁੱਕੇ। ਪਿਛਲੇ ਪੰਦਰਾਂ ਵੀਹ ਸਾਲਾਂ 'ਚ ਇਹਨਾਂ 'ਚੋਂ ਪੰਜ ਪ੍ਰਤੀਸ਼ਤ ਨੂੰ ਵੀ ਰੈਗੂਲਰ ਸਰਕਾਰੀ ਨੌਕਰੀ ਨਹੀਂ ਮਿਲੀ। ਬਹੁਤੇ ਨਿਗੂਣੀਆਂ ਤਨਖਾਹਾਂ ਤੇ ਪ੍ਰਾਈਵੇਟ ਹਸਪਤਾਲਾਂ ਵਿਚ ਕੰਮ ਕਰਨ ਲਈ ਮਜਬੂਰ ਨੇ, ਉਵੇਂ ਹੀ, ਜਿਵੇਂ ਹਜ਼ਾਰਾਂ ਮੁੰਡੇ ਕੁੜੀਆਂ ਬੀ. ਐਡ ਦੀਆਂ ਡਿਗਰੀਆਂ ਕਰਕੇ ਡੇਢ, ਦੋ, ਤਿੰਨ ਹਜ਼ਾਰ ਤੇ ਪ੍ਰਾਈਵੇਟ ਸਕੂਲਾਂ ਵਿਚ ਕੰਮ ਕਰਨ ਦਾ ਅੱਕ ਚੱਬਣ ਲਈ ਮਜਬੂਰ ਨੇ।

ਡਾਕਟਰਾਂ ਨੂੰ ਤਾਂ ਜਿੱਦਣ ਡਿਗਰੀ ਵਿਚ ਦਾਖਲਾ ਹੀ ਮਿਲਿਆ ਸੀ, ਉਹ ਤਾਂ ਓਦਣ ਹੀ ਸਮਝਣ ਲੱਗ ਪਏ ਸਨ ਕਿ ਕੋਈ ਮਹਾਨ ਘਟਨਾ ਵਾਪਰ ਗਈ ਹੈ। ਬਹੁਤਿਆਂ ਨੂੰ ਚੰਗੇ ਘਰਾਂ ਦੇ ਰਿਸ਼ਤੇ ਆਉਣ ਲੱਗੇ। ਕਈ ਕੁੜੀਆਂ ਦਾ ਵਿਦੇਸ਼ ਜਾਣ ਦਾ ਜੁਗਾੜ ਬਣ ਗਿਆ। ਜਿਹੜੀਆਂ ਇਸ ਡਿਗਰੀ ਦੀ ਬੱਲੇ ਬੱਲੇ ਨਾਲ ਚੰਗੇ ਘਰੀਂ ਵਿਆਹੀਆਂ ਗਈਆਂ, ਜਾਂ ਹਸਪਤਾਲ ਦੇ ਮਾਲਕਾਂ ਦੀਆਂ ਨੂੰਹਾਂ ਬਣ ਗਈਆਂ, ਉਹਨਾਂ ਦਾ ਤੇ ਢੱਕਣ ਢੱਕਿਆ ਗਿਆ; ਕਿਉਂਕਿ ਕਮਾਉਣ ਦੀ ਮੁੱਖ ਜ਼ਿੰਮੇਵਾਰੀ ਉਹਨਾਂ ਉਤੇ ਨਹੀਂ ਸੀ।

ਪਰ ਜਿਹੜੇ ਮੁੰਡੇ ਇਸ ਕਰਕੇ ਚੰਗੇ ਘਰੀਂ ਵਿਆਹੇ ਗਏ ਕਿ ਉਹਨਾਂ ਡਾਕਟਰੀ ਦੀ ਏਡੀ ਵੱਡੀ ਕਮਾਊ ਡਿਗਰੀ ਕਰ ਲੈਣੀ ਜਾਂ ਕਰ ਲਈ ਹੈ। ਬੜਾ ਵੱਡਾ ਮਾਅਰਕਾ ਮਾਰ ਲਿਆ ਹੈ। ਉਹਨਾਂ ਦੇ ਆਪਣੇ ਘਰਦਿਆਂ ਦੀਆਂ ਆਸਾਂ ਸਨ ਕਿ ਹੁਣ ਇਹ ਘਰ ਦਾ ਮੂੰਹ ਧੋ ਦੇਣਗੇ। ਉਹਨਾਂ ਦੀਆਂ ਆਪਣੀਆਂ ਇਛਾਵਾਂ ਅਤੇ ਲਾਲਸਾਵਾਂ ਦਾ ਵੀ ਕੋਈ ਅੰਤ ਨਹੀਂ ਸੀ। ਜੀਹਦੇ ਨਾਲ ਲਾਵਾਂ ਲਈਆਂ, ਉਹ ਤਾਂ ਪਹਿਲੇ ਦਿਨੋਂ ਈ ਅਸਮਾਨ ਉਤੇ ਉੱਡਦੀ ਸੀ।

ਤੇ ਵਿਚਕਾਰ ਫਸ ਗਏ ਵਿਚਾਰੇ ਡਾਕਟਰ ਮੁੰਡੇ, ਜਿਨ੍ਹਾਂ ਦੇ ਘਰਦਿਆਂ ਨੇ ਸਭ ਛੱਲੀ ਪੂਣੀ ਵੇਚ ਕੇ ਉਹਨਾਂ ਉਤੇ ਲਾਉਣ ਤੋਂ ਬਾਅਦ ਵੱਡੀਆਂ ਆਸਾਂ ਉਮੀਦਾਂ ਲਾਈਆਂ।

ਸੋ ਮੈਨੂੰ ਡਾਕਟਰ ਦਾ ਅਕਸਰ ਫੋਨ ਆਉਣ ਲੱਗ ਪਿਆ। ਜੋ ਨਿਰਾਸ਼ਤਾ ਦੇ ਸਮੁੰਦਰ ਵਿਚ ਗੋਤੇ ਖਾਣ ਵਾਲੇ ਬੰਦੇ ਦੀ ਅਵਾਜ਼ ਵਰਗਾ ਹੁੰਦਾ। ਉਹ ਮੈਨੂੰ ਆਨੇ ਬਹਾਨੇ ਮਿਲਣ ਆਉਂਦਾ ਅਤੇ ਘੰਟਿਆਂ ਬੱਧੀ ਬੈਠਾ ਰਹਿੰਦਾ। ਬਹੁਤੀ ਵਾਰ ਉਸਦੀ ਗੱਲ ਦਾ ਕੋਈ ਮੂੰਹ ਸਿਰ ਨਾ ਹੁੰਦਾ। ਗ਼ਜ਼ਲਾਂ ਸੁਣਾਉਂਦਾ। ਸੁਣਾਈ ਜਾਂਦਾ। ਹੁਣ ਮੈਨੂੰ ਉਹਦੀਆਂ ਗ਼ਜ਼ਲਾਂ ਸੁਣਨ ਦਾ ਵੀ ਕੋਈ ਬਹੁਤ ਮਾਇਨਾ ਨਾ ਲੱਗਦਾ ਤੇ ਮੈਂ ਉਹਨੂੰ ਆਪਣੀ ਵੱਲੋਂ ਗ਼ਜ਼ਲਾਂ ਗਾਉਣ ਨੂੰ ਨਾ ਕਹਿੰਦਾ। ਮੇਰੇ ਘਰ ਦੇ ਕਾਹਲੇ ਪੈਣ ਲੱਗ ਪਏ। ਫਿਰ ਉਹ ਬਗੈਰ ਫੋਨ ਕਰਨ ਤੋਂ ਆਉਣ ਲੱਗ ਪਿਆ। ਮੈਂ ਉਸਨੂੰ ਚੜ੍ਹਦੀ ਕਲਾ ਵਿਚ ਰੱਖਣ ਅਤੇ ਖੁਸ਼ ਕਰਨ ਲਈ ਪੂਰੀ ਵਾਹ ਲਾਉਂਦਾ।

ਉਹ ਮੇਰੇ ਕੋਲ ਹਮੇਸ਼ਾਂ ਰੋਣਾ ਜਿਆ ਮੂੰਹ ਬਣਾ ਕੇ ਆਉਂਦਾ ਅਤੇ ਜਾਣ ਲੱਗਿਆਂ ਉੱਚੀ ਉੱਚੀ ਹੱਸਦਾ ਜਾਂਦਾ। ਪਰ ਜਦ ਅਗਲੀ ਵਾਰ ਆਉਂਦਾ ਤਾਂ ਹਾਲਤ ਹੋਰ ਨਿੱਘਰੀ ਹੁੰਦੀ। ਤੇ ਉਹ ਆ ਕੇ ਮੈਨੂੰ ਤਕਰੀਬਨ ਏਹੋ ਜਿਹੇ ਸ਼ਬਦ ਬੋਲਦਾ,

"ਸਰ, ਜਦ ਮੈਨੂੰ ਕੁਛ ਨੀ ਸੁੱਝਦਾ ਤਾਂ ਥਾਡੇ ਘਰ ਨੂੰ ਤੁਰ ਪਈਨਾ। ਜਿੱਦਣ ਤੁਸੀਂ ਵੀ ਮੈਨੂੰ ਘਰ ਨਾ ਵਾੜਿਆ, ਓਦਣ ਪਤਾ ਨਹੀਂ ਫਿਰ ਮੈਂ ਕਿਧਰ ਨੂੰ ਤੁਰ ਜਾਣਾ।"

ਮੈਂ ਹਰ ਵਾਰ ਉਸਦੀਆਂ ਗੱਲਾਂ ਸੁਣਦਾ ਤੇ ਫਿਰ ਹੌਲੀ ਹੌਲੀ, ਜਿਹੜੇ ਖੱਡੇ 'ਚ ਉਹ ਮੈਨੂੰ ਡਿੱਗਾ ਜਾਪਦਾ, ਉਹਦੇ 'ਚੋਂ ਆਪਣੇ ਹਿਸਾਬ ਨਾਲ ਉਹਨੂੰ ਕੱਢਣ ਦੀ ਕੋਸ਼ਿਸ਼ ਕਰਦਾ। ਮੈਂ ਆਪਣੇ ਘਰਦਿਆਂ ਨੂੰ ਬਸ ਏਹੋ ਕਹਿ ਰੱਖਿਆ ਸੀ ਕਿ ਇਹ ਮੇਰਾ ਵਿਦਿਆਰਥੀ ਹੈ। ਤੇ ਮੈਂ ਏਹੋ ਜਹੀ ਹਾਲਤ ਵਿਚ



Namdhari Elibrary NamdhariElibrary@gmail.com

ਏਹਨੂੰ ਨੱਕ ਮੂੰਹ ਨਹੀਂ ਵੱਟ ਸਕਦਾ। ਖੌਰੇ ਲੀਹ 'ਤੇ ਆ ਜੇ।

ਪਰ ਲੀਹ 'ਤੇ ਕੀ ਆਉਣਾ ਸੀ। ਉਹ ਜਿਹੜਾ ਬੜਾ ਸੋਹਣਾ ਸ਼ਬਦ ਕੀਰਤਨ ਵੀ ਕਰਿਆ ਕਰਦਾ ਸੀ। ਇਕ ਦਿਨ ਮੇਰੇ ਕੋਲ ਆਇਆ ਤਾਂ ਸਿਰ ਘੋਨ ਮੋਨ ਕੀਤਾ ਹੋਇਆ ਤੇ ਉਤੇ ਸਾਫਾ ਵਲ੍ਹੇਟਿਆ। ਹੇਠਾਂ ਲੰਮੀ ਦਾਹੜੀ ਜੂੜੀ ਕਰਕੇ ਬੱਧੀ ਹੋਈ। ਦਾਹੜੀ ਬੱਧੀ ਤੇ ਸਿਰ ਘੋਨਾ, ਬੜਾ ਅਜੀਬ ਲੱਗੇ।

ਆਉਂਦਿਆਂ ਸਾਰ ਮੈਨੂੰ ਕਹੀਂਦਾ,

"ਸਰ, ਹਰਿਮੰਦਰ ਸਾਹਬ ਉਤੇ ਹਮਲਾ ਭਲਾ ਕੀਹਨੇ ਕੀਤਾ ਸੀ?"

ਮੈਂ ਸਮਝਿਆ ਕਿ ਇਹ ਸ਼ਾਇਦ ਇਤਿਹਾਸ ਦੀ ਕੋਈ ਡੂੰਘੀ ਘੋਖ ਕਰਨਾ ਚਾਹੁੰਦਾ। ਮੈਂ ਆਪਣੀ ਬੇਟੀ ਮਲਿਕਾ, ਜੋ ਦੇਸ਼ ਅਤੇ ਦੁਨੀਆਂ ਦੀ ਮੇਰੇ ਨਾਲੋਂ ਬਰੀਕ ਇਤਿਹਾਸਕ ਵਾਕਫੀ ਰੱਖਦੀ, ਉਹਨੂੰ ਅਵਾਜ਼ ਦਿੱਤੀ। ਮੈਂ ਸੋਚਿਆ ਖੌਰੇ ਗੱਲ ਕਿਧਰ ਨੂੰ ਵਿਸਥਾਰ ਵਿਚ ਤੁਰ ਪੈਣੀ। ਮੇਰੀ ਪਤਨੀ ਅਤੇ ਛੋਟੀਆਂ ਧੀਆਂ ਵੀ ਆ ਬੈਠੀਆਂ। ਮਲਿਕਾ ਨੇ ਆਪਣੀ ਜਾਣਕਾਰੀ ਮੁਤਾਬਕ ਚਾਨਣਾ ਪਾਇਆ। ਡਾਕਟਰ ਬੜੇ ਵਿਸ਼ਵਾਸ ਅਤੇ ਮਾਣ ਨਾਲ ਬੋਲਿਆ,

"ਸਾਨੂੰ ਪਤਾ, ਜਿਹੜੇ ਅਹਿਮਦ ਸ਼ਾਹ ਅਬਦਾਲੀ ਨੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਉਤੇ ਹਮਲਾ ਕਰਕੇ ਉਸਨੂੰ ਪੂਰਿਆ ਸੀ, ਉਹ ਮੈਂ ਸੀ।... ਬੜੇ ਬੰਦੇ ਮਰੇ ਸੀ ਉਸ ਜੰਗ 'ਚ। ਉਹ ਸਾਰਾ ਮੇਰਾ ਕਾਰਾ ਸੀ।" ਕਹਿੰਦਿਆਂ ਉਹ ਉੱਚੀ ਉੱਚੀ ਕਮਲਾ ਜਿਹਾ ਹਾਸਾ ਹੱਸਣ ਤੋਂ ਬਾਅਦ ਹੋਰ ਦੱਸਣ ਲੱਗਾ। ਮੇਰੀ ਵਹੁਟੀ ਅਤੇ ਧੀਆਂ ਨੇ ਡਰੇ ਜਏ੍ਹ ਮੂੰਹ ਬਣਾ ਲਏ। ਉਹ ਬੋਲ੍ਹਿਆ,

"ਇਕ ਦਿਨ ਇਕ ਬੀਬੀ ਆਗੀ ਮੇਰੇ ਕੋਲ ਦਵਾਈ ਲੈਣ ਤੇ ਮੈਂ ਪੁੱਛ ਲੀ। ਮੈਂ ਆਖਿਆ, ਬੀਬੀ ਤੈਨੂੰ ਯਾਦ ਤਾਂ ਨੀ ਹੋਣਾ। ਮੈਂ ਜਦੋਂ ਦਰਬਾਰ ਸਾਹਿਬ ਤੇ ਹਮਲਾ ਕੀਤਾ ਸੀ, ਤੂੰ ਓਦੋਂ ਸਿੱਖ ਜਨੀ ਹੁੰਦੀ ਸੀ, ਪਿਛਲੀ ਜੂਨ 'ਚ। ਅਹਿਮਦ ਸ਼ਾਹ ਅਬਦਾਲੀ ਦੇ ਰੂਪ 'ਚ ਜਦੋਂ ਮੈਂ ਦਰਬਾਰ ਸਾਹਿਬ ਉਤੇ ਹਮਲਾ ਕੀਤਾ ਸੀ ਤਾਂ ਤੇਰਾ ਕਤਲ ਮੇਰੇ ਹੱਥੋਂ ਹੋਇਆ ਸੀ। ਉਹ ਜਿਹੜਾ ਤੇਰਾ ਪਿਛਲੇ ਜਨਮ ਦਾ ਲਹਿਣਾ-ਦੇਣਾ, ਉਹ ਮੈਂ ਤੇਰਾ ਐਸ ਜਨਮ 'ਚ ਦੇਣ ਡਿਆਂ, ਤੇਰਾ ਇਲਾਜ ਕਰਕੇ। ਬੀਬੀ ਨੂੰ ਪਤਾ ਨੀ ਕੀ ਹੋ ਗਿਆ, ਮੈਂ ਅਜੇ ਟੀਕਾ ਭਰਨ ਡਿਆਂ ਤੇ ਉਹ ਉਠ ਕੇ ਭੱਜਗੀ।" ਇਹ ਗੱਲ ਦੱਸਦਿਆਂ ਡਾਕਟਰ ਨੇ ਅਜੀਬ ਜਈਆਂ ਅੱਖਾਂ ਘਣਾ ਲਈਆਂ ਤੇ ਮੇਰੇ ਨਿਆਣੇ ਦੂਜੇ ਕਮਰੇ 'ਚ ਜਾ ਕੇ, ਮੂੰਹ ਅੱਗੇ ਹੱਥ ਰੱਖ ਕੇ, ਹੱਸ ਹੱਸ ਕੇ ਲੋਟ ਪੋਟ ਹੋਣ ਲੱਗੇ।

ਮੈਂ ਅੰਦਰੋਂ ਬੜਾ ਦੁਖੀ ਹੋਇਆ। ਪਰ ਮੈਂ ਕੀ ਕਰਦਾ। ਉਹਦੀਆਂ ਤੇ ਗੱਲਾਂ ਹੋਰ ਅਵੱਲੀਆਂ ਹੁੰਦੀਆਂ ਜਾਂਦੀਆਂ ਸਨ।

ਕਈ ਦਿਨਾਂ ਬਾਅਦ ਫਿਰ ਰਾਤ ਸਾਢੇ ਕੁ ਨੌਂ ਵਜੇ ਮੇਰੀ ਬੈੱਲ ਖੜਕੀ। ਦਰਵਾਜ਼ਾ ਖੋਲ੍ਹਿਆ ਤਾਂ ਦੋ ਜਣੇ ਖੜ੍ਹੇ ਸਨ। ਇਕ ਡਾਕਟਰ ਤੇ ਨਾਲ ਇਕ ਗੁਰਦੁਆਰੇ ਦਾ ਗ੍ਰੰਥੀ ਮੁੰਡਾ, ਜੋ ਮੇਰਾ ਵਿਦਿਆਰਥੀ ਵੀ ਸੀ। ਉਸਨੇ ਤਬਲਾ ਚੁੱਕਿਆ ਹੋਇਆ ਸੀ।

ਮੈਂ ਸ਼ਾਮ ਤੋਂ ਹੀ ਢਿੱਡ ਵਿਚ ਗੰਦੀ ਜਈ ਪੀੜ ਨਾਲ ਘੁਲਣ ਡਿਆ ਸਾਂ। ਖੌਰੇ ਕੋਈ ਖਾਧੇ ਪੀਤੇ ਦਾ ਅਸਰ ਸੀ। ਫੂਡ ਪੁਆਇਜ਼ਨਿੰਗ ਵਰਗੇ ਲੱਛਣ ਜਾਪਦੇ ਸਨ। ਆਉਂਦਿਆਂ ਡਾਕਟਰ ਕਹਿੰਦਾ।

"ਸਰ, ਹਰਮੋਨੀਅਮ ਤਾਂ ਤੁਹਾਡੇ ਕੋਲ ਹੈਗਾ ਈ ਆ। ਤੇ ਮੈਂ ਤਬਲੇ ਤੇ... ਨੂੰ ਲੈ ਆਇਆ। ਅੱਜ ਗ਼ਜ਼ਲਾਂ ਦੀ ਮਹਿਫਿਲ ਜੰਮੂ... ਟਿਕਾ ਕੇ, ਸਾਰੀ ਰਾਤ।"

"ਓ ਡਾਕਟਰ, ਮੈਂ ਤਾਂ ਢਿੱਡ ਪੀੜ ਨਾਲ ਮਰਨ ਡਿਆਂ! ਬੜਾ ਬੁਰਾ ਹਾਲ ਆ।" ਮੈਂ ਸਾਰੀ ਗੱਲ ਖੋਲ੍ਹ ਕੇ ਦੱਸੀ ਤਾਂ ਉਹ ਓਸੇ ਵੇਲੇ ਮੋਟਰ ਸਾਈਕਲ ਲੈ ਕੇ ਬਜ਼ਾਰ ਨੂੰ ਭੱਜ ਗਿਆ।

ਮੁੰਡਾ ਮਗਰੋਂ ਮੈਨੂੰ ਝਕਦਾ ਝਕਦਾ ਦੱਸੇ ਕਿ, "ਸਰ, ਮੈਨੂੰ ਤਾਂ ਕਹਿੰਦਾ ਸੀ, ਸਰ ਨੇ ਬੁਲਾਇਆ।"

੧੦ ਮਿੰਟ ਬਾਅਦ ਡਾਕਟਰ ਆ ਗਿਆ। ਉਸ ਕੋਲ ਦੋ ਟੀਕੇ ਸਨ। ਸਰਿੰਜਾਂ ਸਨ। ਉਸਨੇ ਮੈਨੂੰ ਬਗੈਰ ਪੁਛਿਆ ਇਕ ਟੀਕਾ ਭਰ ਲਿਆ।

"ਸਰ, ਪੰਜਾਂ ਮਿੰਟਾਂ 'ਚ ਪੀੜ ਗਾਇਬ ਹੋ ਜੂ, ਜ਼ਰਾ ਕੁ ਪਜਾਮਾ ਥੱਲੇ ਨੂੰ ਕਰਿਓ।" ਮੇਰੇ ਆਂਹਦਿਆਂ ਆਂਹਦਿਆਂ ਉਹਨੇ ਟੀਕਾ ਮੇਰੇ ਚੂਕਨੇ 'ਚ ਠੋਕ ਦਿੱਤਾ। ਮੈਂ ਟੀਕੇ ਤੋਂ ਵੈਸੇ ਤਾਂ ਜਰਾ ਚਾਲੂ ਹੀ ਹਾਂ ਪਰ ਸੋਚਿਆ ਕਿ ਚਲੋ ਦਰਦ ਤਾਂ ਹਟਾਊ। ਪਰ ਡਾਕਟਰ ਇਕ ਹੋਰ ਟੀਕਾ ਭਰਨ ਲੱਗ ਪਿਆ। ਕਹਿੰਦਾ "ਇਹ ਸਟੀਰਾਈਡ ਹੈ।" ਮੈਂ ਹੁਣ ਵੇਖਾਂ ਤਾਹ-ਠਾਹ ਕਿ ਇਹ ਅੱਜ ਮਾਰੂ ਮੈਨੂੰ। ਸਰਿੰਜ ਐਨ ਸੈੱਟ ਕਰਕੇ ਉਸਨੇ ਆਪਣੀ ਬਾਂਹ ਨੰਗੀ ਕਰ ਲਈ। ਮੁੱਠ ਮੀਟ ਕੇ, ਡੌਲੇ ਤੋਂ ਆਪਣੀ ਬਾਂਹ ਆਪ ਹੀ ਘੁੱਟ ਕੇ ਫੜ ਲਈ ਤੇ ਮੈਨੂੰ ਕਹਿੰਦਾ,

"ਸਰ, ਆਹ ਟੀਕਾ ਫੜ ਕੇ ਮੇਰੀ ਆਹ ਨੀਲੀ ਜਈ ਨਾੜ ਦਿੱਸਦੀ ਆ ਨਾ, ਇਹਦੇ 'ਚ ਲਾਇਓ ਹੌਲੀ ਹੌਲੀ।"

ਮੈਂ ਬੇਤਾ ਆਖਿਆ ਕਿ ਭਰਾਵਾ, ਮੈਂ ਨੀ ਕਦੀ ਕਿਸੇ ਨੂੰ ਟੀਕਾ ਲਾਇਆ। ਪਰ ਉਹਨੇ ਲਾ-ਲਾ-ਲਾ-ਲਾ ਕਰਕੇ ਥੋੜ੍ਹੀ



Namdhari Elibrary NamdhariElibrary@gmail.com

ਕੁ ਸੂਈ ਚੁਭਾ ਕੇ ਬਾਕੀ ਮੈਥੋਂ ਟੀਕਾ ਲਵਾ ਹੀ ਲਿਆ। ਫਿਰ ਮੇਰੀ ਪੀੜ ਕੁਛ ਕਾਬੂ ਵਿਚ ਸੀ ਤੇ ਹੁਣ ਉਹ ਪੂਰੀ 'ਕੰਡ' ਵਿਚ ਸੀ। ਫਿਰ ਮੇਰੇ ਉਤਲੇ ਕਮਰੇ ਦੇ ਦਰਵਾਜ਼ੇ ਬੰਦ ਕਰਕੇ ਗ਼ਜ਼ਲਾਂ ਦਾ ਦੌਰ ਸ਼ੁਰੂ ਹੋਇਆ, ਰੋਣੀਆਂ ਗ਼ਜ਼ਲਾਂ।

ਰਾਤ ਬਾਰਾਂ ਕੁ ਵਜੇ ਗੁੰਥੀ ਮੁੰਡਾ ਵਿਚਾਰਾ ਝੂਠ ਸੱਚ ਮਾਰ ਕੇ ਨਿਕਲ ਗਿਆ। ਡਾਕਟਰ ਉਸਨੂੰ ਆਖੀ ਜਾਵੇ ਕਿ ਤੂੰ ਤੜਕੇ ਚਾਰ ਵਜੇ ਏਥੋਂ ਈ ਜਾ ਕੇ ਗੁਰੂ ਮਹਾਰਾਜ ਦਾ ਪ੍ਰਕਾਸ਼ ਕਰ ਲੀਂ। ਉਸਦੇ ਜਾਣ ਤੋਂ ਬਾਅਦ ਮੈਂ ਉਸਨੂੰ ਥੋੜ੍ਹਾ ਜਿਆ ਘੂਰ ਕੇ ਗਾਉਣੋਂ ਹਟਾਇਆ। ਉਹ ਰਾਤ ਮੇਰੇ ਕੋਲ ਰਿਹਾ ਤੇ ਦੁਖੜੇ ਰੋਂਦਾ ਰਿਹਾ।

"ਸਰ, ਮੈਨੂੰ ਕੋਈ ਵੀ ਪਸੰਦ ਨੀ ਕਰਦਾ। ਘਰ ਦੇ ਮੈਨੂੰ ਪਤਾ ਨਹੀਂ ਕੀ ਸਮਝਦੇ ਨੇ...ਤੇ ਵਹੁਟੀ ਵੀ....।" ਆਖ ਕੇ ਉਹ ਚੁੱਪ ਹੋ ਗਿਆ। ਤੇ ਮੇਰੇ ਜ਼ੋਰ ਦੇਣ ਤੇ ਉਹਨੇ ਦੱਸਿਆ,

"ਉਸਦੀਆਂ ਬੜੀਆਂ ਉੱਚੀਆਂ ਉਮੀਦਾਂ ਸੀ ਮੇਰੇ ਤੋਂ...ਬਈ ਡਾਕਟਰ ਆਂ ਮੈਂ। ਮੈਂ ਉਹਦੀ ਕੋਈ ਰੀਝ ਪੂਰੀ ਨਹੀਂ ਕੀਤੀ। ਉਹ ਮੈਨੂੰ ਹੁਣ ਕੁਛ ਨੀ ਸਮਝਦੀ। ਉਹ ਪੇਕੇ ਭੱਜਗੀ...। ਮੈਂ 'ਕੱਲਾ ਰਹਿ ਗਿਆ ਦੁਨੀਆ ਤੇ, ਸਰ।" ਆਖ ਕੇ ਉਹਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ।

"ਓ ਯੱਬਲਾ, ਵਹੁਟੀ ਕੀਹਦੀ ਨੀ ਰੁੱਸਦੀ? ਕੋਠੀਆਂ ਕਾਰਾਂ 'ਚ ਨਜ਼ਾਰੇ ਲੈਣ ਵਾਲੀਆਂ ਵੀ ਰੁੱਸ ਜਾਂਦੀਆਂ ਬੜੀ ਵਾਰ। ਕੋਈ ਮਨਾਉਣ ਦੀ ਕਲਾ ਵੀ ਚਾਹੀਦੀ ਕਿ ਨਹੀਂ।...ਉਹ ਫੁੱਲ ਆਂਙੂੰ ਖਿੜਨਾ ਚਾਹੁੰਦੀ ਤੇ ਤੂੰ ਸਿਰਫ ਰੋਣੀਆਂ ਗ਼ਜ਼ਲਾਂ ਈ ਗਾਉਂਦਾ ਰਹੀਨਾ ਉਹਦੀ ਪੈਂਦ ਆਲੇ ਪਾਸੇ ਬਹਿ ਕੇ।"... ਹਾਸੇ ਠੱਠੇ ਨਾਲ ਮਹੌਲ ਕੁਛ ਹਲਕਾ ਫੁਲਕਾ ਹੋਇਆ।

ਪਰ ਥੋੜ੍ਹੇ ਦਿਨਾਂ ਬਾਅਦ ਉਹਦੀ ਮਾਂ ਦਾ ਫੋਨ ਆਇਆ। ਉਹ ਬੁੱਕ ਬੁੱਕ ਰੋਈ। ਕਹਿੰਦੀ, "ਬੇਟਾ, ਮੇਰਾ ਘਰ ਉੱਜੜ ਗਿਆ। ਇਹਨੂੰ ਬਚਾ ਲਾ।... ਇਕ ਤੇਰੀ ਗੱਲ ਸੁਣਦਾ ਇਹ...ਮੇਰਾ ਨਾਮ ਨਾ ਲਈਂ...ਇਕ ਵਾਰ ਸਾਡੇ ਘਰ ਆ।"

ਮੈਂ ਮਾਤਾ ਨੂੰ ਹੌਸਲਾ ਦਿੱਤਾ ਤੇ ਘਰ ਆਉਣ ਦਾ ਵਕਤ ਮੁਕੱਰਰ ਕੀਤਾ।

ਜਦ ਮੈਂ ਉਸਦੇ ਘਰ ਗਿਆ ਤਾਂ ਸਾਰੇ ਟੱਬਰ ਨੇ ਮੇਰਾ ਬੜਾ ਚਾਅ ਕੀਤਾ। ਮੈਂ ਪਰਿਵਾਰ ਦੇ ਮੈਂਬਰਾਂ ਦੀ ਸੋਚ, ਵਤੀਰੇ ਅਤੇ ਸਬੰਧਾਂ ਦਾ ਜਾਇਜ਼ਾ ਲਿਆ। ਗੱਪਾਂ ਸ਼ੱਪਾਂ ਮਾਰੀਆਂ। ਸੋਹਣਾ ਮਹੌਲ ਬੱਝਾ। ਡਾਕਟਰ ਉਤੇ ਇਸ ਸਭ ਕਾਸੇ ਦਾ ਕਰੰਟ ਲੱਗਣ ਵਾਂਗੂ ਅਸਰ ਹੁੰਦਾ ਜਾਪੇ ਮੈਨੂੰ। ਅਸੀਂ ਇਸ ਨਜ਼ਰੀਏ ਤੋਂ ਗੱਲਾਂਬਾਤਾਂ ਕਰਦੇ ਰਹੇ ਕਿ ਤੇਰੀ ਸਮੱਸਿਆ ਤੇਰੇ ਨਿੱਜ ਨਾਲ ਜੁੜੀ ਹੋਈ ਜ਼ਰੂਰ ਹੈ, ਪਰ ਇਹ ਤੇਰੀ ਨਿੱਜੀ ਸਮੱਸਿਆ ਨਹੀਂ ਹੈ। ਇਸ ਹਾਲਾਤ 'ਚੋਂ ਸਿਆਣਪ, ਹੌਸਲੇ ਅਤੇ ਸਹਿਜ ਨਾਲ ਨਿਕਲਣ ਦੇ ਰਾਹ ਪੈਣਾ ਚਾਹੀਦਾ ਹੈ। ਇਹ ਤਾਣੀ ਵਾਂਗ ਉਲਝਿਆ ਮਸਲਾ ਹੈ...ਅਰਾਮ ਨਾਲ ਸੁਲਝਣਾ ਹੈ...ਕਾਹਲੇ ਪਿਆਂ ਨਹੀਂ...ਬੰਦੇ ਦੀਆਂ ਇੱਛਾਵਾਂ ਅਤੇ ਅਸਲੀਅਤ ਵਿਚ ਪਾੜਾ ਕਈ ਵਾਰ ਹੱਦ ਤੋਂ ਜ਼ਿਆਦਾ ਵਧ ਜਾਂਦਾ ਹੈ। ਐਸੀ ਹਾਲਾਤ 'ਚ ਜੇ ਕੁਛ ਸਮੇਂ ਲਈ ਇਛਾਵਾਂ ਨੂੰ ਕਾਬੂ ਰੱਖ ਕੇ ਹਾਲਾਤ ਨੂੰ ਬਦਲਣ ਦੇ ਯਤਨ ਅਰੰਭੇ ਜਾਣ ਤਾਂ ਜ਼ਰੂਰ ਹੀ ਸੁਖਾਵਾਂ ਮੋੜ ਆ ਸਕਦਾ ਹੈ।...ਤੂੰ ਖੁਸ਼ ਰਿਹਾ ਕਰ...ਤੇ ਕਦੀ ਢੱਠੀ ਗੱਲ ਨਾ ਕਰਿਆ ਕਰ ਤੇ ਨਿਰਾਸ਼ ਹੋਣ ਲਈ ਰੋਣੀਆਂ ਗ਼ਜ਼ਲਾਂ ਵੀ ਘੱਟ ਗਾ ਆ ਕਰ।..ਵਹੁਟੀ ਕੋਲ ਤਾਂ ਬਿਲਕੁਲ ਨਹੀਂ।

ਸਾਹਿਤ ਵਿਚ ਉਦਾਸੀ ਦਾ ਜ਼ਿਕਰ ਤਾਂ ਉਦਾਸੀ ਦਾ ਕਥਾਰਸਿਸ ਕਰਨ ਲਈ ਹੁੰਦਾ। ਯਾਨੀ ਉਦਾਸੀ ਨੂੰ ਅੰਦਰੋਂ ਨਿਕਲ ਜਾਣ ਦਾ ਰਸਤਾ ਦੇਣ ਲਈ। ਤੇ ਤੂੰ ਹੋਰ-ਉਦਾਸ ਹੋਣ ਲਈ ਗ਼ਜ਼ਲਾਂ ਗਾਉਨਾ। ਜ਼ਿੰਦਗੀ ਬੜੀ ਖ਼ੂਬਸੂਰਤ ਹੈ। ਮੁਸ਼ਕਲਾਂ ਦੀ ਚਰਚਾ ਮੁਸ਼ਕਲਾਂ ਨੂੰ ਜਾਨਣ ਲਈ ਕਰੀਦੀ। ਮੁਸ਼ਕਲਾਂ ਨਾਲ ਲੜਨ ਲਈ। ਨਿਰਾਸ਼ ਹੋਣ ਲਈ ਨਹੀਂ ਮੈਨੂੰ ਜਾਪੇ ਕਿ ਮੇਰੀਆਂ ਗੱਲਾਂ ਦਾ ਚੰਗਾ ਅਸਰ ਹੋ ਰਿਹਾ

ਪਰ ਉਹ ਅਗਲੇ ਦਿਨ ਫਿਰ ਮੇਰੇ ਘਰ ਆ ਗਿਆ ਕਹਿੰਦਾ, "ਸਰ ਜੀ, ਮੈਂ ਜੋ ਵੀ ਨਿਸ਼ਾਨਾ ਮਿਥਦਾਂ, ਪੂ ਨਹੀਂ ਹੁੰਦਾ। ਕੀ ਕਰਾਂ?" ਮੈਂ ਉਸਦੀ ਮਨੋਵਿਗਿਆਨਕ ਘੋ ਜਈ ਕਰਕੇ ਉਸਦੇ ਨਾਲ ਬਹੁਤੀਆਂ ਗੱਲਾਂ ਪੁੱਠੇ-ਰੁਕ ਕਰਨ ਦਾ ਮਨ ਬਣਾਇਆ।

ਕਿਉਂਕਿ ਮੈਂ ਇਹ ਨੁਸਖਾ ਇਕ ਵਾਰ ਆਪਣੇ ਸਕੇ ਵੱਡੇ ਭਰਾ ਤੇ ਅਜ਼ਮਾਇਆ ਸੀ। ਉਹ ਚਾਰ ਸਾਲ ਮੰਜੇ ਤੇ ਰਿਹਾ, ਕਈਆਂ ਥਾਵਾਂ ਤੋਂ ਦੋਵੇਂ ਲੱਤਾਂ ਟੁੱਟੀਆਂ ਤੇ ਕੇਸ ਖਰਾਬ ਹੋ ਗਿਆ ਕਰਕੇ। ਅੱਠ ਮਹੀਨੇ ਮੈਂ ਉਸਨੂੰ ਆਪਣੇ ਕੋਲ ਰੱਖ ਕੇ ਉਸਦਾ ਇਲਾਜ ਕੀਤਾ। ਪਰ ਉਹ ਵਿਚ ਜਏ ਰੋਜ਼ ਦੂਜੇ ਚੌਥੇ ਦਿਨ ਮੈਨੂੰ ਆਖਣ ਲੱਗ ਪਿਆ, "ਮੈਨੂੰ ਲੱਗਦਾ ਮੈਂ ਬਚਣਾ ਨਹੀਂ।" ਮੈਂ ਲੰਮਾ ਚੌੜਾ ਹੌਸਲਾ ਦੇਣਾ। ਥੋੜ੍ਹੇ ਦਿਨਾਂ ਬਾਅਦ ਫਿਰ ਉਹੀ ਗੱਲ। ਇਕ ਦਿਨ ਮੈਂ ਉਹਦਾ ਹਿਸਾਬ ਲਾ ਕੇ ਅੱਗੋਂ ਆਖਿਆ, "ਮੈਨੂੰ ਵੀ ਲੱਗਦਾ ਕਿ ਤੂੰ ਨਹੀਂ ਬੱਚਣਾ।...ਕਿਉਂਕਿ ਤੂੰ ਜਿਉਣ ਬਾਰੇ ਘੱਟ ਤੇ ਮਰਨ ਬਾਰੇ ਵੱਧ ਸੋਚਦਾਂ...ਜੇ ਤੂੰ ਮਰ ਵੀ ਜਾਏਂਗਾ ਤੇ ਇਥੇ ਕੀ ਫਰਕ ਪੈਣਾ ਕਿਸੇ ਨੂੰ...?" ਉਸ ਤੋਂ ਬਾਦ ਉਸਨੇ ਕਦੀ ਅਜਿਹੀ ਗੱਲ ਨਾ ਕੀਤੀ। ਤੇ ਉਹ ਰਾਜ਼ੀ ਵੀ ਹੋ ਗਿਆ ਸੀ।



Namdhari Elibrary NamdhariElibrary@gmail.com

ਤੇ ਮੈਂ ਏਸੇ ਰੁਕ ਈ ਡਾਕਟਰ ਦੀ ਚੰਗੀ ਕਲਾਸ ਲਾਈ। ਤੇ ਇਹ ਵੀ ਆਖਿਆ, "ਤੂੰ ਨਿਸ਼ਾਨਾ ਪੂਰਾ ਹੋਣ ਬਾਰੇ ਨਾ ਸੋਚ। ਜੋ ਵੀ ਠੀਕ ਲੱਗੇ, ਕਰਦਾ ਜਾਹ। ਜ਼ਰਾ ਸੋਚ, ਆਪਣੇ ਬਾਬੇ ਨਾਨਕ ਦਾ, ਏਡੇ ਸਿਆਣੇ ਬੰਦੇ ਦਾ ਕੀ ਨਿਸ਼ਾਨਾ ਸੀ? ਕੀ ਉਸਦੇ ਜਿਊਂਦਿਆਂ ਪੂਰਾ ਹੋ ਗਿਆ ਸੀ। ਹਾਲਾਤ ਬਦਲ ਗਏ ਸੀ? ਦੁਨੀਆਂ ਸੁਧਰਗੀ ਸੀ? ਸੁਧਰੀ ਤਾਂ ਅੱਜ ਤਕ ਨਹੀਂ। ਕੀ ਉਸਨੇ ਕਦੀ ਨਿਰਾਸ਼ਤਾ ਦੀ ਗੱਲ ਕੀਤੀ?

ਈਮਾਨਦਾਰੀ ਨਾਲ ਆਪਣੇ ਕੰਮ ਵਿਚ ਜੁੱਟੇ ਬੰਦੇ ਕਾਲ ਕੋਈ ਸਾਰੀ ਉਮਰ ਨਾਰਾਜ਼ ਨਹੀਂ ਹੁੰਦਾ। ਬਿਗਾਨੇ ਵੀ ਆਪਣੇ ਬਣ ਜਾਂਦੇ ਹਨ।... ਨਿਸ਼ਾਨੇ ਨਸ਼ੂਨੇ ਆਪੇ ਪੂਰੇ ਹੁੰਦੇ ਵਿਰਦੇ ਹੁੰਦੇ ਨੇ...ਨਾ ਵੀ ਪੂਰੇ ਹੋਣਗੇ ਤਾਂ ਕੀ ਲੋਹੜਾ ਆ ਜੂ। ਤੇਰੇ ਹਾਣੀ ਹਜ਼ਾਰਾਂ ਡਾਕਟਰ ਨੇਂ। ਤੇਰੇ ਵਾਲੇ ਮਸਲੇ ਨੇ ਤੇ ਹਾਲਾਤ ਨੇ ਸਭ ਦੇ। ਕੀ ਤੂੰ ਉਹਨਾਂ ਨਾਲੋਂ ਨਲੈਕ ਤੇ ਫੇਸਡ਼ ਏਂ? ਭੁੱਲ ਜਾ ਸਭ ਕੁਛ। ਅੱਜ ਤੋਂ ਜ਼ਿੰਦਗੀ ਦੀ ਸ਼ੁਰੂਆਤ ਕਰ। ਜਦੋਂ ਜਾਗ ਆਗੀ, ਉਹਨੂੰ ਈ ਸਵੇਰ ਹੋਈ ਸਮਝ।

ਫਿਰ ਕਈ ਚਿਰ ਉਹਦੀ ਕੋਈ ਉੱਘ-ਸੁੱਘ ਨਾ ਨਿਕਲੀ। ਪਰ ਫਿਰ ਇਕ ਦਿਨ ਫੋਨ ਆਇਆ

"ਸਰ ਜੀ ਸਾਸਰੀਕਾਲ।" ਡਾਕਟਰ ਦੀ ਅਵਾਜ਼ ਖੁਸ਼ੀ ਭਰੀ ਸੀ।

"ਓ ਸਾਸਰੀਕਾਲ, ਕੀ ਹਾਲ ਚਾਲ ਤੇਰਾ?"

"ਮੈਂ ਬਿਲਕੁਲ ਚੜ੍ਹਦੀ ਕਲਾ 'ਚ ਆਂ ਜੀ।"

"ਤੂੰ ਆਇਆ ਨੀਂ ਕਦੀ?"

"ਰੁੱਝਾ ਸਾਂ ਜੀ ਬਹੁਤ, ਵਕਤ ਨੀ ਮਿਲਿਆ। ਸੋਚਦਾ ਸਾਂ ਅੱਜ ਘੜੀ ਕੁ ਧਾਡੇ ਦਰਸ਼ਨ ਕਰਦਾ।"

"ਆ ਜਾ ਬਿਸ਼ਰਮਾ, ਅੱਗੇ ਤੂੰ ਕਿਹੜਾ ਮੇਥੋਂ ਪੁੱਛ ਕੇ ਔਨਾ ਹੁੰਨਾ।" ਚੰਗਾ ਹਾਸਾ ਪਿਆ।

"ਉਹ ਤੇ ਠੀਕ ਆ ਜੀ, ਅੱਜ ਮੈਡਮ ਵੀ ਮੇਰੇ ਨਾਲ ਆਊਣਾ।"

"ਆ ਜੋ, ਆ ਜੋ।"

ਮੈਨੂੰ ਆਪਣੇ ਨਾਮ ਨਾਲ ਲੱਗਾ 'ਡਾਕਟਰ' ਸ਼ਬਦ ਅਸਲੀ ਜਾਪਣ ਲੱਗਾ।

*ਮੁਖੀ, ਪੋਸਟ ਗਰੈਜੂਏਟ ਪੰਜਾਬੀ ਵਿਭਾਗ,*
*ਸਰਕਾਰੀ ਕਾਲਿਜ ਤਲਵਾੜਾ,*
*ਜ਼ਿਲ੍ਹਾ ਹੁਸ਼ਿਆਰਪੁਰ*

## ਵਣਜਾਰੇ/ *-ਰਾਜਿੰਦਰ ਪਰਦੇਸੀ*

ਮਨ ਦੀਆਂ ਮਨ ਵਿਚ ਥੱਕੇ ਹਾਰੇ
ਵੰਗਾਂ ਵੇਚ ਮੁੜੇ ਵਣਜਾਰੇ

ਲਾਲ ਪੀਲੀਆਂ ਨੀਲੀਆਂ ਹਰੀਆਂ
ਗੋਰੀਆਂ ਗੋਰੀਆਂ ਬਾਹਾਂ ਭਰੀਆਂ
ਘਰ ਵਾਲੀ ਦੀਆਂ ਸੁੰਨੀਆਂ ਬਾਹਾਂ
ਫਿਰ ਆਥਣ ਨੂੰ ਬਣਨ ਸਹਾਰੇ
ਵੰਗਾਂ ਵੇਚ ਮੁੜੇ ਵਣਜਾਰੇ

ਜਦ ਜਦ ਫੜੀਆਂ ਨਰਮ ਕਲਾਈਆਂ
ਚੇਤੇ ਆਈਆਂ ਪਾਟੀਆਂ ਬਿਆਈਆਂ
ਗ਼ਰਜ਼ਾਂ ਦੇ ਅੰਗਿਆਰਾਂ ਲੂਹ ਤੇ
ਜਦ ਵੀ ਚਾਵਾਂ ਖੰਭ ਖਿਲਾਰੇ
ਵੰਗਾਂ ਵੇਚ ਮੁੜੇ ਵਣਜਾਰੇ

ਇਕ ਸੂਰਤ ਨੇ ਸੁਰਤਾਂ ਲੁੱਟੀਆਂ
ਦੂਜੀ ਮੂਰਤ ਮੁਸ਼ਕਾਂ ਕੱਸੀਆਂ
ਸੱਧਰਾਂ ਦੱਬੀਆਂ ਰੋਟੀ ਰੋਜ਼ੀ
ਅੱਖੀਆਂ ਅੱਗੇ ਘੁੰਮਣ ਤਾਰੇ
ਵੰਗਾਂ ਵੇਚ ਮੁੜੇ ਵਣਜਾਰੇ

ਜਿਹੜੀਆਂ ਪਿਆਰ ਜਤਾਉਂਦੀਆਂ ਵੰਗਾਂ
ਵਿਰਲਿਆਂ ਹਿੱਸੇ ਆਉਂਦੀਆਂ ਵੰਗਾਂ
ਉਸ ਦੇ ਨੈਣਾਂ ਦੇ ਵਿਚ ਟੁੱਟੀਆਂ
ਜਿਸ ਨੂੰ ਪਿਆਰੇ ਲਾਏ ਲਾਰੇ
ਵੰਗਾਂ ਵੇਚ ਮੁੜੇ ਵਣਜਾਰੇ

ਗਲੀਏ ਗਲੀਏ ਤਿੜਕਣ ਵੰਗਾਂ
ਨਾ ਉਹ ਸ਼ਰਮਾਂ ਨਾ ਉਹ ਸੰਗਾਂ
ਖਣਕਣ ਕਿਧਰੇ ਟੁੱਟਣ ਕਿਧਰੇ
ਤੱਕ ਵੰਗਾਂ ਦੇ ਰੰਗ ਨਿਆਰੇ
ਵੰਗਾਂ ਵੇਚ ਮੁੜੇ ਵਣਜਾਰੇ

ਵੰਗਾਂ ਸ਼ੌਕ ਤੇ ਵੰਗਾਂ ਚਾਅ ਬੱਸ
'ਪਰਦੇਸੀ' ਹੀ ਬੇਪਰਵਾਹ ਬੱਸ
ਵੰਗਾਂ ਦੀ ਰੁੱਤ ਆਵੇ ਸਭ ਤੇ
ਯਾ-ਰੱਬ ਵੰਗਾਂ ਦੇਣ ਹੁਲਾਰੇ
ਵੰਗਾਂ ਵੇਚ ਮੁੜੇ ਵਣਜਾਰੇ
ਮਨ ਦੀਆਂ ਮਨ ਵਿਚ ਥੱਕੇ ਹਾਰੇ
ਵੰਗਾਂ ਵੇਚ ਮੁੜੇ ਵਣਜਾਰੇ।

*੩੫-ਬੀ/੧੬੮, ਦਸ਼ਮੇਸ਼ ਨਗਰ,*
*ਪਿੰਡ ਤੇ ਡਾਕ ਦਕੋਹਾ,*
*ਮੋਬ-੯੭੮੦੨-੧੩੩੫੧, ੯੩੫੭੬-੪੧੫੫੨*



Namdhari Elibrary NamdhariElibrary@gmail.com

# ਫੌਲਾਦੀ ਢਾਂਚਿਆਂ ਦੀਆਂ ਯਾਦਗਾਰਾਂ

*—ਹਰਸ਼ਿੰਦਰ ਕੌਰ (ਐਮ. ਡੀ.)*

ਹਿਸਟਰੀ ਔਫ ਮੌਡਰਨ ਇੰਡੀਆ ਵਿਚ ਪਰਸੀਵਲ ਸਪੀਅਰ ਲਿਖਦਾ ਹੈ, " ਸਿਖ ਕੁੱਟੇ ਜਾਣ ਨਾਲ ਤੂੜੀ ਨਹੀਂ ਬਣਦੇ ਸਗੋਂ ਫੌਲਾਦ ਹੋ ਢਲਦੇ ਹਨ।"

ਇਕ ਵਾਰ ਪੜ੍ਹ ਕੇ ਜਾਂ ਸੁਣ ਕੇ ਇਹ ਗੱਲ ਸ਼ਾਇਦ ਏਨਾ ਡੂੰਘਾ ਅਸਰ ਨਾ ਕਰੇ ਪਰ ਜਿਸਨੇ ਫੌਲਾਦ ਢਲਿਆ ਹੋਇਆ ਵੇਖਿਆ ਹੋਵੇ, ਉਹ ਇਨ੍ਹਾਂ ਸਤਰਾਂ ਦੀ ਅਹਿਮੀਅਤ ਸਮਝ ਸਕਦਾ ਹੈ।

ਜਿਸ ਕਿਸੇ ਨੂੰ ਸਿੱਖਾਂ ਦੇ ਇਤਿਹਾਸਕ ਪਿਛੋਕੜ ਬਾਰੇ ਜਾਣਕਾਰੀ ਹੋਵੇ, ਉਹ ਹੋਰ ਵੀ ਚੰਗੀ ਤਰ੍ਹਾਂ ਸਮਝ ਸਕਦਾ ਹੈ ਕਿ ਫੌਲਾਦ ਬਣਨ ਲਈ ਜਿਸਤਰ੍ਹਾਂ ਭੱਠੀ ਵਿਚ ਲੋਹਾ ਤਪਦਾ ਹੈ ਬਿਲਕੁਲ ਉਸੇ ਤਰ੍ਹਾਂ ਇਕ ਵਾਰ ਨਹੀਂ, ਕਈ ਵਾਰ ਤੇ ਕਈ ਹੁਕਮਰਾਨਾਂ ਨੇ ਜਬਰ ਦੀ ਇੰਤਹਾ ਵਰਤ ਕੇ ਇਸ ਕੌਮ ਨੂੰ ਵਾਰ ਵਾਰ ਤਬਾਹ ਕਰਨ ਅਤੇ ਕਹਿਰ ਬਰਪਾ ਕੇ ਬੀਜ ਨਾਸ ਕਰਨ ਦੀ ਕੋਸ਼ਿਸ਼ ਕੀਤੀ ਸੀ। ਪਰ, ਇਹ ਹਰ ਵਾਰ ਭੱਠੀ ਵਿੱਚੋਂ ਖਰੇ ਸੋਨੇ ਵਾਂਗ ਲਿਸ਼ਕਦੇ ਨਿਕਲੇ ਤੇ ਪਹਿਲਾਂ ਨਾਲੋਂ ਵੀ ਹੋਰ ਸਖ਼ਤ ਫੌਲਾਦ ਬਣ ਕੇ ਉਭਰੇ!

ਇਹੀ ਕਾਰਣ ਹੈ ਕਿ ਇਹ ਹੱਡ ਮਾਸ ਦੇ ਪੁਤਲੇ ਨਹੀਂ ਬਲਕਿ ਅਥਾਹ ਸ਼ਕਤੀ ਦੇ ਸੋਮੇ ਸਾਬਤ ਹੋ ਚੁੱਕੇ ਹਨ।

ਘੱਟ ਗਿਣਤੀ ਵਾਲੇ ਹਮੇਸ਼ਾ ਧਾਰਮਕ ਦੰਗਿਆਂ ਦੇ ਸ਼ਿਕਾਰ ਹੋਏ ਹਨ ਤੇ ਏਸੇ ਲਈ ਅਜਿਹੀਆਂ ਕਾਲੀਆਂ ਬੋਲ਼ੀਆਂ ਰਾਤਾਂ ਵਿੱਚੋਂ ਸਿਖ ਕੌਮ ਵੀ ਕਈ ਵਾਰ ਲੰਘੀ ਹੈ। ਕਈ ਕੌਮਾਂ ਦਾ ਬੀ ਨਾਸ ਹੋ ਚੁੱਕਿਆ ਪਰ ਸਿਖ ਕੌਮ ਸਿਰ ਧੜ ਦੀ ਬਾਜ਼ੀ ਲਾਉਣੀ ਸਿਖ ਚੁੱਕੀ ਹੈ ਤੇ ਇਹ ਮੁੜ ਮੁੜ ਉੱਜੜ ਕੇ ਵਸ ਜਾਣਾ ਤੇ ਪਹਿਲਾਂ ਨਾਲੋਂ ਬਿਹਤਰ ਮੁਸੀਬਤ ਦਾ ਸਾਹਮਣਾ ਕਰਨ ਦੀ ਜਾਚ ਸਿਖ ਚੁੱਕੀ ਹੈ। ਏਸੇ ਲਈ ਇਨ੍ਹਾਂ ਦਾ ਬੀ ਨਾਸ ਨਹੀਂ ਕੀਤਾ ਜਾ ਸਕਿਆ।

ਜਾਨ ਵਾਰਨੀ ਤਾਂ ਇਹ ਕੌਮ ਬੱਚਿਆਂ ਦੀ ਖੇਡ ਮੰਨਦੀ ਹੈ ਤੇ ਪਿਛਾਂਹ ਤੱਕਣਾ ਇਸਨੇ ਸਿੱਖਿਆ ਨਹੀਂ। ਏਸੇ ਲਈ ਭਾਵੇਂ ਗਿਣਤੀ ਵਿਚ ਇੱਕਾ-ਦੁੱਕਾ ਹੀ ਹੋਣ ਤੇ ਓਪਰੀ ਧਰਤੀ ਉਪਰ ਵਿਚਰ ਰਹੇ ਹੋਣ, ਇਹ ਲਗਨ ਨਾਲ ਸਿਖਰ ਉੱਤੇ ਪਹੁੰਚੇ ਬਗ਼ੈਰ ਰੁਕਦੇ ਨਹੀਂ।

ਇਤਿਹਾਸ ਗਵਾਹ ਹੈ ਕਿ ਜਦੋਂ ਕਦੇ ਕਿਸੇ ਹੋਰ ਉੱਤੇ ਵੀ ਮੁਸੀਬਤਾਂ ਦੇ ਝੱਖੜ ਝੁੱਲੇ, ਤਾਂ ਵੀ ਮਦਦ ਲਈ ਹਮੇਸ਼ਾਂ ਇਸ ਕੌਮ ਨੇ ਪਹਿਲ ਕੀਤੀ ਹੈ।

ਅਜਿਹੇ ਗੌਰਵਮਈ ਇਤਿਹਾਸਕ ਪਿਛੋਕੜ ਵਿੱਚੋਂ ਨਿਕਲੇ ਫੌਲਾਦ ਨੂੰ ਵੇਖ ਕੇ ਕਿਉਂ ਨਾ ਕੋਈ ਅਸ਼ ਅਸ਼ ਕਰ ਉੱਠੇ!



ਇਸ ਕੌਮ ਦੀ ਭਾਵੇਂ ਇਸਤਰੀ ਹੋਵੇ ਤੇ ਭਾਵੇਂ ਮਰਦ, ਆਪਣੇ ਉੱਤੇ ਭੀੜ ਬਣੀ ਵੇਖ ਕੇ ਪਿੱਠ ਕਰਨੀ ਕਿਸੇ ਨਹੀਂ ਸਿੱਖੀ ਬਲਕਿ ਹਰ ਤਰ੍ਹਾਂ ਦੇ ਕਹਿਰ ਵਰਸਾਉਂਦੇ ਵਾ-ਵਰੋਲੇ ਨਾਲ ਡਟ ਕੇ ਟੱਕਰ ਲਈ ਹੈ।

ਦੁਨੀਆ ਵਿਚ ਧਾਰਮਿਕ ਕੱਟੜਵਾਦ ਤਹਿਤ ਜਿੰਨੇ ਵੀ ਦੰਗੇ ਹੋਏ ਹਨ ਬਹੁਤੀ ਵਾਰ ਸਮਝ ਦੀ ਘਾਟ ਕਾਰਨ ਹੋਏ ਹਨ। ਦਰਅਸਲ ਕੋਈ ਧਰਮ ਇਕ ਦੂਜੇ ਨੂੰ ਮਾਰਨਾ ਅਤੇ ਆਪੋ ਵਿਚ ਵੈਰ ਪਾਲਣਾ ਨਹੀਂ ਸਿਖਾਉਂਦਾ ਬਲਕਿ ਇਨਸਾਨ ਦੇ ਆਪਣਾ ਅੰਦਰਲਾ ਜ਼ਹਿਰ ਦੂਜਿਆਂ ਨੂੰ ਭੜਕਾਉਣ ਅਤੇ ਮਾਰ-ਧਾੜ ਕਰਨ ਲਈ ਉਕਸਾਉਂਦਾ ਹੈ।

ਜਿਹੜੇ ਝਟ ਕਿਸੇ ਦੇ ਕਹਿਣੇ ਹੇਠ ਆ ਕੇ ਅਜਿਹਾ ਵਰਤਾਰਾ ਕਰਦੇ ਹਨ, ਉਨ੍ਹਾਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਧਰਮ ਦੀ ਹੋਂਦ ਇਨਸਾਨ ਕਰਕੇ ਹੈ। ਜੇ ਇਨਸਾਨ ਹੀ ਨਹੀਂ ਰਹੇਗਾ ਤਾਂ ਧਰਮਿਕ ਪਾਬੰਦੀਆਂ ਕਿਸ ਉੱਤੇ ਲਾਗੂ ਹੋਣਗੀਆਂ? ਜ਼ਾਹਰ ਹੈ ਜੇ ਇਨਸਾਨ ਬਚੇਗਾ ਤਾਂ ਹੀ ਧਰਮ ਬਚ ਸਕਦਾ ਹੈ ਅਤੇ ਇਨਸਾਨ ਦੇ ਮੁਕਦੇ ਸਾਰ ਧਰਮ ਵੀ ਖ਼ਤਮ ਹੋ ਜਾਣਾ ਹੈ।

ਧਰਮ ਤਾਂ ਬਣਾਇਆ ਹੀ ਇਸ ਲਈ ਗਿਆ ਸੀ ਕਿ ਇਨਸਾਨੀਅਤ ਨੂੰ ਜ਼ਿੰਦਾ ਰੱਖਿਆ ਜਾ ਸਕੇ ਤੇ ਮਨੁੱਖ ਕਿਤੇ ਸੱਭਿਅਕ ਮੁਖੌਟਾ ਲਾਹ ਕੇ ਜਾਨਵਰ ਹੀ ਨਾ ਬਣ ਜਾਏ।

ਕਿਸੇ ਧਰਮ ਨੂੰ ਕਿੰਨਾ ਕੱਟੜ ਬਣਾਉਣਾ ਹੈ ਜਾਂ ਕਿੰਨਾ ਮਨੁੱਖ ਜਾਤੀ ਪ੍ਰਤੀ ਸੁਹਿਰਦ, ਇਹ ਵੀ ਉਸ ਇਨਸਾਨ ਉੱਤੇ ਹੀ ਨਿਰਭਰ ਹੈ ਜਿਸਨੇਂ ਧਰਮ ਦਾ ਆਗੂ ਬਣ ਕੇ ਹੋਰਨਾਂ ਨੂੰ ਧਰਮ ਦੇ ਸ਼ਿਕੰਜੇ ਵਿਚ ਜਕੜਿਆ ਹੋਵੇ।

ਦੰਗਾਈਆਂ ਵੱਲੋਂ ਕਹਿਰ ਵਰਤਾਉਂਦਾ ਵਾ-ਵਰੋਲਾ ਜਦੋਂ ਜਦੋਂ ਪੂਰੇ ਜਲੌਅ ਵਿਚ ਵੇਖਿਆ ਗਿਆ, ਉਨ੍ਹਾਂ ਵਿਚ ਉਸ ਸਮੇਂ ਦਿਲ, ਭਾਵਨਾ, ਸੰਵੇਦਨਾ ਮਨਫ਼ੀ ਹੋ ਜਾਂਦੀ ਰਹੀ। ਇਸੇ ਲਈ ' ਰਿਲੀਜਨ ਇਜ਼ ਦ ਓਪੀਅਮ ਆਫ ਮਾਸਿਸ' ਕਿਹਾ ਗਿਆ ਹੈ।

ਜਦੋਂ ਫੇਰ ਠੰਢ ਵਰਤੀ, ਕਈ ਦੰਗਾ ਕਰਨ ਵਾਲੇ



Namdhari Elibrary NamdhariElibrary@gmail.com

ਪਛਤਾਵੇ ਦੀ ਅੱਗ ਹੇਠ ਮਘਦੇ ਵੀ ਵੇਖੇ ਗਏ, ਕਈ ਮਾਨਸਿਕ ਰੋਗ ਪਾਲ ਬੈਠੇ, ਕਈਆਂ ਨੇ ਅੰਤਰ ਆਤਮਾ ਦੀ ਅਵਾਜ਼ ਦੱਬਣ ਲਈ ਨਸ਼ੇ ਦਾ ਸਹਾਰਾ ਲਿਆ।

ਫੇਰ ਵੀ ਬਹੁਤੇ ਨਹੀਂ ਸਮਝ ਸਕੇ ਕਿ ਭੜਕਾਉਣ ਵਾਲੇ ਜ਼ਹਿਰੀਲੇ ਇਨਸਾਨਾਂ ਤੋਂ ਬਚ ਕੇ ਧਰਮ ਨੂੰ ਮਨੁੱਖਤਾ ਦੇ ਭਲੇ ਵਾਸਤੇ ਬਣਾਈ ਗਈ ਵਲਗਣ ਮੰਨਣਾ ਚਾਹੀਦਾ ਹੈ ਤਾਂ ਜੋ ਇਨਸਾਨੀਅਤ ਦਾ ਧਰਮ ਚੁਫੇਰੇ ਫੈਲ ਸਕੇ, ਤਾਂ ਹੀ ਧਰਮ ਵੀ ਬਚੇਗਾ ਤੇ ਇਨਸਾਨ ਵੀ।

ਦੁਨੀਆ ਭਰ ਵਿਚ ਜਿੱਥੇ ਵੀ ਵੱਡੀ ਪਧੱਰ ਦਾ ਕਤਲੇਆਮ ਹੋਇਆ ਹੋਵੇ ਤੇ ਮਨੁੱਖੀ ਅਧਿਕਾਰਾਂ ਦਾ ਘਾਣ ਹੋਇਆ ਹੋਵੇ, ਉਸਦੇ ਦਸਤਾਵੇਜ਼ ਸੰਭਾਲ ਕੇ ਰੱਖੇ ਗਏ ਹਨ ਜਿਨ੍ਹਾਂ ਵਿੱਚ ਮਾਰੇ ਜਾਣ ਵਾਲਿਆਂ ਦੀਆਂ ਤਸਵੀਰਾਂ, ਉਨ੍ਹਾਂ ਦੇ ਪਹਿਨੇ ਕਪੜਿਆਂ ਦੇ ਟੋਟੇ, ਬੈਲਟਾਂ ਦੇ ਹਿੱਸੇ, ਗਹਿਣੇ, ਕੜੇ, ਜੁੱਤੀ, ਰੁਮਾਲ, ਪੈਨ, ਚਾਬੀ, ਵਗੈਰਾ ਤੋਂ ਲੈ ਕੇ ਅੱਖੀਂ ਵੇਖੇ ਗਵਾਹਾਂ ਦੇ ਬਿਆਨਾਂ ਦੇ ਆਧਾਰ ਉੱਤੇ ਲਿਖੀਆਂ ਕਿਤਾਬਾਂ ਅਤੇ ਉਹ ਥਾਵਾਂ ਜਿੱਥੇ ਅਜਿਹਾ ਕੁੱਝ ਵਾਪਰਿਆ ਜਾਂ ਉਨ੍ਹਾਂ ਉੱਤੇ ਬਣੀਆਂ ਫਿਲਮਾਂ, ਆਦਿ ਸਭ ਕੁੱਝ ਸੰਭਾਲ ਕੇ ਰੱਖਿਆ ਗਿਆ ਹੈ। ਅਜਿਹਾ ਇਸ ਲਈ ਕੀਤਾ ਜਾਂਦਾ ਹੈ ਕਿ ਨਵੀਂ ਪਨੀਰੀ ਸਬਕ ਸਿਖ ਕੇ ਮਨੁੱਖੀ ਅਧਿਕਾਰਾਂ ਦੇ ਘਾਣ ਤੋਂ ਤੌਬਾ ਕਰ ਲਵੇ।

ਦੂਜਾ ਹੁੰਦਾ ਹੈ ਲਹੂ ਗਰਮਾਉਣ ਲਈ ਗੌਰਵਮਈ ਤੇ ਅਦੁੱਤੀ ਇਤਿਹਾਸ ਦਾ ਅਗਲੀ ਪੁਸ਼ਤ ਤਕ ਪਹੁੰਚਣਾ। ਇਹ ਇਸ ਲਈ ਜ਼ਰੂਰੀ ਹੁੰਦਾ ਹੈ ਕਿ ਜਿਹੜੇ ਘਟ ਗਿਣਤੀ ਲੋਕ ਧਾਰਮਿਕ ਕੱਟੜਵਾਦ ਦੇ ਤਸ਼ੱਦਦ ਦਾ ਸ਼ਿਕਾਰ ਹੋਏ ਹੋਣ, ਉਹ ਦੁਬਾਰਾ ਜਾਂ ਤਿਬਾਰਾ ਇਸ ਦੇ ਸ਼ਿਕਾਰ ਹੋਣ ਤੋਂ ਚੁਕੰਨੇ ਹੋਣ ਤੇ ਅਗਲੀ ਵਾਰ ਇਸ ਨਾਲ ਚੰਗੀ ਤਰ੍ਹਾਂ ਨਜਿੱਠ ਸਕਣ।

ਏਨਾ ਸਭ ਜਾਣ ਲੈਣ ਬਾਅਦ ਹੁਣ ਧਿਆਨ ਕਰੀਏ ਕਿ ਕਿੰਨੀਆਂ ਕੁ ਯਾਦਾਂ ਵੱਡੇ ਘੱਲੂਘਾਰੇ ਜਾਂ ਨਸਲੀ ਵਿਤਕਰੇ ਤਹਿਤ ਹੋਏ ਸਿੱਖਾਂ ਦੇ ਘਾਣ ਦੀਆਂ ਬਣੀਆਂ ਹਨ?

ਯਾਦਾਂ ਤਾਂ ਛੱਡੋ, ਇੱਥੇ ਤਾਂ ਇਤਿਹਾਸਕ ਤੱਥਾਂ ਉੱਤੇ ਕਿੰਤੂ ਪਰੰਤੂ ਹੋਣਾ ਹੀ ਨਹੀਂ ਰੁਕਿਆ। ਅਗਲੀ ਪੀੜ੍ਹੀ ਦਸਤਾਵੇਜ਼ਾਂ ਤੋਂ ਮਹਿਰੂਮ ਤੇ ਇਤਿਹਾਸਕ ਮਹੱਤਵ ਤੋਂ ਰਹਿਤ ਕਿਸ ਤਰ੍ਹਾਂ ਕਾਲੀਆਂ ਬੋਲੀਆਂ ਹਨੇਰੀਆਂ ਦਾ ਸਾਹਮਣਾ ਕਰੇਗੀ?

ਸਿਖ ਕੌਮ ਕੋਲ ਵੱਡੀ ਤੋਂ ਵੱਡੀ ਮੁਸੀਬਤ ਝੱਲ ਲੈਣ ਦੀ ਤਾਕਤ ਹੈ ਤੇ ਦੁਬਾਰਾ ਉੱਠ ਕੇ ਖੜ੍ਹੇ ਹੋਣ ਦੀ ਵੀ, ਪਰ ਅਗਲੀ ਪੁਸ਼ਤ ਤਕ ਜੰਗਾਂ, ਤਸ਼ੱਦਦ ਤੇ ਭਿਆਨਕ ਘਟਨਾਵਾਂ ਦਾ ਪਹੁੰਚਣਾ ਜ਼ਰੂਰੀ ਹੈ।

ਜਿਵੇਂ ਜਿਵੇਂ ਵਿਗਿਆਨਿਕ ਤਰੱਕੀ ਹੁੰਦੀ ਜਾ ਰਹੀ ਹੈ ਤੇ ਆਬਾਦੀ ਵਧ ਰਹੀ ਹੈ, ' ਸਰਵਾਈਵਲ ਆਫ ਦ ਫਿਟੈਸਟ' ਸਹੀ ਸਿੱਧ ਹੋ ਰਿਹਾ ਹੈ।

ਇਤਿਹਾਸ ਵਿਚ ਝਾਤ ਮਾਰ ਕੇ ਵੇਖਿਆ ਜਾ ਸਕਦਾ ਹੈ ਕਿ ਜਿਹੜੇ ਕਬੀਲੇ ਲੜ ਮਰ ਸਕਣ ਦੀ ਹਿੰਮਤ ਰਖਦੇ ਸਨ, ਉਹੀ ਬਚੇ, ਬਾਕੀਆਂ ਦੀ ਤਾਂ ਹੋਂਦ ਹੀ ਨਹੀਂ ਰਹੀ।

ਸਿਖ ਕੌਮ ਜੂਝ ਕੇ ਹੀ ਅਜ ਦੇ ਮਕਾਮ ਉੱਤੇ ਪੁੱਜੀ ਹੈ। ਕੀ ਉਹ ਆਪਣੇ ਜੰਗੀ ਸ਼ਹੀਦਾਂ ਜਾਂ ਬੇਕਸੂਰ ਮਾਰੇ ਗਏ ਜੋਧਿਆਂ ਦੀਆਂ ਯਾਦਗਾਰਾਂ, ਜਿਨ੍ਹਾਂ ਵਿੱਚੋਂ ਕਈ ਤਾਂ ਐਲਾਨੀਆਂ ਜਾਣ ਬਾਦ ਵੀ ਨਹੀਂ ਬਣੀਆਂ, ਚਿੰਤਿਤ ਹਨ?

ਜੇ ਨਹੀਂ, ਤਾਂ ਇਹ ਸ਼ਕਤੀ ਦੇ ਸੋਮੇ ਅਤੇ ਫੌਲਾਦ ਦੇ ਬਣੇ ਢਾਂਚੇ ਕਿਤੇ ਹੌਲੀ ਹੌਲੀ ਲਹੂ ਗਰਮਾਉਣ ਵਾਲੀਆਂ ਵਾਰਾਂ ਅਤੇ ਅਲੌਕਿਕ ਇਤਿਹਾਸ ਤੋਂ ਵੰਚਿਤ ਹੀ ਨਾ ਹੋ ਜਾਣ।

ਜਿੰਨੀ ਕੁ ਦੁਨੀਆ ਘੁੰਮ ਕੇ, ਘਟ ਗਿਣਤੀ ਕੌਮਾਂ ਦੇ ਮੋਢੀਆਂ ਨਾਲ ਵਿਚਾਰ ਵਟਾਂਦਰਾ ਕਰ ਕੇ ਮੈਨੂੰ ਸਮਝ ਆਈ ਹੈ, ਮੈਂ ਆਪਣੇ ਵਿਚਾਰ ਪੇਸ਼ ਕਰ ਦਿੱਤੇ ਹਨ। ਬਾਕੀ ਤਾਂ ਹੁਣ ਕੌਮ ਵਿਚਲੇ ਲੋਕਾਂ ਉੱਤੇ ਨਿਰਭਰ ਹੈ ਕਿ ਉਹ ਆਪਣੀ ਸਮਝ ਅਨੁਸਾਰ ਕੀ ਚਾਹੁੰਦੇ ਹਨ!

*ਬੱਚਿਆਂ ਦੀ ਮਾਹਿਰ,*
*੨੮, ਪ੍ਰੀਤ ਨਗਰ, ਲੋਅਰ ਮਾਲ, ਪਟਿਆਲਾ।*
*ਫੋਨ ਨੰ: ੦੧੭੫-੨੨੧੬੭੮੩*

## .ਗ਼ਜ਼ਲ/ *—ਅਮਰਜੀਤ ਸਿੰਘ ਸੰਧੂ*

ਮੰਗੇਂਗਾ ਤਾਂ ਬੁੱਕਲ ਵਿਚਲਾ ਕਾਸਾ ਦਿੱਸੂਗਾ।
ਹੱਟੀ ਵਿਚਲਾ ਹੱਟੀਓਂ ਬਾਹਰ ਅਸਾਸਾ ਦਿੱਸੂਗਾ।
ਤੇਰਾ ਮੇਰਾ ਜੀਵਨ ਤਾਂ ਦੋ ਪਲ ਦੀ ਝਾਕੀ ਹੈ,
ਪਾਣੀ ਦੇ ਵਿਚ ਕਿੰਨੀ ਦੇਰ ਪਤਾਸਾ ਦਿੱਸੂਗਾ।
ਹਰ ਪਾਸੇ ਤੋਂ ਦੇਖਣਯੋਗ ਬਣਾ ਸ਼ਖ਼ਸੀਅਤ ਨੂੰ,
ਖ਼ਬਰੇ ਕਿਸ ਨੂੰ ਤੇਰਾ ਕਿਹੜਾ ਪਾਸਾ ਦਿੱਸੂਗਾ।
ਕੀ ਸਾਗਰ ਨੂੰ ਖ਼ਾਰੇਪਨ 'ਤੇ ਸ਼ਰਮ ਨਾ ਆਊਗੀ,
ਉਸ ਦੇ ਕੰਢੇ ਜਦ ਕੋਈ ਖੜਾ ਪਿਆਸਾ ਦਿੱਸੂਗਾ।
ਦੁਨੀਆਂ ਸਰਕਸ ਹੈ, ਸਰਕਸ ਦੇ ਹਰ ਕਰਤਬ ਵਿੱਚੋਂ,
ਇਕ ਨੂੰ ਮੌਤ ਅਤੇ ਦੂਜੇ ਨੂੰ ਹਾਸਾ ਦਿੱਸੂਗਾ।
ਪਾਤਰ ਅਤੇ ਕੁਪਾਤਰ ਦੀ ਵੀ ਆਸ ਪੁਗਾਉਂਦੈ ਜੋ,
ਉਸ ਦੇ ਦਰ 'ਤੇ ਕੋਈ ਕਿਵੇਂ ਨਿਰਾਸਾ ਦਿੱਸੂਗਾ।
ਅੱਖਾਂ ਵਿੱਚ ਨਾ ਅੱਖਾਂ ਪਾ ਕੇ ਗੱਲ ਕਰੀਂ 'ਸੰਧੂ',
ਨਹੀਂ ਤਾਂ ਦਿਲ ਦਾ ਅੱਖਾਂ ਵਿੱਚ ਖ਼ੁਲਾਸਾ ਦਿੱਸੂਗਾ।
'ਸੰਧੂ' ਕਿਸ ਨੂੰ ਨਫ਼ਰਤ ਨਾਲ ਨਿਹਾਰੂਗਾ ਰੱਬਾ!
ਜਦ ਹਰ ਦਿਲ ਵਿਚ ਉਸ ਨੂੰ ਤੇਰਾ ਵਾਸਾ ਦਿੱਸੂਗਾ।

*ਸੰਪਾਦਕ 'ਰੂ-ਬ-ਰੂ' ਦਕੋਹਾ*



Namdhari Elibrary NamdhariElibrary@gmail.com

# .ਗ਼ਜ਼ਲ / *—ਨਿਰਵੈਰ ਸਿੰਘ ਅਰਸ਼ੀ*

ਤਸਬੀ ਜਦ ਤਲਵਾਰ ਹੈ ਬਣਦੀ। ਜਬਰ-ਜ਼ੁਲਮ ਦੇ ਸਾਹਵੇਂ ਤਣਦੀ।
ਮੁਰਦਾਂ ਦਿਲਾਂ ਨੂੰ ਜੁੰਬਸ਼ ਦੇਵੇ, ਲੋਹ-ਗਾਥਾ ਚਮਕੌਰ ਦੇ ਰਣ ਦੀ।

ਚੰਦਨ ਕਿਸੇ ਨੇ ਬਣ ਨਹੀਂ ਜਾਣਾ, ਲੱਕੜੀ ਲੱਖ ਹੋਏ ਵਣ-ਵਣ ਦੀ।
ਸੌ ਸੁਨਿਆਰ ਦੀ ਠੱਕ-ਠੱਕ ਨਾਲੋਂ, ਇਕੋ ਸੱਟ ਲੁਹਾਰ ਦੇ ਘਣ ਦੀ।

ਹੀਰਾ ਆਖਰ ਪੱਥਰ ਹੀ ਹੈ, ਬਹੁਤ ਨਿਗੂਣਾ, ਅਰਥ-ਵਿਹੂਣਾ,
ਐਪਰ ਜਦੋਂ ਤਰਾਸ਼ੇ ਜੌਹਰੀ, ਕੀਮਤ ਪੈਂਦੀ ਇਕ-ਇਕ ਕਣ ਦੀ।

ਸ਼ਰਮ, ਹਯਾ ਅਤੇ ਪੂਰਾ ਕੱਜਣ, ਔਰਤ ਦਾ ਸਨ ਗਹਿਣੇ ਹੁੰਦੇ,
ਅੱਜ ਦੀ ਫੈਸ਼ਨ-ਪੱਟੀ ਨੂੰ ਪਰ, ਮੂਲੋਂ ਚਿੰਤਾ ਨਹੀਂ ਨਗਣ ਦੀ।

ਉਲਝ ਗਿਆ ਕੁੱਲ ਤਾਣਾ-ਬਾਣਾ, ਅਜੇ ਤਾਂ ਲੱਗਦਾ ਗੱਲ ਨਾ ਬਣਦੀ,
ਸਤਵੰਤੀ, ਪਤਵੰਤੀ ਹੀ ਕੋਈ, ਦਾਤਾ-ਭਗਤ-ਸੂਰਮਾ ਜਣਦੀ।

ਪੁੱਤ ਕਲਯੁਗੀ, ਮਾਂ-ਬਾਪ ਨੂੰ, ਗਾਲ਼ੀ ਦੇਵੇ ਜਦ ਮਣ-ਮਣ ਦੀ।
ਦੁਖੀ ਹੋਈ ਮਾਂ ਆਖੇ ਰੱਬਾ! ਨਿੱਜ ਔਲਾਦ ਅਜੇਹੀ ਜਣਦੀ।

ਕੁੱਖ 'ਚ ਧੀਆਂ ਮਾਰੀ ਜਾਂਦੇ, ਚੰਦਰੇ ਚੰਦ ਕੀ ਚਾੜ੍ਹੀ ਜਾਂਦੇ,
ਰੁੱਖਾਂ 'ਤੇ ਵੀ ਲਟਕ ਰਹੀ ਹੈ, ਆਰੀ ਨਗਰ-ਨਿਗਮ ਦੇ ਫਣ ਦੀ।

ਜੇਕਰ ਅੱਜ ਨਾ ਸੁੱਧ-ਬੁੱਧ ਲੀਤੀ, ਧਰਤੀ, ਪਾਣੀ ਅਤੇ ਪਵਣ ਦੀ।
ਆਏ ਸਾਲ ਸੁਨਾਮੀ ਆਊ, ਸੁਰਤ ਭੰਵਾਊ ਹਰ ਜਣ-ਗਣ ਦੀ।

ਡਾਲਰ-ਪੌਂਡ ਰੁੱਖਾਂ ਨੂੰ ਲੱਗਦੇ, ਲੱਗਦੈ ਹੋਈ ਹੈ ਖ਼ੁਸਫਹਿਮੀ,
ਹੋੜ੍ਹ ਤਾਹੀਉਂ ਤਾਂ ਲੱਗੀ ਹੋਈ, ਹਰ ਇਕ ਤਾਈਂ ਬਾਹਰ ਵਗਣ ਦੀ।

ਵੇਖ-ਵੇਖ ਰੇਖਾਵਾਂ ਵੱਲੇ, ਬਿਲਾ-ਵਜਾਹ ਕਿਉਂ ਝੂਰੀ ਜਾਨੈਂ,
ਏਨ੍ਹਾਂ ਦੀ ਤਾਂ ਫ਼ਿਤਰਤ ਹੁੰਦੀ, ਨਾਲ ਸਮੇਂ ਦੇ ਘਟਣ-ਵਧਣ ਦੀ।

ਸ਼ਗਣ-ਲਗਣ ਦੀ ਫ਼ਿਕਰ ਛੱਡ ਕੇ, ਫੜ੍ਹ ਬੀਬਾ ਮਿਹਨਤ ਦਾ ਪੱਲਾ,
ਜੇਕਰ ਤੇਰੀ ਵੀ ਹੈ ਚਾਹਤ, 'ਅਰਸ਼ੀ' ਤਾਰੇ ਵਾਂਗ ਜਗਣ ਦੀ।

*ਆਨੰਦਪੁਰ ਸਾਹਿਬ*

# ਸ਼ਹਿਨ-ਸ਼ਾਹੇ-ਆਲਮ

*—ਪ੍ਰਿੰ. ਨਵਰਾਹੀ ਘੁਗਿਆਣਵੀ*

(ਗੁਰੂ ਗੋਬਿੰਦ ਸਿੰਘ ਜੀ ਨੂੰ ਮੁਖ਼ਾਤਿਬ ਹੋ ਕੇ)

ਤੂੰ ਸਾਰਿਆਂ ਤੋਂ ਮੂਹਰੇ, ਕਿਰਦਾਰ ਦੇ ਪੱਖੋਂ।
ਤੂੰ ਸ਼ਹਿਨਸ਼ਾਹੇ ਆਲਮ, ਆਚਾਰ ਦੇ ਪੱਖੋਂ।

ਤੂੰ ਰਹਿਬਰਾਂ ਦਾ ਰਹਿਬਰ, ਤੂੰ ਸਾਕੀਆਂ ਦਾ ਸਾਕੀ;
ਕੋਈ ਨਾ ਤੇਰਾ ਸਾਨੀ, ਦੀਦਾਰ ਦੇ ਪੱਖੋਂ।

ਤੂੰ ਅਣਖ ਦਾ ਫਰਿਸ਼ਤਾ, ਤੂੰ ਪਿਆਰਾ ਦਾ ਸਮੁੰਦਰ;
ਤੂੰ ਸੁਖ਼ਨਵਰ ਅਨੋਖਾ, ਇਜ਼ਹਾਰ ਦੇ ਪੱਖੋਂ।

ਭਟਕਦੇ ਮਨੁੱਖ ਦਾ ਤੂੰ ਬਣ ਕੇ ਯਕੀਨ ਆਇਆ;
ਨਿੱਗਰ ਤੂੰ ਪਰਬਤਾਂ ਤੋਂ, ਆਧਾਰ ਦੇ ਪੱਖੋਂ।

ਲੋਕਾਂ ਨੇ ਤੈਨੂੰ ਹਰ ਥਾਂ ਹੀ ਪਲਕਾਂ ਦੀ ਛਾਂ ਕੀਤੀ;
ਬਾਗ਼ੀ ਰਿਹਾ ਤੂੰ ਭਾਵੇਂ, ਸਰਕਾਰ ਦੇ ਪੱਖੋਂ।
ਮਿਲਦੀ ਨਾ ਕੋਈ ਉਦਾਹਰਣ, ਇਤਿਹਾਸ ਚੋਂ ਕਿਧਰੇ;
ਆਪਣੀ ਮਿਸਾਲ ਆਪ ਤੂੰ, ਉਪਕਾਰ ਦੇ ਪੱਖੋਂ।

*—ਨਹਿਰ ਨਜ਼ਾਰਾ*
*ਨਵਾਂ ਹਰਿੰਦਰ ਨਗਰ, ਫਰੀਦਕੋਟ-੧੫੧੨੦੩,*
*੯੮੧੫੦-੦੨੩੦੨*

## ਇਕ ਜ਼ਰੂਰੀ ਬੇਨਤੀ

ਸੰਪਾਦਕ ਵਰਿਆਮ ਦੇ ਅਚਾਨਕ ਅਸਵਸਥ ਹੋ ਜਾਣ ਕਾਰਨ ਉਹ ਵਰਿਆਮ ਦੀ ਛਪਾਈ ਅਤੇ ਤਿਆਰੀ ਵਲ ਧਿਆਨ ਨਹੀਂ ਦੇ ਸਕੇ। ਉਹ ਦਫਤਰ ਵਿਚ ਵੀ ਹਾਜ਼ਰ ਨਹੀਂ ਹੋ ਰਹੇ। ਇਸ ਕਾਰਨ ਇਸ ਅੰਕ ਦੀ ਤਿਆਰੀ ਵਿਚ ਬਹੁਤ ਹੀ ਉਕਾਈਆਂ ਰਹਿ ਜਾਣ ਦੀ ਸੰਭਾਵਨਾ ਹੈ। ਆਸ ਹੈ ਪਾਠਕ ਸਦਾ ਵਾਂਗ ਸਹਿਯੋਗ ਦੇਣਗੇ।

ਜਿਨ੍ਹਾਂ ਸਜਨਾਂ ਦੇ ਬਕਾਏ ਦਫਤਰ ਵਿਚ ਨਹੀਂ ਪਹੁੰਚੇ ਉਹਨਾਂ ਦੇ ਪਰਚੇ ਬਗੈਰ ਅਗਾਊਂ ਸੂਚਨਾ ਦੇ ਭੇਜਣੇ ਬੰਦ ਹੋਣ ਦੀ ਸੰਭਾਵਨਾ ਹੈ। ਉਹਨਾਂ ਵਲੋਂ ਬਕਾਇਆ ਦਫਤਰ ਵਿਚ ਪਹੁੰਚਾ ਦੇਣ ਤੇ ਪਰਚੇ ਮੁੜ ਤੋਂ ਚਾਲੂ ਹੋ ਜਾਣਗੇ। ਇਹ ਸਭ ਕੁਝ ਵਰਿਆਮ ਅਦਾਰੇ ਦੀ ਮਜਬੂਰੀ ਹੈ।

ਖਿਮਾ ਸਹਿਤ

*—ਅਦਾਰਾ ਵਰਿਆਮ*



Namdhari Elibrary NamdhariElibrary@gmail.com

# ਨਜ਼ਮਾਂ/ —ਤ੍ਰੈਲੋਚਨ ਲੋਚੀ

## ਕੋਠੇ ਜਿੱਡੀ ਧੀ

ਵੇਹੜੇ ਵਿਚ
ਕੋਠੇ ਜਿੱਡੀ
ਧੀ ਨੂੰ ਦੇਖ ਕੇ
ਉੱਡ ਗਈ ਹੈ ਨੀਂਦ
ਬੇਬੇ-ਬਾਪੂ ਦੀ

ਜੇ ਘੜੀ ਭਰ
ਅੱਖ ਲੱਗਦੀ ਹੈ ਕਿਧਰੇ
ਤਾਂ ਭੈੜੇ-ਭੈੜੇ ਸੁਪਨੇ ਤੱਕ ਕੇ
ਉੱਠ ਪੈਂਦੇ ਨੇ ਤ੍ਰਭਕੇ

ਧੀ
ਸਾਰਾ ਦਿਨ
ਊਰੀ ਵਾਂਗ
ਘੁੰਮੀ ਰਹਿੰਦੀ ਹੈ ਵੇਹੜੇ ਵਿਚ

ਨਿੱਕੇ-ਮੋਟੇ
ਕੰਮ ਨਿਬੇੜਦੀ
ਹੱਸਦੀ-ਟੱਪਦੀ-ਗਾਉਂਦੀ
ਪੰਛੀਆਂ
ਤੇ
ਫੁੱਲਾਂ ਨਾਲ ਖੇਡਦੀ
ਕੁਝ ਯਾਦ ਕਰ ਮੁਸਕੁਰਾਉਂਦੀ
ਝੱਟ ਸ਼ੀਸ਼ੇ ਮੂਹਰੇ ਆਉਂਦੀ
ਆਪਣੇ-ਆਪ ਨੂੰ ਕੁਝ ਕਹਿੰਦੀ
ਆਪਣੇ-ਆਪ ਤੋਂ ਕੁਝ ਸੁਣਦੀ
ਬੇਬੇ ਦੀ ਆਵਾਜ਼ ਸੁਣ ਤ੍ਰਭਕਦੀ
ਫਿਰ ਕੰਮ ਨੂੰ ਜੁਟ ਪੈਂਦੀ

ਥੱਕ-ਟੁੱਟ ਜਾਂਦੀ
ਧੀ ਸੌਂਦੀ
ਤੇ
ਖ਼ੂਬ ਸੌਂਦੀ
ਆਪਣੇ ਖ਼ੂਬਸੂਰਤ ਸੁਪਨਿਆਂ ਨੂੰ
ਕਲਾਵੇ ਭਰਨ ਲਈ

ਵੇਹੜੇ ਵਿਚ
ਕੋਠੇ ਜਿੱਡੀ
ਧੀ ਨੂੰ ਦੇਖ ਕੇ
ਉੱਡ ਗਈ ਹੈ ਨੀਂਦ
ਬੇਬੇ-ਬਾਪੂ ਦੀ।

## ਫਨੀਅਰ

ਅੱਜਕਲ੍ਹ
ਕੁਰਸੀਆਂ 'ਤੇ
ਬੰਦੇ ਨਹੀਂ
ਫਨੀਅਰ ਬੈਠੇ ਨੇ।

ਜੇ ਉਹਨਾਂ ਤਾਈਂ
ਕੋਈ ਫਰਿਆਦ ਕਰੋਗੇ
ਜਾਂ
ਕੁਝ ਮੰਗੋਗੇ
ਤਾਂ ਉਹ ਡੰਗ ਮਾਰਨਗੇ
ਤੁਸੀਂ ਪਾਣੀ ਵੀ ਨਾ ਮੰਗੋਗੇ

ਇਸ ਤੋਂ
ਚੰਗਾ ਹੈ
ਕੁਝ ਨਾ ਕਹੋ
ਚੁੱਪ ਹੀ ਰਹੋ

ਡੰਗ ਖਾ ਕੇ ਮਰਨ ਨਾਲੋਂ
ਚੁੱਪ ਹੀ ਰਹਿਣਾ ਚੰਗਾ ਹੈ
ਕੁਝ ਨਾ ਹੀ ਕਹਿਣਾ ਚੰਗਾ ਹੈ
ਅੱਜਕਲ੍ਹ
ਕੁਰਸੀਆਂ 'ਤੇ
ਬੰਦੇ ਨਹੀਂ
ਫਨੀਅਰ ਬੈਠੇ ਨੇ।

## ਹਿਸਾਬ ਕਿਤਾਬ

ਸਕੂਲ
ਕਾਲਿਜ ਵਿਚ
ਹਿਸਾਬ ਪੜ੍ਹਦਿਆਂ
ਮਾਸਟਰਾਂ ਦੇ
ਡੰਡਿਆਂ ਤੋਂ ਡਰਦਿਆਂ
ਪ੍ਰੋਫੈਸਰਾਂ ਦੇ ਮੇਹਣਿਆਂ ਨੂੰ ਜਰਦਿਆਂ

ਹਿਸਾਬ ਵਿਚ-ਅੰਤਾਂ ਦਾ
ਕਮਜ਼ੋਰ ਬੰਦਾ ਵੀ
ਗੁਜ਼ਾਰ ਦਿੰਦਾ ਹੈ
ਸਾਰੀ ਉਮਰ
ਹਿਸਾਬ-
ਕਿਤਾਬ
ਕਰਦਿਆਂ॥

## ਹੂਕ

ਕੰਮ-ਸੱਭਿਆਚਾਰ ਤੋਂ
ਬੇ-ਮੁਖ ਹੋਏ ਲੋਕਾਂ 'ਤੇ
ਬੜੀ ਹੀ-

ਖਿਝ ਚੜ੍ਹਦੀ ਹੈ ਅੱਜਕਲ੍ਹ

ਦਫ਼ਤਰ ਵਿਚ-
ਲਟਕਦੇ
ਸਰਕਾਰੀ ਕੈਲੰਡਰ ਤੋਂ
ਛੁੱਟੀਆਂ ਲਭਦੇ
ਮੇਰੇ "ਕੁਲੀਗ"

ਸੱਚਮੁੱਚ-
ਮੈਨੂੰ ਵਿਹੁ ਵਰਗੇ ਲਗਦੇ ਨੇ।

*੨੦-ਸੈਕਿੰਡ ਫਲੋਰ, ਐਚ. ਆਈ. ਜੀ*
*ਰਾਜਗੁਰੂ ਨਗਰ-ਲੁਧਿਆਣਾ*
*ਮੋਬ-੯੮੧੪੨-੫੩੩੧੫*



Namdhari Elibrary NamdhariElibrary@gmail.com

# ਦੋ ਕਵਿਤਾਵਾਂ/ *—ਹਰਭਜਨ ਸਿੰਘ ਰਾਜਾ*

## ਬਬੇਕ

ਗੱਲ ਮੈਂ ਬਬੇਕ ਦੀ ਸੁਨਾਨ ਲੱਗਾਂ ਤੁਸਾਂ ਤਾਈਂ,
ਸੁਣੋ ਵਿਦਵਾਨ ਸਾਰੇ ਕਰਕੇ ਧਿਆਨ ਜੀ।
ਸੂਰਮਾ ਅਜਿਤ ਇਹਨੂੰ ਜਿਤ ਕੋਈ ਸਕਿਆ ਨਾ,
ਕੁੱਝ ਕੁ ਮੈਂ ਹਾਲ ਇਹਦਾ ਕਰਦਾ ਬਿਆਨ ਜੀ—
ਚਿੱਟਾ ਇਹਦਾ ਰੱਥ ਅਤੇ ਚਿੱਟੇ ਹੀ ਨੇ ਘੋੜੇ ਅੱਗੇ,
ਚਿੱਟਾ ਹੀ ਮੁੱਕਟ ਇਹਨੇ ਸੀਸ ਤੇ ਸਜਾਇਆ ਏ।
ਚਿੱਟੇ-ਚਿੱਟੇ ਸ਼ਸਤਰ ਸਰੀਰ ਉਤੇ ਸਜੇ ਹੋਏ,
ਦੁੱਧ ਚਿੱਟਾ ਬਾਣਾ ਇਹਨੇ ਗਲ਼ ਵਿਚ ਪਾਇਆ ਏ।
ਚੰਦ ਇਹਦੇ ਚੇਹਰੇ ਵਲੋਂ ਤੱਕ ਲੱਜਾਵਾਨ ਹੋਵੇ,
ਸੂਰਜ ਵੀ ਤੱਕ ਇਹਨੂੰ ਭੁਲੇ ਆਪਾ ਆਪ ਏ।
ਤੱਕ ਪ੍ਰਕਾਸ਼ ਇਹਦਾ ਭੌਰੇ ਵੀ ਭਰਮਦੇ ਨੇ,
ਰਿਖੀ ਮੁਨੀ ਤੱਕ ਇਹਨੂੰ ਭੁਲ ਜਾਂਦੇ ਜਾਪ ਏ।
ਦੇਵਤੇ ਤੇ ਦੈਂਤ ਇਹਦੇ ਵਲੋਂ ਤੱਕ ਡੋਲ ਜਾਂਦੇ,
ਕੁਲ ਨਾਲੋਂ ਵੱਡਾ ਇਹ ਤੇ ਜੋਧਾ ਬਲਵਾਨ ਏ।
ਤਿੰਨਾਂ ਲੋਕਾਂ ਵਿਚ ਇਹਦੀ ਹੋ ਰਹੀ ਹੈ ਜੈ-ਜੈਕਾਰ,
ਅੜ ਇਹਦੇ ਅੱਗੇ ਨਾ ਕੋਈ ਸਕਦਾ ਜਵਾਨ ਏ।
ਬੱਦਲਾਂ ਦੀ ਗਰਜ ਵਾਂਗ ਗਲ਼ੇ ਦੀ ਅਵਾਜ਼ ਜਾਣੋ,
ਸਭ ਨਾਲੋਂ ਵੱਡਾ ਜੋਧਾ ਇਹਦਾ ਇਸ਼ਨਾਨ ਏ।
ਗੁੱਸੇ ਵਿਚ ਆ ਕੇ ਜਿਸ ਉਤੇ ਇਕ ਵਾਰ ਕਰੇ,
ਆਪਾ ਆਪ ਭੁੱਲ ਜਾਂਦਾ ਉਹੀ ਇਨਸਾਨ ਏ।
ਸੰਜਮ ਤੇ ਲਾਜ ਪੂਜਾ ਏਸੇ ਦੇ ਹੀ ਬੀਰ ਸਾਰੇ,
ਸਤ ਸੰਤੋਖ ਦਾਨ ਇਹਦਾ ਪ੍ਰਵਾਰ ਏ।
ਧੀਰਜ ਧਰਮ ਸੁਭਾਚਾਰ ਉਪਕਾਰ ਸਭ,
ਖਿਮਾ ਪਾਠ ਜੱਗ ਹੋਮ ਏਸੇ ਦਾ ਵਚਾਰ ਏ।
ਏਕਤਾ ਪ੍ਰੀਤ ਸਤਸੰਗ ਸਭ ਏਸਦੇ ਨੇ,
ਭਗਤੀ ਪ੍ਰੇਮ ਸ਼ਾਂਤੀ ਨਾ ਹੀ ਅਭਮਾਨ ਏ।
ਉਪਮਾ ਸਮਾਧੀ ਨੇਮ ਅਤੇ ਨਾਮ ਬਾਣੀ,
ਪ੍ਰਾਣਾਯਾਮ ਅਲੋਭ ਅਮੋਹ ਸਭ ਇਕੋ ਹੀ ਸਮਾਨ ਏ।
ਦਇਆ ਅਤੇ ਨੇਮ ਪੁੰਨ ਏਸੇ ਦੇ ਹੀ ਸੂਰਮੇ ਨੇ,
ਏਸਦੇ ਸਮਾਨ ਹੋਰ ਦਿਸਦਾ ਨਾ ਕੋਈ ਏ।
ਹੈ ਇਹ ਅਜਿਤ ਇਹ ਨੂੰ ਜਿੱਤ ਕੋਈ ਸਕਦਾ ਨਹੀਂ,
ਇਸ 'ਚੋਂ ਉਪਜ ਸਭ ਏਸੇ 'ਚ ਸਮੋਈ ਏ।
ਹਰ ਇਕ ਹਿਰਦੇ 'ਚ ਇਸਦਾ ਨਵਾਸ ਰਹਿੰਦਾ,
ਦਿਸਦਾ ਨਾ ਕਿਸੇ ਤਾਈਂ ਨਾ ਹੀ ਅਕਾਰ ਏ।
ਸਾਰੇ ਸੰਸਾਰ ਉਤੇ ਏਸੇ ਦਾ ਹੀ ਰਾਜ 'ਰਾਜਾ',
ਮਰੇ ਨਾ ਇਹ ਜੰਮੇ ਸਦਾ ਰਹਿੰਦਾ ਇਕ ਸਾਰ ਏ।

## ਅਬਬੇਕ

ਸੁਣ ਜ਼ਰਾ ਗੱਲ ਅਬਬੇਕ ਵਾਲੀ ਕੰਨ ਲਾ ਕੇ,
ਥੋੜਾ ਜਿੰਨਾ ਲਿਖ ਕੇ ਮੈਂ ਹਾਲ ਹਾਂ ਸੁਨਾਂਵਦਾ।
ਅੱਜ ਤੱਕ ਇਸ ਤਾਈਂ ਜਿਤ ਕੋਈ ਸਕਿਆ ਨਹੀਂ,
ਜੱਸ ਇਸ ਸੂਰਮੇ ਦਾ ਕਹਿਣਾ ਕੁਝ ਚਾਂਹਵਦਾ।
ਕਾਲਾ ਇਹਦਾ ਰੱਥ ਅਤੇ ਕਾਲੇ ਹੀ ਨੇ ਘੋੜੇ ਇਹਦੇ,
ਕਾਲੇ ਕਾਲੇ ਕੱਪੜੇ ਹੀ ਗਲ਼ ਵਿਚ ਪਾਂਵਦਾ।
ਕਾਲਾ ਜਿਹਾ ਰੰਗ ਅਤੇ ਕਾਲੇ ਹਥਿਆਰ ਇਹਦੇ,
ਕਾਲੇ ਹੀ ਕਰਮ ਇਸ ਹਿਰਦੇ ਵਸਾਏ ਨੇ।
ਫੁੱਲਾਂ ਦਾ ਧਨੁਸ਼ ਅਤੇ ਭੌਰਿਆਂ ਦਾ ਚਿੱਲਾ ਜਾਣੋ,
ਮੱਛੀ ਦਾ ਨਿਸ਼ਾਨ ਇਸ ਝੰਡੇ ਤੇ ਲਗਾਇਆ ਏ।
ਮਿੱਠੀ ਮਿੱਠੀ ਧੁਨ ਵਾਲੇ ਵੱਜਦੇ ਨੇ ਸਾਜ਼ ਇਹਦੇ,
ਇਹਦੇ ਦਰਬਾਰ ਤਾਈਂ ਜਿਨ੍ਹਾਂ ਨੇ ਸਜਾਇਆ ਏ।
ਕਾਮਦੇਵ ਸਭ ਨਾਲੋਂ ਵੱਡਾ ਇਹਦਾ ਸੂਰਮਾ ਹੈ,
ਸਾਰੇ ਸੰਸਾਰ ਉਤੇ ਜਿਨੇ ਜਿੱਤ ਪਾਈ ਏ।
ਨਾਰੀਆਂ ਦੀ ਸੈਨਾ ਸਦਾ ਰਹਿੰਦੀ ਇਹਦੇ ਅੰਗ ਸੰਗ,
ਸਭ ਤਾਈਂ ਮੋਹ ਲੈਣਾ ਜਿਨ੍ਹਾਂ ਦੀ ਕਮਾਈ ਏ
ਗੁੱਸੇ ਵਿਚ ਆ ਕੇ ਕਾਮਦੇਵ ਜਦੋਂ ਵਾਰ ਕਰੇ,
ਇਹਦੇ ਵਾਰ ਅੱਗੇ ਕੋਈ ਸੂਰਮਾ ਨਹੀਂ ਆਂਵਦਾ।
ਇਕੋ ਹੀ ਹੈ ਸੂਰਮਾ ਜੋ ਉਸ ਤਾਈਂ ਰੋਕ ਸੱਕੇ,
ਗਿਆਨ ਹੀ ਹੈ ਸੂਰਮਾ ਜੋ ਇਹਦੇ ਸਾਹਵੇਂ ਆਂਵਦਾ।
ਕਲਹ ਤੇ ਗੁਮਾਨ ਅਪਮਾਨ ਇਹਦੇ ਸੂਰਮੇ ਨੇ,
ਨਿੰਦਾ ਅਤੇ ਚੁਗਲੀ ਵੀ ਇਹਦਾ ਪ੍ਰਵਾਰ ਏ।
ਲੋਭ ਅਤੇ ਮੋਹ ਦੋਵੇਂ ਇਸਦੇ ਹੀ ਬੀਰ ਜਾਣੋ,
ਕਰੋਧ ਹੰਕਾਰ ਧਰੋਹ ਏਸੇ ਦਾ ਹੀ ਯਾਰ ਏ।
ਚੋਰੀ ਵਿਭਚਾਰੀ ਅਕਿਰਤਘਣਤਾ ਵੀ ਏਸਦੀ ਏ,
ਝੂਠ ਅਤੇ ਈਰਖਾ ਵੀ ਏਸੇ ਦੀ ਦਨਾਈ ਏ।
ਵਿਸ਼ਵਾਸਘਾਤ ਮਿਤਰ ਮਾਰ ਬਸੀਕਰਨ,
ਪਾਪਾਂ ਵਾਲੀ ਪੰਡ ਏਹਨੇ ਸਿਰ ਉਤੇ ਚਾਈ ਏ।
ਗਹਿਣੇ ਅਤੇ ਰੰਗਾਂ ਵਿਚ ਇਸਦਾ ਨਵਾਸ ਰਹਿੰਦਾ,
ਮਾਰੇ ਜਿੰਦ੍ਹੀ ਮੱਤ ਉਹਨੂੰ ਸੁੱਝਦਾ ਨਾ ਕਾਈ ਏ।
ਅਸ਼ਤਰਾਂ ਤੇ ਸ਼ਸ਼ਤਰਾਂ ਤੇ ਰੱਥਾਂ 'ਚ ਵੀ ਵਸਦਾ ਏ,
'ਰਾਜਾ' ਇਹਨਾਂ ਕੋਲੋਂ ਜਾਂਦਾ ਗਿਆਨ ਹੀ ਬਚਾਈ ਏ।

*ਐਲਨਾਬਾਦ ਜ਼ਿਲ੍ਹਾ ਸਿਰਸਾ*
*(ਲੁਧਿਆਣਾ)*



Namdhari Elibrary NamdhariElibrary@gmail.com

# ਬੈਂਤ / —ਜੁਗਿੰਦਰ ਸਿੰਘ ਮੁਕਤਾ

ਸੁੰਦਰ ਮਹਿਕ ਜਿਸ ਤਰਫੋਂ ਸਮੀਰ ਆਵੇਂ,
ਉਥੇ ਚਲ ਕੇ ਜਾਣ ਨੂੰ ਜੀਅ ਕਰਦੈ॥
ਤਵਾਰੀਖ ਗਵਾਹ ਹੈ ਕੂਕੇਆ ਦੀ,
ਮੁੜ ਮੁੜ ਸੀਸ ਨਿਵਾਨ ਨੂੰ ਜੀਅ ਕਰਦੈ॥
ਸਚਾ ਇਸ਼ਕ ਹਕੂਮਤ ਨਾ ਡਕ ਸਕੀ,
ਗਾਥਾ ਫੇਰ ਅਜ ਗਾਣ ਜੀਅ ਕਰਦੈ॥
ਉਹਨਾਂ ਆਸ਼ਕਾਂ ਦੇ ਚੁੰਮ ਕੇ ਚਰਨ 'ਮੁਕਤਾ'
ਧੂੜੀ ਮਥੇ ਤੇ ਲਾਣ ਨੂੰ ਜੀਅ ਕਰਦੈ॥

ਭੈਣੀ ਸਾਹਿਬ ਹੈ ਜੰਨਤ ਦਾ ਰੂਪ ਦੂਜਾ,
ਜਿਥੇ ਗੁਰੂ ਜਗਜੀਤ ਸਿੰਘ ਵਸਦਾ ਏ॥
ਪੂਰਨ ਜੋਤ ਇਹ ਸਤਿਗੁਰੂ ਰਾਮ ਸਿੰਘ ਦੀ,
ਮਾਰਗ ਸੱਚ ਦਾ ਸਭ ਨੂੰ ਦੱਸਦਾ ਏ॥
ਜਾਗ ਪੈਂਦੀ ਏ ਸੁਤੀ ਤਕਦੀਰ 'ਮੁਕਤਾ'
ਮਾਣ ਬਖਸ਼ਦਾ ਵੇਖ ਵਿਗਸਦਾ ਏ॥
ਨਜ਼ਰਾਂ ਨਾਲ ਹੈ ਕਰੀ ਨਿਹਾਲ ਜਾਂਦਾ
ਦੁਖ ਦਰਦ ਜਹਾਨੋਂ ਹੀ ਨਸਦਾ ਏ॥

ਸੰਗਤਾ ਚਲ ਦਿਲਦਾਰ ਦੇ ਦਰਆਈਆਂ,
ਮੰਡਪ ਮੇਲੇ ਦੀ ਾਨ ਮਹਾਨ ਵੇਖੀ॥
ਐਸੀ ਦੀਦ ਵਿਚ ਅਜਮਤ ਅਜੀਬ ਕੋਈ,
ਹਜ ਕਾਹਬੇ ਦਾ ਨੂਰੀ ਮੁਸਕਾਨ ਵੇਖੀ॥
ਕਟੇ ਜਨਮਾਂ ਦਾ ਕੋਹੜ ਦੇ ਨਾਮ ਦਾਰੂ,
ਰਹਿਮਤ ਭਰੀ ਦ੍ਰਿਸ਼ਟੀ ਲੁਕਮਾਨ ਵੇਖੀ॥
ਇਹਦੇ ਦਰ ਤੋਂ ਮੰਗਦੀ ਮੁਰਾਦ 'ਮੁਕਤਾ'
ਮੁਕਤੀ ਦਰ ਤੇ ਖਲੀ ਦਰਯਾਨ ਵੇਖੀ॥

ਚੰਗੇ ਮਾੜੇ ਕਿਰਦਾਰ ਦੇ ਬੰਦੇਆ ਨੂੰ
ਰਹਿੰਦੀ ਪ੍ਰਖ ਦੀ ਪਾਕ ਨਿਗਾਹ ਤੇਰੀ॥
ਸਾਡੇ ਵੇਖ ਕੇ ਅਉਗਣ ਚਿਤਾਰਦਾਨ ਨਹੀਂ,
ਹੈ ਵਿਸ਼ਾਲ ਦਿਲੀ ਬੇਪ੍ਰਵਾਹ ਤੇਰੀ॥
ਕਪਟੀ ਭਾਗੋ ਨੇ ਕਪਟ ਕਮਾਈ ਜਾਂਦੇ,
ਲਾਲੋ ਗਾਂਵਦੇ ਸਿਫਤ ਸਲਾਹ ਤੇਰੀ॥
ਮੁਕਤਾ, ਤੇਰੇ ਤੇ ਜਿਨਾ ਈਮਾਨ ਰਖਿਆ
ਖੁਲਾ ਉਹਨਾਂ ਲਈ ਦਰ ਦਰਗਾਹ ਤੇਰੀ॥

ਜਦੋਂ ਬੰਦੇ ਦੀ ਮਤ ਤੇ ਪਵੇ ਪੜਦਾ,
ਰਹਿੰਦਾ ਦਿਲ ਵਿਚ ਕਿਸੇ ਲਈ ਰਹਿਮ ਕੋਈ ਨਹੀਂ॥
ਸੂਰਜ ਹਉਮੈ ਦਾ ਸਦਾ ਨਹੀਂ ਸਿਖਰ ਰਹਿੰਦਾ,
ਸਦਾ ਚੜ ਕੇ ਵਗਦਾ ਡੈਮ ਕੋਈ ਨਹੀਂ॥
ਸੱਚ ਨਾਲ ਕੀ ਕਚ ਨੇ ਤੁਲਨਾ ਏਂ,
ਹੁੰਦਾ ਸੱਚ ਨੂੰ ਡਰ ਤੇ ਵਹਿਮ ਕੋਈ ਨਹੀਂ॥

ਕੌਣ ਜਾਣਦਾ ਏ ਸਮੇਂ ਦੇ ਤੌਰ 'ਮੁਕਤਾ'
ਬਦਲਨ ਲਗਿਆ ਲਗਦਾ ਟਾਇਮ ਕੋਈ ਨਹੀਂ॥
ਜਜ਼ਬਾ ਅਣਖ ਦਾ ਅਮਰ ਅਡੋਲ ਰਿਹਾ,
ਹੜ ਜੁਲਮ ਦਾ ਵਗਦਾ ਵਗ ਗਿਆ॥
ਪੜਦਾ ਫ਼ਹਸ਼ ਤੇ ਦੂਰ ਅੰਧੇਰ ਹੋਇਆ
ਦੀਵਾ ਦਿਲਾਂ ਅੰਦਰ ਐਸਾ ਜਗ ਗਿਆ॥

ਸੱਚ ਨਚਿਆ ਤੇਗ਼ਾ ਦੀ ਧਾਰ ਉਤੇ,
ਵਡ ਪ੍ਰਤਾਪ ਦਾ ਸੱਚ ਫਰਮਾਨ ਮੁਕਤਾ
ਜੁਲਮ ਤਗਦਾ ਤਗਦਾ ਤਗ ਗਿਆ॥
ਚੜਦੀ ਕਲਾ ਰਹੇ ਗੁਰ ਜਗਜੀਤ ਤੇਰੀ,
ਤੇਰੇ ਨਾਲ ਹੈ ਪਕੀ ਬੁਨਿਆਦ ਸਾਡੀ॥
ਤੇਰੇ ਨਾਲ ਸਭ ਰੰਗਤ ਤੇ ਰੌਣਕਾਂ ਨੇ
ਤੇਰੇ ਨਾਲ ਹੈ ਦੁਨੀਆਂ ਅਬਾਦ ਸਾਡੀ॥
ਮੁਕਤਾ, ਨੂਰ ਨਿਰਾਲੇ ਦੀ ਝਲਕ ਸਦਕਾ
ਦੁਨੀਆਂ ਵਸਦੀ ਰਸਦੀ ਸ਼ਾਦ ਸਾਡੀ॥
ਹਸਰ ਤੀਕ ਰਹੇ ਸਾਥ ਅਟਲ ਤੇਰਾ
ਇਹ ਹੈ ਅਰਜ ਸਾਡੀ ਇਹ ਫਰਿਆਦ ਸਾਡੀ॥

*ਪਿੰਡ ਸੰਤ ਨਗਰ*
*ਜ਼ਿਲ੍ਹਾ ਸਿਰਸਾ, (ਹਰਿਆਣਾ)*
*ਹਰਿਆਣਾ/ਫੋਨ-੯੯੯੨੩-੩੯੫੨੪*



Namdhari Elibrary NamdhariElibrary@gmail.com

# ਪੈਸੇ ਦੀ ਸਭ ਖੇਡ ਹੈ...

*—ਡਾ. ਹਰਨੇਕ ਸਿੰਘ ਕੋਮਲ*

- ਮੋਹ-ਪਿਆਰ ਤੋਂ ਸੱਖਣਾ, ਜਿਉਂ ਪੱਥਰ ਦਾ ਬੁੱਤ।
  ਹੁਣ ਤਾਂ ਬੰਦਾ ਬਣ ਗਿਆ, ਪੈਸੇ ਦਾ ਹੀ ਪੁੱਤ॥

- ਪੈਸਾ ਬਣਿਆ ਇਸ਼ਟ ਹੈ, ਕਰਦਾ ਇਸਦਾ ਜਾਪ।
  ਪੈਸੇ ਦਾ ਪੁੱਤ ਆਦਮੀ, ਪੈਸਾ ਮਾਈ-ਬਾਪ॥

- ਮੱਤ ਬੰਦੇ ਦੀ ਮਾਰਦੀ, ਪੈਸੇ ਦੀ ਇਹ ਭੁੱਖ।
  ਜਿਉਂ ਜਿਉਂ ਵਧਦੀ ਲਾਲਸਾ, ਤਿਉਂ-ਤਿਉਂ ਵਧਦੇ ਦੁੱਖ॥

- ਵਿਕਦੀ ਪਈ ਜ਼ਮੀਰ ਹੈ, ਵਿਕਦਾ ਹੈ ਈਮਾਨ।
  ਪੈਸੇ ਲਈ ਹੈ ਵਿਕ ਰਿਹਾ, ਸ਼ਰ੍ਹੇਆਮ ਇਨਸਾਨ॥

- ਹੱਕ ਅਤੇ ਇਨਸਾਫ ਦਾ, ਦੀਵਾ ਹੋਇਆ ਗੁੱਲ।
  ਪੈਸੇ ਦੀ ਸਭ ਖੇਡ ਹੈ, ਮੈਰਿਟ ਦਾ ਕੀ ਮੁੱਲ॥

- ਉਹ ਕੀ ਜਾਣੇ ਦੋਸਤੀ, ਉਹ ਕੀ ਜਾਣੇ ਪਿਆਰ।
  ਸਭ ਕੁਝ ਜਿਸ ਦੇ ਵਾਸਤੇ, ਪੈਸਾ ਅਤੇ ਵਪਾਰ॥

- ਪੈਸੇ ਦੇ ਇਹ ਪੁੱਤ ਜੋ, ਦਾਮਨ ਹੈ ਨਾਪਾਕ।
  ਇਹ ਨਾ ਸਮਝਣ ਚੀਜ਼ ਕੀ, ਕਰਮ, ਧਰਮ, ਇਖ਼ਲਾਕ॥

- ਦੁਨੀਆ ਉਸ ਦੇ ਨਾਲ ਹੈ, ਪੈਸਾ ਜਿਸ ਦੇ ਪਾਸ।
  ਆਉਂਦੇ ਪੈਸੇ ਨਾਲ ਹੁਣ, ਵਿਗੜੇ ਕਾਰਜ ਰਾਸ॥

- ਹੌਲੀ-ਹੌਲੀ ਆ ਗਈ, ਇਹ ਕੁਲੱਛਣੀ ਰੁੱਤ।
  ਪੈਸੇ ਬਿਨਾਂ ਨਾ ਪੁੱਛਦੇ, ਆਪਣੇ ਧੀਆਂ-ਪੁੱਤ॥

- ਪੈਸਾ ਸਾਂਝੀ ਸੋਚ ਹੈ, ਦੋ ਮਿੱਤਰਾਂ ਵਿਚਕਾਰ।
  ਇਕ ਪੈਸੇ ਦਾ ਪੁੱਤ ਹੈ, ਇਕ ਪੈਸੇ ਦਾ ਯਾਰ॥

- ਪੈਸਾ ਬਣਿਆ ਇਸ਼ਟ ਹੈ, ਇਹ ਪੀਰਾਂ ਦਾ ਪੀਰ।
  ਪੈਸਾ ਡੂੰਘੀ ਖਿਚਦਾ, ਰਿਸ਼ਤੇ ਵਿਚ ਲਕੀਰ॥

- ਪੈਸਾ ਹੀ ਜੋ ਸਮਝਦੇ, ਰਿਸ਼ਤੇ ਦਾ ਆਧਾਰ।
  ਮਿੱਤਰ ਕਿਹੜੇ ਕੰਮ ਉਹ, ਨਾਲੇ ਰਿਸ਼ਤੇਦਾਰ॥

- ਪੈਸੇ ਅਤੇ ਪੁੱਤ ਦਾ, ਲੋਕੋ ਕੂੜਾ ਮਾਣ।
  ਕੀ ਪਤਾ ਹੈ ਹੱਥ 'ਚੋਂ, ਕਦੋਂ ਇਹ ਨਿਕਲ ਜਾਣ॥

- ਦੌਲਤ, ਕਾਰਾਂ, ਕੋਠੀਆਂ, 'ਕੀ'ਨ੍ਹੀ ਉਸ ਦੇ ਪਾਸ।
  ਖਾ ਕੇ ਗੋਲੀ ਨੀਂਦ ਦੀ, ਸੌਂਦਾ ਮਾਇਆ ਦਾਸ॥

- 'ਕੱਠੇ ਕਰਦਾ ਰਹਿ ਗਿਆ, ਦੌਲਤ ਦੇ ਭੰਡਾਰ।
  ਖ਼ਾਲੀ ਹੱਥੀਂ ਤੁਰ ਗਿਆ, ਬੰਦਾ ਆਖ਼ਰਕਾਰ॥

- ਭਾਵੇਂ ਵਿਛਿਆ ਹਰ ਤਰਫ਼, ਪੈਸੇ ਦਾ ਹੈ ਜਾਲ।
  ਪੈਸੇ ਖ਼ਾਤਰ ਬਣੋ ਨਾ, ਕਦੇ ਵਿਕਾਊ ਮਾਲ॥

- ਮਾਇਆ ਮਿੱਠਾ ਜ਼ਹਿਰ ਹੈ, ਜਾਣੇ ਸਾਰਾ ਜੱਗ।
  ਫਿਰ ਵੀ ਚੰਚਲ ਨਾਰ ਇਹ, ਲੈਂਦੀ ਸਭ ਨੂੰ ਠੱਗ॥

- ਮੋਮੋਠਗਣੀ ਮਾਇਆ, ਲੈਂਦੀ ਸਭ ਨੂੰ ਮੋਹ।
  ਜੋ ਨਾ ਜਾਵੇ ਮੋਹਿਆ, ਪਰਮ ਪੁਰਖ ਹੈ ਓਹ॥

*ਮੋ-੯੩੧੭੭-੬੧੪੧੪*

## ਚੌਬਰਗੇ

*—ਸੁਖਦੇਵ ਸਿੰਘ ਗਰੇਵਾਲ*

ਇਹ ਚੱਪੂ ਬੇੜੀਆਂ ਅਪਣੇ ਪਰ੍ਹਾਂ ਕਰ ਲਓ ਜੱਗ ਵਾਲੋ
ਭੰਵਰ ਸ਼ਾਇਦ ਕਿਨਾਰੇ ਨੂੰ ਇਵੇਂ ਹੱਥ ਲਾਣ ਦੇ ਦੇਵੇ।
ਭੰਵਰ ਨੂੰ ਵੀ ਤਾਂ ਉਮਰਾਂ ਤੋਂ ਕਿਨਾਰੇ ਦੀ ਮੁਹੱਬਤ ਹੈ
ਕਿਵੇਂ ਬੇੜੀ ਨੂੰ ਹਿੱਕ ਤੋਂ ਉਹ ਅਗਾਂਹ ਜਾਣ ਦੇ ਦੇਵੇ।

ਮੈਂ ਲਹਿਰਾਂ ਤੋਂ ਨਹੀਂ ਡਰਦਾ ਇਨ੍ਹਾਂ ਦਾ ਦਿਲ ਨਹੀਂ, ਪੱਥਰ
ਇਹ ਹੋ ਸਕਦੈ ਇਨ੍ਹਾਂ ਦੇ ਨਾਲ ਯਾਰਾਨੇ ਹੀ ਪੈ ਜਾਵਣ।
ਕਿਸੇ ਨੂੰ ਡੋਬ ਦੇਵਣ ਦੀ ਜੋ ਤਾਕਤ ਹੈ ਇਨ੍ਹਾਂ ਅੰਦਰ
ਬੜੀ ਗੱਲ ਨਹੀਂ ਜੇ ਉਸੇ ਨੂੰ ਹੀ ਇਹ ਕੰਢੇ ਤੇ ਲੈ ਜਾਵਣ।

ਮਕਰ, ਧੋਖੇ ਤੇ ਘ੍ਰਿਣਾ ਨੂੰ ਧਰਮ ਸਮਝਣ ਦੇ ਸ਼ੌਕੀਨੋ
ਰਹਿਣ ਦੇਵੋ ਕਦਮ ਹਰ ਤੇ ਮੇਰਾ ਈਮਾਨ ਨਾ ਪਰਖੋ।
ਬਦਲ ਦੇਵੋ ਖੁਦਾ ਦੀ ਜਾਂ ਤੇ ਇਹ ਤਾਰੀਫ਼ ਨਹੀਂ ਤਾਂ ਫਿਰ
ਮੁਹੱਬਤ ਕਰਨ ਵਾਲੇ ਨੂੰ ਤੁਸੀਂ ਸ਼ੈਤਾਨ ਨਾ ਪਰਖੋ

*੬੦੯, ਗਰੇਵਾਲ ਹਾਊਸ*
*ਪਾਂਡੂਸਰ, ਨਾਭਾ-੧੪੭੨੦੧*
*੯੯੮੮੦-੧੮੫੫੦*



Namdhari Elibrary NamdhariElibrary@gmail.com

# ਦੀਵਾਨ : ਧਾਰਮਿਕ ਵੀ ਅਤੇ ਸੱਭਿਆਚਾਰਕ ਵੀ

*—ਗੁਰਬਚਨ ਸਿੰਘ ਭੁੱਲਰ*



ਮੇਰੇ ਬਚਪਨ ਵਿਚ ਗੁਰਪੁਰਬਾਂ ਸਮੇਂ ਸਜਦੇ ਦੀਵਾਨ ਧਾਰਮਿਕ ਸਮਾਗਮਾਂ ਜਿੰਨੇ ਹੀ ਸੱਭਿਆਚਾਰਕ ਉਤਸਵ ਹੁੰਦੇ ਸਨ। ਅਸਲ ਵਿਚ ਉਸ ਸਮੇਂ, ਖਾਸ ਕਰਕੇ ਪੇਂਡੂ ਭਾਈਚਾਰੇ ਵਿਚ, ਧਰਮ ਅਜੇ ਬਹੁਤ ਉਦਾਰ ਸੁਭਾਅ ਵਾਲਾ ਸੀ। ਸਭ ਧਰਮਾਂ ਦੇ ਲੋਕ ਇਕ ਦੂਜੇ ਦੇ ਤਿਹਾਰਾਂ ਸਮੇਂ ਦਿਲੀ ਉਤਸ਼ਾਹ ਦਿਖਾਉਂਦੇ। ਰੱਬ ਦੀ ਮਿਥਕ-ਕਾਲਪਨਿਕ ਹੋਂਦ ਜੀਵਨ ਦਾ ਸੁਭਾਵਿਕ ਅੰਗ ਹੁੰਦੀ ਸੀ ਜਿਸ ਪ੍ਰਤੀ ਕੋਈ ਬਹੁਤਾ ਉਚੇਚ ਵਰਤਣ ਦੀ ਲੋੜ ਨਹੀਂ ਸੀ ਪੈਂਦੀ। ਸਾਡੇ ਪਿੰਡ ਵਿਚ ਦੋ ਗੁਰਪੁਰਬ ਵੱਡੀ ਸਜਧਜ ਨਾਲ ਮਨਾਏ ਜਾਂਦੇ ਸਨ। ਬਾਬੇ ਨਾਨਕ ਦਾ ਜਨਮ, ਜਿਸ ਨੇ 'ਕੱਤਕ ਦੀ ਪੁੰਨਿਆਂ' ਨੂੰ ਲੈ ਅਵਤਾਰ ਜੱਗ, ਧੁੰਦ ਤੇ ਗੁਬਾਰ ਸਾਰੇ ਜੱਗ ਦੀ ਮਿਟਾਈ ਸੀ। ਤੇ ਪੋਹ ਦੀ ਸੱਤਵੀਂ ਨੂੰ ਹੋਇਆ ਦਸਮੇਸ਼ ਪਿਤਾ ਦਾ ਜਨਮ, ਲੋਕ ਜਿਸ ਦੇ ਸ਼ੁਕਰਗੁਜ਼ਾਰ ਸਨ ਕਿ ਸਮਾਜ ਪਤਾ ਨਹੀਂ ਕਿਸ ਰਸਾਤਲ ਵਿਚ ਗ਼ਰਕ ਜਾਂਦਾ 'ਜੇ ਨਾ ਤੀਰ ਛੁਟਤੇ, ਗੋਬਿਦ ਸਿੰਘ ਜੁਆਨ ਕੇ!'

ਲੋਕ-ਮਨ ਵਿਚ ਰੱਬ ਦਾ, ਗੁਰੂਆਂ ਦਾ ਸਰੂਪ-ਸੰਕਲਪ ਉੱਚੇ ਅੰਬਰਾਂ ਉੱਤੇ ਬੈਠੇ ਕਿਸੇ ਓਪਰੇ ਅਤੇ ਦੂਰੇਡੇ ਸਰਬ-ਸਮਰੱਥ ਵਾਲਾ ਨਹੀਂ ਸਗੋਂ ਚੰਦਨ ਅਤੇ ਪਾਣੀ ਦੀ ਸਾਂਝ ਵਾਲਾ ਸੀ। ਜੇ ਚੰਦਨ ਪਾਣੀ ਨੂੰ ਆਪਣੇ ਅੰਦਰ ਸਮਾ ਲੈਣ ਦੀ ਸ਼ਕਤੀ ਰੱਖਦਾ ਹੈ ਤਾਂ ਪਾਣੀ ਵੀ ਚੰਦਨ ਨੂੰ ਆਪਣੇ ਵਿਚ ਘੋਲਣ, ਰਚਾਉਣ-ਵਸਾਉਣ ਦੀ ਸਮਰੱਥਾ ਰੱਖਦਾ ਹੈ। ਧਰਮ ਨੇ ਅਜੇ ਸਭ ਕੁਛ ਨੂੰ ਭੰਨ, ਤੋੜ, ਰੋੜ੍ਹ ਕੇ ਲੈ ਜਾਣ ਵਾਲੀ ਸੁਨਾਮੀ ਦਾ ਰੂਪ ਨਹੀਂ ਸੀ ਧਾਰਿਆ, ਉਹ ਨਿੱਕੀ ਨਿੱਕੀ ਕਣੀ ਦੇ ਮੀਂਹ ਵਾਂਗ ਵਰਸੇਂਦਾ ਸੀ। ਬਾਬਾ ਨਾਨਕ ਹਰ ਘਰ ਦਾ ਵਡੇਰਾ ਸੀ ਜਿਸ ਦਾ ਸਤਿਕਾਰੀ ਭੈ ਲੋਕਾਂ ਨੂੰ ਮਾੜੇ ਕੰਮਾਂ ਤੋਂ ਵਰਜ ਕੇ ਭਲੇ ਕੰਮ ਕਰਨ ਲਈ ਪ੍ਰੇਰਦਾ। ਅਜੇ ਉਹਦਾ ਨਾਮਕਰਨ 'ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ' ਸੱਚੇ ਪਾਤਸ਼ਾਹ ਵਜੋਂ ਕਰ ਕੇ ਲੋਕਾਂ ਲਈ ਅਪਹੁੰਚ ਨਹੀਂ ਸੀ ਬਣਾਇਆ ਗਿਆ। ਜੇ ਕਿਸੇ ਦੀ ਗੱਲ ਦੇ ਸੱਚ ਦਾ ਨਿਤਾਰਾ ਕਰਨਾ ਹੁੰਦਾ, ਲੋਕ ਆਖਦੇ, 'ਖਾ ਵੱਡੇ ਬਾਬੇ ਦੀ ਸਹੁੰ!' ਉਹ ਆਪਣੇ ਵੱਡੇ ਤੋਂ ਅਸ਼ੀਰਵਾਦ ਮੰਗਣ ਵਾਂਗ ਬੜੀ ਸਹਿਜਤਾ ਨਾਲ ਆਖਦੇ, ਬਾਬਾ ਸੁੱਖ ਰੱਖੀਂ! ਇਉਂ ਹੀ 'ਬਾਜਾਂ ਵਾਲੇ ਦੀ ਸਹੁੰ' ਤੇ 'ਗੁਰਾਂ ਦੀ ਸਹੁੰ' ਸੀ। ਆਮ ਕਰਕੇ, ਕਿਸੇ ਨਿੱਘਰੇ ਹੋਏ ਬੰਦੇ ਤੋਂ ਬਿਨਾਂ, ਅਜਿਹੀ ਸਹੁੰ ਝੂਠੀ ਖਾਣ ਦਾ ਜੇਰਾ ਕੋਈ ਨਹੀਂ ਸੀ ਕਰਦਾ।

ਦੀਵਾਨਾਂ ਸਮੇਂ ਰਾਗਾਂ ਵਾਲੀ ਗਹਿਰਾਈ ਵਿਚ ਜਾਏ ਬਿਨਾਂ ਧਿਆਨ ਇਸ ਗੱਲ ਉੱਤੇ ਹੁੰਦਾ ਸੀ ਕਿ ਸਰਲ ਭਾਸ਼ਾ ਸਦਕਾ ਸਰੋਤਿਆਂ ਦੀ ਬਿਰਤੀ ਜੁੜੀ ਰਹੇ। ਮੁਕਤ-ਕੰਠ ਗੂੰਜਵੀਂ ਆਵਾਜ਼ ਵਿਚ ਗਾਏ ਰਾਗੀਆਂ, ਕੀਰਤਨੀਆਂ ਦੇ ਸਰਲ-ਸਿੱਧੇ ਬੋਲਾਂ ਦਾ ਜਾਦੂ ਬਾਜੇ ਦੀਆਂ ਮਨਮੋਹਕ ਸੁਰਾਂ, ਚਿਮਟੇ ਦੇ ਨ੍ਰਿਤਕੀ ਛਣਕਾਟੇ ਅਤੇ ਢੋਲਕੀ ਦੀ ਗੜ੍ਹਕਵੀ ਧਮਕ ਨਾਲ ਦੂਗੁਣਾ-ਚੌਗੁਣਾ ਹੋ ਕੇ ਪੂਰੇ ਪਿੰਡ ਦੀ ਪੌਣ ਵਿਚ ਰਮ ਜਾਂਦਾ। ਰਾਗੀ ਜਦੋਂ ਗੁਰਬਾਣੀ ਦਾ ਕੀਰਤਨ ਵੀ ਕਰਦੇ, ਆਪਣੀਆਂ ਹੀ ਬਣਾਈਆਂ ਸਰਲ-ਸਾਧਾਰਨ ਟੇਕਾਂ-ਤਰਜ਼ਾਂ ਅਨੁਸਾਰ ਕਰਦੇ। ਬਹੁਤੀਆਂ ਸੂਰਤਾਂ ਵਿਚ ਤਾਂ ਉਹ ਬਾਣੀ ਦੇ ਕਿਸੇ ਸ਼ਬਦ-ਸਲੋਕ ਦੀ ਵਿਆਖਿਆ ਕਰ ਕੇ ਉਹਦਾ ਸਾਰ ਆਮ-ਸਮਝ ਬੋਲਾਂ ਵਿਚ ਗਾਉਂਦੇ, ਜਿਵੇਂ 'ਫਲ ਨੀਵਿਆਂ ਰੁੱਖਾਂ ਨੂੰ ਲਗਦੇ, ਸਿੰਬਲਾ ਤੂੰ ਮਾਣ ਨਾ ਕਰੀਂ' ਅਤੇ 'ਤੇਰੇ ਨਾਮ ਦੇ ਬਰਾਬਰ ਹੈ ਨੀ, ਖੰਡ ਮਖਿਆਲ ਮਿਸਰੀ।' ਜਾਂ ਫੇਰ ਉਹ ਗੁਰੂ ਸਾਹਿਬ ਦੀ ਅਤੇ ਉਹਨਾਂ ਦੀ ਵਿਚਾਰਧਾਰਾ ਦੀ ਉਸਤਤ ਗਾਉਂਦੇ, ਜਿਵੇਂ 'ਮੈਂ ਸੋਭਾ ਸੁਣ ਕੇ ਆਇਆ, ਉੱਚਾ ਦਰ ਬਾਬੇ ਨਾਨਕ ਦਾ', 'ਸਾਡੇ ਗੁਰਾਂ ਨੇ ਜਹਾਜ਼ ਬਣਾਇਆ, ਆ ਜੋ ਜੀਹਨੇ ਪਾਰ ਲੰਘਣਾ' ਅਤੇ 'ਰਾਮ, ਵਾਹਿਗੁਰੂ, ਅੱਲਾ ਦਾ ਨਾਮ ਇਕੋ ਐ, ਭਰਮਾਂ 'ਚ ਪੈ'ਗੀ ਦੁਨੀਆ।' ਭਾਰਤੀ ਮਿਥਿਹਾਸ ਦੀਆਂ ਸਾਖੀਆਂ ਸੁਣਾ ਕੇ ਉਹਨਾਂ ਦਾ ਸਾਰ-ਤੱਤ ਵੀ ਧਾਰਨਾ ਦੇ ਰੂਪ ਵਿਚ ਗਾਇਆ ਜਾਂਦਾ। ਰਾਮ ਦੇ ਨਾਂਅ ਦੀ ਥਾਂ ਰਿਆਇਆ ਨੂੰ ਆਪਣੇ ਨਾਂਅ ਦੇ ਜਾਪ ਦਾ ਆਦੇਸ਼ ਦੇਣ ਵਾਲੇ ਹਰਨਾਖਸ਼ ਵੱਲੋਂ ਇਨਕਾਰੀ ਪੁੱਤਰ ਪ੍ਰਹਿਲਾਦ ਨੂੰ ਅਮਾਨਵੀ ਸਜ਼ਾਵਾਂ ਦਿੱਤੇ ਜਾਣ ਦੀ ਸਾਖੀ, 'ਪਾ ਲੈ ਤੱਤਿਆਂ ਥੰਮ੍ਹਾਂ ਨੂੰ ਜੱਫੀਆਂ, ਦੇਖਾਂ ਤੇਰਾ ਰਾਮ ਰੱਖ ਲਊ!' ਕੌਰਵਾਂ-ਪਾਂਡਵਾਂ ਦੀ ਠੰਡੀ-ਤੱਤੀ ਲੜਾਈ ਵਿਚ ਵਿਰੋਧੀ ਧਿਰ ਨੂੰ ਬੇਇੱਜ਼ਤ ਕਰਨ ਲਈ ਦਰੋਪਦੀ ਨੂੰ ਨਿਰਵਸਤਰ ਕਰਨ ਦੇ ਜਤਨ ਸਮੇਂ ਉਹਦੀ ਪੁਕਾਰ, 'ਤੈਨੂੰ ਕ੍ਰਿਸ਼ਨ ਕਿਸੇ ਨ੍ਹੀਂ ਕਹਿਣਾ, ਜੇ ਮੇਰੇ ਚੀਰ ਲੱਥ ਗਏ!'

ਗੁਰਪੁਰਬ ਵਾਲੇ ਦਿਨ ਪਿੰਡ ਵਿਚੋਂ ਦੀ ਜਲੂਸ ਵੀ ਕੱਢਿਆ ਜਾਂਦਾ। ਇਹ ਜਲੂਸ ਅਸਲ ਵਿਚ ਚਲਦਾ-ਫਿਰਦਾ ਦੀਵਾਨ ਹੀ ਹੁੰਦਾ। ਸਭ ਤੋਂ ਅੱਗੇ ਉਤਸ਼ਾਹੀ ਮੁੰਡੇ ਗੰਧਕ ਤੇ ਪੋਟਾਸ਼ ਦੀਆਂ ਪੁੜੀਆਂ ਦੇ ਪਟਾਕੇ ਪਾਉਂਦੇ ਜਾਂਦੇ। ਮਹਾਰਾਜ ਦੀ ਸਵਾਰੀ ਦੇ ਪਿੱਛੇ ਬਾਜੇ, ਚਿਮਟੇ ਤੇ ਢੋਲਕੀ ਵਾਲੇ ਰਾਗੀ ਸ਼ਬਦ ਤੇ ਧਾਰਨਾਵਾਂ ਪੜ੍ਹਦੇ। ਉਹਨਾਂ ਦੇ ਮਗਰ ਇਸਤਰੀਆਂ ਅਤੇ ਫੇਰ ਪੁਰਸ਼ ਹੁੰਦੇ। ਲੋਕ ਘਰਾਂ ਵਿਚੋਂ ਬਾਹਰ ਆ ਕੇ ਮੱਥਾ



Namdhari Elibrary NamdhariElibrary@gmail.com

ਟੇਕਦੇ ਅਤੇ ਮਾਇਆ ਭੇਟ ਕਰਦੇ। ਸੱਥਾਂ ਤੇ ਹੋਰ ਖੁੱਲ੍ਹੀਆਂ ਥਾਂਵਾਂ ਉੱਤੇ ਜਲੂਸ ਪੜਾਅ ਕਰਦਾ। ਉਥੇ ਕਵੀਸ਼ਰ ਸਮਾਂ ਬੰਨ੍ਹਦੇ ਅਤੇ ਸਾਡੇ ਵਰਗੇ ਪਾੜ੍ਹੇ ਕਿਤੋਂ ਪੜ੍ਹੀਆਂ ਹੋਈਆਂ ਧਾਰਮਿਕ ਕਵਿਤਾਵਾਂ ਸੁਣਾ ਕੇ ਪ੍ਰਸੰਸਾ ਖੱਟਦੇ। ਇਉਂ ਸਕੂਲੀ ਅਤੇ ਹੋਰ ਮੰਚਾਂ ਉੱਤੇ ਬੋਲਣ ਦੀ ਉਹਨਾਂ ਦੀ ਝਿਜਕ ਜਾਂਦੀ ਰਹਿੰਦੀ। ਪਿੰਡ ਦਾ ਚੱਕਰ ਲਾਉਣ ਮਗਰੋਂ ਜਲੂਸ ਗੁਰਦੁਆਰੇ ਪਰਤ ਕੇ ਸਮਾਪਤ ਹੋ ਜਾਂਦਾ।

ਸਾਲ ਵਿਚ ਦੋ ਵਾਰ ਲੱਗਦਾ ਇਕ ਦੀਵਾਨ ਤਾਂ ਮੇਰੇ ਚੇਤੇ ਵਿਚ ਅੱਜ ਵੀ ਸੱਜਰਾ ਹੈ। ਇਹ ਮੇਰੇ ਪਿੰਡ ਤੋਂ ਚਾਰ ਕੁ ਕੋਹ ਵਾਟ 'ਭੁੱਲਰਾਂ' ਦੀ ਮਾੜੀ ਵਿਚ ਅੱਸੂ ਅਤੇ ਚੇਤ ਦੀ ਚੌਥ ਤੋਂ ਮਗਰੋਂ ਆਉਣ ਵਾਲੇ ਐਤਵਾਰ ਨੂੰ ਪੂਰੀ ਰਾਤ ਸਜਦਾ। ਨੇੜੇ-ਤੇੜੇ ਦੇ ਪਿੰਡਾਂ ਦੇ ਭੁੱਲਰ ਘਰਾਂ ਦੀਆਂ ਸੁਆਣੀਆਂ ਗੁੜ ਵਾਲੀਆਂ ਰੋਟੀਆਂ ਅੰਬ ਦੇ ਅਚਾਰ ਨਾਲ ਪੋਣਿਆਂ ਵਿਚ ਬੰਨ੍ਹ ਲੈਂਦੀਆਂ। ਛੇ ਮਹੀਨਿਆਂ ਵਿਚ ਜਿਨ੍ਹਾਂ ਦੀ ਗਾਂ-ਮੱਝ ਸੂਈ ਹੁੰਦੀ, ਉਹ ਦਿਨ ਦੇ ਪੂਰੇ ਦੁੱਧ ਦੀ ਖੀਰ ਰਿੰਨ੍ਹਦੀਆਂ। ਨਾਲ ਹੀ ਪ੍ਰਸ਼ਾਦ ਵੀ ਬਣਾ ਲਿਆ ਜਾਂਦਾ। ਘਰ ਵਿਚ ਮੰਗਣਾ, ਵਿਆਹ, ਬਾਲ ਦਾ ਜਨਮ ਜਾਂ ਖ਼ੁਸ਼ੀ ਦਾ ਹੋਰ ਕੋਈ ਸਬੱਬ ਬਣਿਆ ਹੁੰਦਾ ਜਾਂ ਮਾੜੀ ਵਿਖੇ ਸੁੱਖੀ ਹੋਈ ਕੋਈ ਸੁੱਖ ਪੂਰੀ ਹੋਈ ਹੁੰਦੀ, ਲੋਕ ਧੰਨਵਾਦੀ ਮੱਥਾ ਟੇਕਣ ਜਾਂਦੇ। ਨਵੇਂ ਵਿਆਹੇ ਜੋੜੇ ਗੰਢਜੋੜਾ ਕਰ ਕੇ ਮਾੜੀ ਦੇ ਸੱਤ ਚੱਕਰ ਕਟਦੇ, ਕੱਚੇ ਤਲਾਅ ਵਿਚੋਂ ਸੱਤ ਥੱਬੇ ਗਿੱਲੀ ਮਿੱਟੀ ਦੇ ਕਢਦੇ ਅਤੇ ਸੁੱਕੀ ਮਿੱਟੀ ਦੀਆਂ ਸੱਤ ਝੋਲੀਆਂ 'ਬਲਿੰਦ' ਉੱਤੇ ਚਾੜ੍ਹਦੇ। ਲੋਕ ਮਿੱਠੀਆਂ ਰੋਟੀਆਂ ਤੇ ਖੀਰਾਂ ਵੰਡ ਕੇ ਖਾਂਦੇ। ਇਸ ਮਗਰੋਂ ਮਾੜੀ ਦੇ ਮੋਕਲੇ ਵਿਹੜੇ ਵਿਚ ਪੂਰੀ ਰਾਤ ਦਾ ਦੀਵਾਨ ਸਜਦਾ। ਖੁੱਲ੍ਹਾ ਸਮਾਂ, ਰਾਗੀ, ਕਵੀਸ਼ਰ ਤੇ ਹੋਰ ਬੁਲਾਰੇ ਆਪਣੀਆਂ ਰੀਝਾਂ ਲਾਹ ਲੈਂਦੇ। ਵਿਚੇ ਅਕਾਲੀ ਰਾਜਨੀਤੀ ਨੂੰ ਮੂੰਹ ਮਾਰਨ ਵਾਲਾ ਕੋਈ ਆਗੂ ਭਾਸ਼ਣ ਵੀ ਝਾੜ ਜਾਂਦਾ। ਨੀਂਦ ਨੂੰ ਰੋਕਣ ਤੋਂ ਅਸਮਰੱਥ ਲੋਕ ਉਥੇ ਹੀ ਟੇਢੇ ਹੋ ਜਾਂਦੇ ਅਤੇ ਢਮਕਾ ਲਾ ਕੇ ਫੇਰ ਬੈਠੇ ਹੋ ਜਾਂਦੇ। ਸਮੇਂ ਵਾਂਗ ਮਾਹੌਲ ਵੀ ਖੁੱਲ੍ਹਾ-ਡੁੱਲ੍ਹਾ ਹੁੰਦਾ। ਲੋਕ ਰਾਗੀਆਂ ਵੇਲੇ ਤਾਂ ਚੁੱਪ ਰਹਿੰਦੇ ਪਰ ਕਵੀਸ਼ਰਾਂ ਤੇ ਬੁਲਾਰਿਆਂ ਨੂੰ ਟੋਕ ਕੇ ਹਾਸਾ-ਠੱਠਾ ਵੀ ਕਰ ਲੈਂਦੇ। ਭਾਸ਼ਾ ਨਾਲ ਸੰਬੰਧਿਤ ਇਕ ਗੱਲ ਅੱਜ ਵੀ ਜਦੋਂ ਯਾਦ ਆਉਂਦੀ ਹੈ, ਮੈਂ ਇਕੱਲਾ ਹੀ ਹੱਸ ਪੈਂਦਾ ਹਾਂ-

"ਸਾਡੇ ਗੁਆਂਢੀ ਪਿੰਡ ਦਾ ਇਕ ਕੋਰਾ ਅਨਪੜ੍ਹ ਜਥੇਦਾਰ ਹੁੰਦਾ ਸੀ ਜੋ ਮਾਸਟਰ ਤਾਰਾ ਸਿੰਘ ਅਤੇ ਸੰਤ ਫ਼ਤਿਹ ਸਿੰਘ ਵੇਲੇ ਲੰਮੇ ਸਮੇਂ ਤੱਕ ਅਕਾਲੀ ਦਲ ਦੀ ਕਾਰਜਕਾਰਨੀ ਦਾ ਮੈਂਬਰ ਰਿਹਾ। ਉਹ ਸੀ ਤਾਂ ਭੁੱਲਰ ਪਰ ਨਾਂਅ ਨਾਲ ਗੋਤ ਦੀ ਥਾਂ ਆਪਣੇ ਪਿੰਡ ਦਾ ਨਾਂਅ ਲਾਉਂਦਾ ਸੀ। ਪੈਪਸੂ ਨੂੰ ਪੰਜਾਬ ਵਿਚ ਮਿਲਾਇਆ ਜਾਣਾ ਸੀ ਅਤੇ ਅਕਾਲੀ ਆਗੂ ਸਿੱਖਾਂ ਦੀ ਬਹੁਗਿਣਤੀ ਵਾਲੇ ਇਸ ਇਕੋ-ਇਕ ਸੂਬੇ ਨੂੰ 'ਸਿੱਖਾਂ ਦਾ ਹੋਮਲੈਂਡ' ਆਖ ਕੇ ਇਹਨੂੰ ਤੋੜੇ ਜਾਣ ਦਾ ਵਿਰੋਧ ਕਰ ਰਹੇ ਸਨ। ਸਾਡਾ ਇਹ ਜਥੇਦਾਰ ਮਾੜੀ ਦੇ ਦੀਵਾਨ ਵਿਚ ਗੱਜਿਆ, "ਸਾਡੀ ਮੰਗ ਹੈ ਕਿ ਸਾਡਾ ਇਹ ਹੋਮਲੇਟ ਕਾਇਮ ਰਹੇ।" ਸਰੋਤਿਆਂ ਵਿਚੋਂ ਸਾਡੇ ਪਿੰਡ ਦਾ ਕਵੀਸ਼ਰ ਚੇਤ ਸਿੰਘ ਬੋਲਿਆ, "ਉਇ ਜਥੇਦਾਰਾ, ਹੋਮਲੇਟ ਦਾ ਕੀ ਕਰਾਂਗੇ, ਸਨਲੇਟ ਮੰਗ, ਲੀੜੇ ਧੋਇਆ ਕਰਾਂਗੇ।"

ਇਕ ਹੋਰ ਦੀਵਾਨ ਦੀ ਘਟਨਾ ਤਾਂ ਵਾਰ ਵਾਰ ਚੇਤੇ ਵਿਚੋਂ ਉੱਭਰ ਕੇ ਅੱਜ ਦੇ ਸਾਹਿਤਕ ਮਾਹੌਲ ਨਾਲ ਆ ਜੁੜਦੀ ਹੈ। ਤਲਵੰਡੀ ਸਾਬੋ ਦੇ ਵਿਸਾਖੀ ਦੇ ਮੇਲੇ ਦੇ ਦੀਵਾਨ ਵਿਚ ਮੇਰਾ ਬਾਲ-ਮਨ ਪ੍ਰਸਿੱਧ ਪ੍ਰਚਾਰਕ ਗਿਆਨੀ ਚੰਨਣ ਸਿੰਘ ਗੁਰਨੇ ਨੂੰ ਸੁਣ ਕੇ ਬਹੁਤ ਪ੍ਰਭਾਵਿਤ ਹੋਇਆ। ਦੀਵਾਨ ਮਗਰੋਂ ਮੈਨੂੰ ਆਪਣੇ ਰਿਸ਼ਤੇਦਾਰ ਗਿਆਨੀ ਕੁੰਢਾ ਸਿੰਘ ਨਾਲ, ਜੋ ਆਪ ਵੀ ਮੰਨੇ ਹੋਏ ਪ੍ਰਚਾਰਕ ਸਨ, ਉਹਨਾਂ ਦੇ ਟਿਕਾਣੇ ਜਾ ਕੇ ਦਰਸ਼ਨ ਕਰਨ ਦਾ ਮੌਕਾ ਮਿਲਿਆ। ਗੱਲਾਂ ਕਰਦਿਆਂ ਉਹਨਾਂ ਨੇ ਪ੍ਰਚਾਰਕਾਂ, ਬੁਲਾਰਿਆਂ ਤੇ ਕਵੀਸ਼ਰਾਂ ਦੀ ਘਟਦੀ ਵਿਦਵਤਾ ਤੇ ਵਧਦੀ ਲਫ਼ਾਫ਼ੇਬਾਜ਼ੀ ਬਾਰੇ ਚਿੰਤਾ ਪ੍ਰਗਟਾਉਂਦਿਆਂ ਇਕ ਘਟਨਾ ਸੁਣਾਈ। ਉਹ ਕੋਟਕਪੂਰੇ ਨੇੜਲੇ ਇਕ ਪਿੰਡ ਦੇ ਸੱਦੇ ਉੱਤੇ ਦੀਵਾਨ ਲਈ ਪਹੁੰਚੇ। ਉਹਨਾਂ ਨੂੰ ਜਿਸ ਕਮਰੇ ਵਿਚ ਬਿਠਾਇਆ ਗਿਆ, ਉਥੇ ਉਹ ਪ੍ਰਸਿੱਧ ਕਵੀਸ਼ਰੀ ਜਥਾ ਵੀ ਬੈਠਾ ਸੀ ਜੋ ਇਸ਼ਤਿਹਾਰ ਵਿਚ ਉਹਨਾਂ ਵਾਂਗ ਹੀ ਮੁੱਖ ਬੁਲਾਰਿਆਂ ਵਜੋਂ ਪ੍ਰਚਾਰਿਆ ਗਿਆ ਸੀ। ਇਸ ਦੌਰਾਨ ਪ੍ਰਬੰਧਕਾਂ ਨੇ ਪਿੰਡ ਦਾ ਕੰਮ-ਚਲਾਊ ਕਵੀਸ਼ਰੀ ਜਥਾ ਲਾ ਦਿੱਤਾ ਤਾਂ ਜੋ ਉਹਨਾਂ ਦਾ ਸ਼ੌਕ ਵੀ ਪੂਰਾ ਹੋ ਜਾਵੇ ਅਤੇ ਲੋਕ ਵੀ ਜੁੜ ਬੈਠਣ ਤੇ ਟਿਕੇ ਰਹਿਣ। ਗਿਆਨੀ ਜੀ ਨਾਲ ਗੱਲਾਂ ਕਰ ਰਹੇ 'ਅਸਲੀ ਤੇ ਵੱਡੇ' ਕਵੀਸ਼ਰ ਬੇਚੈਨ ਹੋ ਕੇ ਔਖਵੀ ਜਿਹੀ ਕਰਨ ਲੱਗ ਪਏ। ਪੁੱਛਿਆ ਤਾਂ ਬੋਲੇ, "ਕੀ ਦੱਸੀਏ ਜੀ, ਇਹ ਤਾਂ ਛੋਟੇ ਸਾਹਿਬਜ਼ਾਦਿਆਂ ਦਾ ਪ੍ਰਸੰਗ ਸੁਣਾਉਣ ਲੱਗ ਪਏ, ਸਾਡੇ ਵੀ ਪੂਰਾ ਤਾਂ ਬੱਸ ਇਹੋ ਹੀ ਕੰਠ ਹੈ!" ਗਿਆਨੀ ਜੀ ਨੇ ਪੁੱਛਿਆ, "ਉਸੇ ਕਵੀਸ਼ਰ ਦਾ ਲਿਖਿਆ ਹੋਇਆ ਕਿ ਵੱਖਰਾ?" ਉਹ ਬੋਲੇ, "ਨਹੀਂ ਲਿਖਿਆ ਤਾਂ ਉਹ ਸਾਡੇ ਉਸਤਾਦ ਦਾ ਹੈ।" ਗਿਆਨੀ ਜੀ ਤਰਸ, ਪ੍ਰੇਸ਼ਾਨੀ ਅਤੇ ਵਿਅੰਗ ਦੀ ਮਿਲਵੀਂ ਭਾਵਨਾ ਨਾਲ ਬੋਲੇ, "ਘਬਰਾਉ ਨਾ, ਤੁਸੀਂ ਕਹਿਣਾ, ਸੰਗਤੇ, ਅਸੀਂ ਬਿਧੀ ਚੰਦ ਦੀ ਸਾਖੀ ਸੁਣਾਉਣ ਦੀ ਸਲਾਹ ਕਰ ਕੇ ਆਏ ਸੀ ਪਰ ਸਾਥੋਂ ਪਹਿਲੇ ਵੀਰਾਂ ਤੋਂ ਛੋਟੇ ਸਾਹਿਬਜ਼ਾਦਿਆਂ ਦਾ ਪ੍ਰਸੰਗ ਸੁਣ ਕੇ ਮਨ ਇਉਂ ਭਿੱਜ ਗਿਆ ਕਿ ਅਸੀਂ ਵੀ ਉਹੋ ਪ੍ਰਸੰਗ ਸੁਣਾਵਾਂਗੇ। ਉਹਨਾਂ ਵੀਰਾਂ ਦਾ ਰੰਗ ਆਪਣਾ ਸੀ, ਸਾਡਾ ਰੰਗ ਆਪਣਾ ਹੈ।" ਉਹਨਾਂ ਨੇ ਅਜਿਹਾ ਹੀ ਕੀਤਾ ਤੇ ਪਾਰ ਲੱਗ ਗਏ!

ਅੱਜ ਮੈਂ ਜਦੋਂ ਸਾਡੇ ਸਾਹਿਤ ਵਿਚ ਸਵੈਪ੍ਰਚਾਰ, ਵੱਟੇ-ਸੱਟੇ ਦੀ ਵਡਿਆਈ ਅਤੇ ਸਵਾਰਥੀ ਮਿੱਤਰਤਾ ਦੇ ਸਹਾਰੇ ਜਾਂ ਤਰਲੇ-ਮਿਨਤਾਂ ਨਾਲ ਲਏ ਇਨਾਮਾਂ-ਸਨਮਾਨਾਂ ਨਾਲ ਉੱਚੇ ਬਣ ਬਣ ਬਹਿੰਦੇ ਸਾਹਿਤਕਾਰਾਂ ਦੀਆਂ ਕਲਮਾਂ ਦਾ ਕੱਚ ਦੇਖਦਾ ਹਾਂ ਤਾਂ ਹਰ ਵਾਰ ਉਪਰੋਕਤ ਘਟਨਾ ਚੇਤੇ ਵਿਚੋਂ ਉੱਭਰ ਆਉਂਦੀ ਹੈ।



Namdhari Elibrary NamdhariElibrary@gmail.com

# ਉੱਚ ਕੋਟੀ ਦੀ ਪਦਵੀਆਂ ਤੇ ਸਿੱਖ

*—ਤਰਲੋਚਨ ਸਿੰਘ*

ਭਾਰਤ ਵਿਚ ਸਿੱਖਾਂ ਦੀ ਕੁਲ ਵਸੋਂ ਕੇਵਲ ਦੋ ਪ੍ਰਤਿਸ਼ਤ ਹੈ। ਭਾਵ ੧੧੦ ਕਰੋੜ ਵਾਲੇ ਦੇਸ਼ ਵਿਚ ਕੇਵਲ ਦੋ ਕਰੋੜ ਹੈ। ੧੯੪੭ ਵਿਚ ਜਦ ਦੇਸ਼ ਆਜ਼ਾਦ ਹੋਇਆ ਤਾਂ ਸਭ ਤੋਂ ਵੱਧ ਨੁਕਸਾਨ ਸਿੱਖਾਂ ਨੂੰ ਹੋਇਆ। ਅੱਧ ਤੋਂ ਵੱਧ ਆਬਾਦੀ ਪਾਕਿਸਤਾਨ ਤੋਂ ਉਜੜ ਕੇ ਦੋਬਾਰਾ ਵੱਸੀ, ਲੱਖਾਂ ਸਿੱਖ ਮਰੇ। ਫਿਰ ਕੁਝ ਰਾਜਸੀ ਹਾਲਾਤ ਐਸੇ ਉਲਝੇ ਕਿ ਲੰਬਾ ਸੰਘਰਸ਼ ਚਲਦਾ ਰਿਹਾ। ਇਸਦਾ ਸਿੱਟਾ ਵੀ ਭਿਆਨਕ ਨਿਕਲਿਆ ਤੇ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਫੌਜ ਦਾ ਹਮਲਾ ਫਿਰ ੧੯੮੪ ਵਿਚ ਦਿੱਲੀ ਤੇ ਹੋਰ ਸ਼ਹਿਰਾਂ ਵਿਚ ਹਜ਼ਾਰਾਂ ਸਿੱਖਾਂ ਦੇ ਕਤਲ ਦੇ ਸਾਕੇ ਵੀ ਸਿੱਖਾਂ ਨੇ ਭੁਗਤੇ। ਕਿਸੇ ਘੱਟ ਗਿਣਤੀ ਕੌਮ ਲਈ ਇਹ ਕੇਵਲ ਦੁਖਦਾਈ ਹੀ ਨਹੀਂ ਸਗੋਂ ਬੜਾ ਘਾਟਾ ਪਾਣ ਵਾਲਾ ਵਕਤ ਸੀ। ਇਸ ਕਾਰਨ ਰਾਜਸੀ, ਸਮਾਜਕ ਤੇ ਆਰਥਕ ਨੁਕਸਾਨ ਹੋਇਆ।

ਪਰ ਕਮਾਲ ਹੈ ਚੜ੍ਹਦੀ ਕਲਾ ਦਾ ਸੰਦੇਸ਼ ਜੋ ਸਿੱਖਾਂ ਦੀ ਗੁੜ੍ਹਤੀ ਹੈ ਕਿ ਇਹ ਕੌਮ ਹਰ ਵਕਤ ਮੁੜ ਸੁਰਜੀਤ ਹੁੰਦੀ ਹੈ। ਚਾਹੇ ਕੋਈ ਨਾਹਰੇ ਲਗਣ, ਕਈ ਭੁਲੇਖੇ ਪਾਏ ਜਾਣ ਸਿੱਖਾਂ ਨੇ ਭਾਰਤ ਦੇਸ਼ ਵਿਚ ਆਪਣੀ ਵਚਨਬੱਧਤਾ ਤੇ ਹਿੰਮਤ ਨਹੀਂ ਛੱਡੀ। ਸਿੱਖ ਹਮੇਸ਼ਾ ਭਾਰਤ ਦਾ ਅਟੁੱਟ ਅੰਗ ਬਣ ਕੇ ਮਜ਼ਬੂਤੀ ਵਲ ਵੱਧਦਾ ਰਿਹਾ। ਸਾਰੇ ਵਿਸ਼ਵ ਵਿਚ ਸਿੱਖਾਂ ਨੇ ਹੀ ਇਹ ਮਿਸਾਲ ਕਾਇਮ ਕੀਤੀ ਹੈ ਕਿ ਇਤਨੀ ਛੋਟੀ ਗਿਣਤੀ ਵਾਲੀ ਕੌਮ ਨੇ ਦੇਸ਼ ਦੀ ਹਰ ਟੀਸੀ ਵਾਲੀ ਪੱਦਵੀ ਪ੍ਰਾਪਤ ਕੀਤੀ ਹੈ। ਸਿੱਖਾਂ ਜੋ ਮੱਲਾਂ ਇਸ ਖੇਤਰ ਵਿਚ ਮਾਰੀਆਂ ਹਨ ਉਹ ਸਾਡੀ ਚੜ੍ਹਤ ਦਾ ਸੁਨਹਿਰੀ ਇਤਿਹਾਸ ਹੈ। ਕਿਹੜੀ ਵੱਡੀ ਪਦਵੀ ਹੈ ਜਿਸ ਤੇ ਸਿੱਖ ਬਿਰਾਜਮਾਨ ਨਹੀਂ ਹੋਇਆ।

ਸਭ ਤੋਂ ਉੱਚਾ ਹੈ ਰਾਸ਼ਟਰਪਤੀ ਜੋ ਸਾਰੇ ਦੇਸ਼ ਦਾ ਮੁਖੀ ਹੈ ਜਿਸਨੂੰ ਵਿਧਾਨ ਵਿਚ ਸਭ ਤੋਂ ਵੱਡੀ ਪੁਜ਼ੀਸ਼ਨ ਹੈ। ੧੯੮੨ ਵਿਚ ਗਿਆਨੀ ਜ਼ੈਲ ਸਿੰਘ ਉਸ ਲਈ ਚੁਣੇ ਗਏ। ਇਹ ਚੋਣ ਸਾਰੇ ਐਮ. ਪੀ. ਤੇ ਐਮ. ਐਲ. ਏ. ਕਰਦੇ ਹਨ। ਵਿਸ਼ਵ ਭਰ ਵਿਚ ਪਗੜੀ ਵਾਲੇ ਸਰਦਾਰ ਨੂੰ ਪਹਿਲੀ ਵਾਰ ਇਹ ਮਾਣ ਮਿਲਿਆ। ਭਾਰਤ ਦਾ ਪ੍ਰਧਾਨ ਮੰਤਰੀ ਇਕ ਸਿੱਖ ਦਾ ਬਣ ਜਾਣਾ ਇਕ ਕਰਿਸ਼ਮਾ ਹੋਇਆ। ਜਦ ਡਾਕਟਰ ਮਨਮੋਹਨ ਸਿੰਘ ੨੦੦੪ ਵਿਚ ਇਸ ਪੱਦਵੀ ਤੇ ਬੈਠੇ। ਹੋਰ ਕਮਾਲ ਵੇਖੋ ੨੦੦੯ ਵਿਚ ਦੋਬਾਰਾ ਉਹ ਪ੍ਰਧਾਨ ਮੰਤਰੀ ਬਣੇ। ਅੱਜ ਹਰ ਦੇਸ਼ ਵਿਚ ਲੋਕ ਪੱਗੜੀ ਵਾਲਾ ਪ੍ਰਧਾਨ ਮੰਤਰੀ ਸਿੱਖਾਂ ਦੀ ਸ਼ਾਨ ਵਧਾ ਰਿਹਾ ਹੈ। ਤੀਜੀ ਵੱਡੀ ਪੱਦਵੀ ਹੈ ਲੋਕ ਸਭਾ ਦਾ ਸਪੀਕਰ। ਵਿਸ਼ਵ ਦੀ ਸਭ ਤੋਂ ਵੱਡੀ ਪਾਰਲੀਮੈਂਟ ਦਾ ਮੁੱਖ ਹਰ ਪੰਜ ਸਾਲ ਪਿਛੋਂ ਚੁਣਿਆ ਜਾਂਦਾ ਹੈ। ਇਸ ਤੇ ਦੋ ਵਾਰੀ ਸਿੱਖ ਸੁਸ਼ੋਭਿਤ ਹੋਏ। ੧੯੬੨ ਵਿਚ ਸ. ਹੁਕਮ ਸਿੰਘ ਸਪੀਕਰ ਬਣੇ। ਪਹਿਲਾਂ ਉਹ ਪੰਜ ਸਾਲ ਡਿਪਟੀ ਸਪੀਕਰ ਸਨ। ਉਹ ਸ਼੍ਰੋਮਣੀ ਅਕਾਲੀ ਦਲ ਦੇ



ਪ੍ਰਧਾਨ ਵੀ ਰਹੇ। ਉਸ ਪਿਛੋਂ ਸ. ਗੁਰਦਿਆਲ ਸਿੰਘ ਢਿਲੋਂ ਸਪੀਕਰ ਬਣੇ। ਉਹਨਾਂ ਨੂੰ ਇਹ ਵੀ ਮਾਣ ਪ੍ਰਾਪਤ ਹੋਇਆ ਕਿ ਉਹ ਕਾਮਨਵੈਲਥ ਦੇਸ਼ਾਂ ਦੇ ਸਪੀਕਰਾਂ ਦੀ ਐਸੋਸੀਏਸ਼ਨ ਦੇ ਮੁਖੀ ਵੀ ਬਣੇ। ਦੇਸ਼ ਦੀ ਚੌਥੀ ਵੱਡੀ ਪੱਦਵੀ ਹੈ ਸੁਪਰੀਮ ਕੋਰਟ ਦਾ ਚੀਫ ਜਸਟਿਸ। ਸੁਪਰੀਮ ਕੋਰਟ ਦਾ ਚੀਫ ਜਸਟਿਸ ਦੋ ਸਾਲ ਪਿਛੋਂ ਇਕ ਸਿੱਖ ਸਰਦਾਰ ਜਸਟਿਸ ਜੇ. ਐਸ. ਕੇਹਰ ਬਣੇਗਾ। ਉਹ ਹੁਣ ਜੱਜ ਹਨ ਤੇ ੨੦੧੪ ਵਿਚ ਉਹਨਾਂ ਨੂੰ ਇਹ ਪੱਦਵੀ ਮਿਲੇਗੀ। ਇਸ ਨਾਲ ਸਿੱਖ ਇਹ ਮਾਣ ਪ੍ਰਾਪਤ ਕਰਨਗੇ ਕਿ ਦੇਸ਼ ਦੀਆਂ ਚਾਰੇ ਵੱਡੀਆਂ ਹਕੂਮਤ ਦੀਆਂ ਪੱਦਵੀਆਂ ਤੇ ਗੁਰੂ ਦੀ ਕਿਰਪਾ ਸਦਕਾ ਸਿੱਖ ਸੁਸ਼ੋਭਿਤ ਹੋਏ।

ਕੇਵਲ ਇਹੋ ਨਹੀਂ ਭਾਰਤ ਵਿਚ ਕਈ ਹੋਰ ਮਹੱਤਵ ਪੱਦਵੀਆਂ ਹਨ ਜਿਹਨਾਂ ਦਾ ਦਰਜਾ ਵਿਧਾਨਕ ਵੀ ਹੈ। ਪਲਾਨਿੰਗ ਕਮਿਸ਼ਨ ਦੇ ਡਿਪਟੀ ਚੇਅਰਮੈਨ ਸ. ਮੋਨਟੇਕ ਸਿੰਘ ਆਹਲੂਵਾਲੀਆ ਦੀ ਫੋਟੋ ਹਰ ਰੋਜ਼ ਅਖਬਾਰਾਂ ਵਿਚ ਆਉਂਦੀ ਹੈ। ਆਪਣੀ ਲਿਆਕਤ ਨਾਲ ਇਸ ਉੱਚੀ ਪਦਵੀ ਤੇ ਬੈਠ ਕੇ ਇਹਨਾਂ ਨੇ ਆਪਣਾ ਨਾਂ ਕਮਾਇਆ ਹੈ। ਦੋ ਵੱਡੇ ਕਮਿਸ਼ਨ ਹਨ ਨੈਸ਼ਨਲ ਕਮਿਸ਼ਨ ਫਾਰ ਮਿਨਾਰਟੀਜ਼ (ਕੌਮੀ ਘੱਟ ਗਿਣਤੀ ਕਮਿਸ਼ਨ) ਜਿਸਦਾ ਦਰਜਾ ਕੈਬਨਿਟ ਮੰਤਰੀ ਹੈ ਤੇ ਦੂਜਾ ਨੈਸ਼ਨਲ ਸ਼ੈਡਯੂਲ ਕਾਸਟ ਕਮਿਸ਼ਨ, ਇਹਨਾਂ ਦੇ ਚੇਅਰਮੈਨ ਸਿੱਖ ਬਣੇ ਹਨ। ਮੈਨੂੰ ਇਹ ਮਾਣ ੨੦੦੩ ਵਿਚ ਮਿਲਿਆ, ਜਦ ਮੈਨੂੰ ਵਾਈਸ ਚੇਅਰਮੈਨ ੨੦੦੬ ਵਿਚ ਪਹਿਲਾ ਸਿੱਖ ਘੱਟ ਗਿਣਤੀ ਕਮਿਸ਼ਨ ਦਾ ਚੇਅਰਮੈਨ ਲਗਾਇਆ ਗਿਆ। ਸ. ਬੂਟਾ ਸਿੰਘ, ਸਾਬਕਾ ਗਵਰਨਰ ਤੇ ਹੋਮ ਮਨਿਸਟਰ, ਸ਼ੈਡਯੂਲ ਕਾਸਟ ਕਮਿਸ਼ਨ ਦੇ ਚੇਅਰਮੈਨ ੨੦੦੯ ਵਿਚ ਬਣੇ। ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦਾ ਚੇਅਰਮੈਨ ਵੀ ਇਕ ਵਾਰ ਸਰਦਾਰ ਛਤਵਾਲ ਬਣ ਚੁੱਕਾ ਹੈ। ਭਾਰਤੀ ਫੌਜ ਦਾ ਮੁੱਖੀ ਪਹਿਲਾ ਸਿੱਖ ਜਨਰਲ ਜੇ. ਜੇ. ਸਿੰਘ ਬਣਿਆ ਤੇ



Namdhari Elibrary NamdhariElibrary@gmail.com

ਹੁਣ ਅਗਲੇ ਸਾਲ ਜਨਰਲ ਬਿਕਰਮ ਸਿੰਘ ਬਣਨ ਜਾ ਰਹੇ ਹਨ। ਹਵਾਈ ਫੌਜ ਦਾ ਮੁਖੀ ਦੋ ਵਾਰੀ ਸਿੱਖ ਬਣ ਚੁੱਕਾ ਹੈ, ਏਅਰ ਚੀਫ ਮਾਰਸ਼ਲ ਅਰਜਨ ਸਿੰਘ ਤੇ ਏਅਰ ਚੀਫ ਮਾਰਸ਼ਲ ਦਿਲਬਾਗ ਸਿੰਘ। ਸ੍ਰੀ ਅਟਲ ਬਿਹਾਰੀ ਵਾਜਪਾਈ ਨੇ ਸਰਦਾਰ ਅਰਜਨ ਸਿੰਘ ਨੂੰ ਫੀਲਡ ਮਾਰਸ਼ਲ ਦੀ ਪੱਦਵੀ ਵੀ ਦਿੱਤੀ ਸੀ ਜਿਸਨੂੰ ਮਾਰਸ਼ਲ ਆਫ ਏਅਰ ਫੋਰਸਿਸ ਕਹਿੰਦੇ ਹਨ। ਸਮੁੰਦਰੀ ਫੌਜ ਦਾ ਮੁੱਖੀ ਵੀ ਸਰਦਾਰ ਖੁਰਾਣਾ ਬਣਨਾ ਸੀ ਪਰ ਫਿਰ ਉਹਨਾਂ ਨੂੰ ਭਾਰਤ ਦੀ ਕੋਸਟਲ ਗਾਰਡ ਦੇ ਮੁਖੀ ਦੀ ਪੱਦਵੀ ਦਿੱਤੀ ਗਈ ਸੀ।

ਭਾਰਤ ਦੇ ਪਹਿਲੇ ਰੇਲਵੇ ਬੋਰਡ ਦੇ ਮੁਖੀ ਸਰਦਾਰ ਕਰਨੈਲ ਸਿੰਘ ਸਨ। ਭਾਰਤ ਦੀ ਖੇਡਾਂ ਦੀ ਅਥਾਰਟੀ ਦੇ ਪਹਿਲੇ ਮੁਖੀ ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਸਨ। ਅਨੇਕਾਂ ਉੱਚ ਅਸਥਾਨ ਭਾਵ ਗਵਰਨਰ, ਰਾਜਦੂਤ ਆਦਿ ਤੇ ਸਿੱਖ ਹਮੇਸ਼ਾ ਨਜ਼ਰ ਆਉਂਦੇ ਹਨ। ਇਕ ਹੋਰ ਪ੍ਰਾਪਤੀ ਹੋਈ ਹੈ ਜਿਸਦੇ ਵਰਨਣ ਕਰਨਾ ਜ਼ਰੂਰੀ ਹੈ। ਯੂ. ਐਨ. ਓ. ਵਿਸ਼ਵ ਦੀ ਸਭ ਤੋਂ ਵੱਡੀ ਸੰਸਥਾ ਹੈ, ਉਸਦੀ ਸਿਕਉਰਿਟੀ ਕੌਂਸਲ ਹੀ ਹਰ ਫੈਸਲਾ ਲੈਂਦੀ ਹੈ। ਕੁਝ ਚਿਰ ਪਹਿਲਾਂ ਉਸਦਾ ਚੇਅਰਮੈਨ ਪਗੜੀ ਵਾਲਾ ਸਰਦਾਰ ਹਰਦੀਪ ਸਿੰਘ ਪੁਰੀ ਬਣਿਆ ਹੈ। ਹਰ ਟੀ. ਵੀ. ਤੇ ਅਖਬਾਰ ਵਿਚ ਉਸਦੀ ਫੋਟੋ ਨਜ਼ਰ ਆਉਂਦੀ ਸੀ।

ਇਥੇ ਇਹ ਵੀ ਲਿਖਣਾ ਚਾਹੁੰਦਾ ਹਾਂ ਕਿ ਕੁਝ ਦਿਨ ਪਹਿਲਾਂ ਪਗੜੀ ਵਾਲਾ ਸਰਦਾਰ ਲੰਡਨ ਦੀ ਪਾਰਲੀਮੈਂਟ ਵਿਚ ਪੁੱਜ ਗਿਆ ਹੈ। ਇਸ ਪੱਦਵੀ ਤੇ ਪਹਿਲੇ ਵੀ ਬਣੇ ਸਨ ਪਰ ਉਹਨਾਂ ਦੇ ਸਿਰ ਤੇ ਸਿੱਖੀ ਸ਼ਾਨ ਪਗੜੀ ਨਹੀਂ ਸੀ। ਹੁਣ ਸ. ਇੰਦਰਜੀਤ ਸਿੰਘ ਨੂੰ ਇਹ ਮਾਣ ਪ੍ਰਾਪਤ ਹੋਇਆ ਹੈ। ਕੈਨੇਡਾ ਵਿਚ ਸਿੱਖ ਮੰਤਰੀ ਤੇ ਮੈਂਬਰ ਪਾਰਲੀਮੈਂਟ ਬੜੀ ਦੇਰ ਤੋਂ ਚਲ ਰਹੇ ਹਨ। ਨਿਊਜ਼ੀਲੈਂਡ, ਮਲੇਸ਼ੀਆ, ਸਿੰਗਾਪੁਰ ਵਿਚ ਵੀ ਸਿੱਖ ਮੈਂਬਰ ਪਾਰਲੀਮੈਂਟ ਹਨ।

ਸਾਡੇ ਲਈ ਗੁਰੂ ਮਹਾਰਾਜ ਇਕ ਵੱਖਰੀ ਤੇ ਅਦੁੱਤਰੀ ਪਛਾਣ ਪੱਗੜੀ ਦੀ ਬਣਾ ਗਏ ਹਨ। ਜੋ ਸਾਡੀ ਅਹਿਮੀਅਤ ਵਧਾਉਂਦੀ ਹੈ। ਦੂਰੋਂ ਸਾਡੀ ਪਹਿਚਾਨ ਹੋ ਜਾਂਦੀ ਹੈ। ਇਸਦਾ ਸਦਕਾ ਜੇ ਸਿੱਖ ਆਪਣੀ ਹਿੰਮਤ ਨਾਲ ਪੱਦਵੀਆਂ ਪ੍ਰਾਪਤ ਕਰਦਾ ਹੈ, ਉਸਦੀ ਵਡਿਆਈ ਵਿਚ ਇਹ ਪਹਿਚਾਨ ਬੜੀ ਸਹਾਈ ਹੁੰਦੀ ਹੈ।

ਅਸੀਂ ਸਾਰੇ ਇਹ ਅਰਦਾਸ ਕਰੀਏ ਕਿ ਇਹ ਜੋਤ ਜਗਦੀ ਰਹੇ। ਸਿੱਖ ਚੜ੍ਹਦੀ ਕਲਾ ਦੇ ਵਿਸ਼ਵਾਸ ਨੂੰ ਕਾਇਮ ਰਖੇ ਅਤੇ ਆਪਣੀ ਹਿੰਮਤ ਨੂੰ ਜਾਰੀ ਰੱਖ ਕੇ ਸੇਵਾ ਕਰਨ ਦੇ ਰਾਹ ਲੱਭਦਾ ਰਹੇ। ਸਿੱਖੀ ਦੀ ਸ਼ਾਨ ਵਧਦੀ ਰਹੇ।

*ਸਾਬਕਾ ਐਮ. ਪੀ. ਤੇ ਚੇਅਰਮੈਨ*
*ਕੌਮੀ ਘੱਟ ਗਿਣਤੀ ਕਮਿਸ਼ਨ*

## ਗ਼ਜ਼ਲ / *—ਪ੍ਰਿੰ. ਕਰਤਾਰ ਸਿੰਘ ਕਾਲੜਾ*

* ਕਰਕੇ ਤਰ੍ਹਾਂ ਤਰ੍ਹਾਂ ਦੇ ਵਿਵਹਾਰ ਹੌਲੀ ਹੌਲੀ।
  ਉਹ ਬਣ ਗਿਆ ਸੀ ਅਪਣਾ ਦਿਲਦਾਰ ਹੌਲੀ ਹੌਲੀ।
* ਆਪਾਂ ਸਮਝ ਸਕੇ ਨਾ ਹਰ ਪੈਰ 'ਤੇ ਅਡੰਬਰ,
  ਮੂੰਹ ਦੀ ਮਿਠਾਸ ਲੁਟਿਆ ਸੰਸਾਰ ਹੌਲੀ ਹੌਲੀ।
* ਆਸ਼ਿਕ ਦੀ ਰੂਹ 'ਚ ਖੇੜਾ ਕਰਦਾ ਹੈ ਕੁਤਕੁਤਾੜੀ,
  ਇਕਰਾਰ ਵਿਚ ਜਾਂ ਢਲਿਆ ਇਨਕਾਰ ਹੌਲੀ ਹੌਲੀ।
* ਪਹਿਲਾਂ ਤਣਾਅ ਤੇ ਘਿਰਣਾ, ਫਿਰ ਮਿਹਰ ਭਾਬੀਆਂ ਦੀ,
  ਉਸਰ ਗਈ ਦਿਲਾਂ ਵਿਚ ਦੀਵਾਰ ਹੌਲੀ ਹੌਲੀ।
* ਮੋਹ ਦੀ ਸੁਗੰਧ ਉੱਠੇ ਤਕਲੇ ਦੀ ਤੰਦ ਵਿਚੋਂ,
  ਹਿਲਦੀ ਦਿਲਾਂ ਦੀ ਅੰਦਰੋਂ ਫਿਰ ਤਾਰ ਹੌਲੀ ਹੌਲੀ।
* ਬਣਦੀ ਰਹੇ ਨਿਰੰਤਰ ਜੇ ਤਾਂਘ ਮੇਲ ਦੀ ਤਾਂ,
  ਆਖ਼ਰ ਨੂੰ ਹੋ ਹੀ ਜਾਂਦੈ ਦੀਦਾਰ ਹੌਲੀ ਹੌਲੀ।
* ਜੋ ਸ਼ਬਦ ਨਾਲ ਜੁੜਦੈ ਵਿਸ਼ਵਾਸ ਦੇ ਭਰੋਸੇ,
  ਬੰਦਾ ਉਹ ਹੋ ਹੀ ਜਾਂਦੈ 'ਕਰਤਾਰ' ਹੌਲੀ ਹੌਲੀ।

*# ੨੨੪, ਧਾਂਡੂਸਰ, ਨਾਭਾ-੧੪੭੨੦੧, ਮੋ-੯੪੬੪੦-੮੮੯੯੮*

---

## ਗ਼ਜ਼ਲ / *—ਨਿਰਵੈਰ ਸਿੰਘ ਅਰਸ਼ੀ*

ਅਰਮਾਨ ਦਿਲ ਦੇ ਸਾਰੇ, ਹੋ ਗਏ ਨੇ ਪਾਸ਼, ਪਾਸ਼।
ਸਾਨੂੰ ਨਾ ਰਾਸ ਆਈ, ਕੁੱਲ ਜ਼ਿੰਦਗੀ ਦੀ ਰਾਸ।

ਰਾਹਾਂ 'ਚ ਧੂੜ ਜੰਮੀ, ਆਸਾਂ ਦੇ ਨਕਸ਼ ਗੁੰਮੇ,
ਵਾਦੀ ਵੀ ਹਾਸਿਆਂ ਦੀ, ਹੋਈ ਉਦਾਸ-ਉਦਾਸ।

ਸਾਜ਼ਾਂ ਤੇ ਨਗ਼ਮਿਆਂ 'ਚੋਂ, ਗ਼ਮ ਦੀ ਹੀ ਹੂਕ ਆਵੇ,
ਗੁਲਸ਼ਨ ਦੇ ਭੌਰਿਆਂ 'ਤੇ, ਛਿਨ-ਭੰਗਰਾ ਹੁਲਾਸ।

ਆਂਧੀ-ਤੂਫ਼ਾਨ ਕੀ ਨੇ, ਪਰਬਤ ਮਹਾਨ ਕੀ ਨੇ,
ਜਿਹਨਾਂ ਦੇ ਜ਼ਿਹਨ ਅੰਦਰ, ਪਿਰ ਦੇਖਣੇ ਦੀ ਆਸ।

ਬਿੱਛੂ-ਡੰਗੇ ਰਾਹਾਂ 'ਤੇ, ਤੁਰਨੋਂ ਨਾ ਝਿਜਕਦੇ ਨੇ,
ਪਲਦੇ ਜੋ ਸੂਲੀਆਂ 'ਤੇ, ਜੰਗਲ ਜਿਨ੍ਹਾਂ ਦਾ ਵਾਸ।

ਆਪਣੇ ਸਮਾਜ ਦੇ ਹੀ, ਕੁਝ ਕੁ ਉਲਾਰੂ ਵੱਟਿਆਂ,
ਪਲ ਰਹੀਆਂ ਕੀਮਤਾਂ ਦਾ, ਕੀਤਾ ਏ ਸਰਵ-ਨਾਸ਼।

ਜੋ ਜ਼ਿੰਦਗੀ ਹੈ ਸਾਵੀਂ, ਆਭਾ ਉਹਦੀ ਸੁਖਾਵੀਂ,
ਵੰਡਦੀ ਮਨੁੱਖਤਾ ਨੂੰ, ਮਾਖਿਉਂ-ਮਈ ਮਿਠਾਸ।

'ਬੁੱਧ' ਆਏ ਤੇ ਚਲੇ ਗਏ, ਭਿੰਨ-ਭਿੰਨ ਸਰੂਪ ਅੰਦਰ,
ਫੇਰੀ ਉਨ੍ਹਾਂ ਦੀ 'ਅਰਸ਼ੀ', ਸਫ਼ਲਾ ਹੋ ਜਾਏ ਕਾਸ਼!

*ਆਨੰਦਪੁਰ ਸਾਹਿਬ*



Namdhari Elibrary NamdhariElibrary@gmail.com

# ਮੁਹਾਰਾਂ ਵਾਲੇ ਬੇ ਮੁਹਾਰੇ ਨਹੀਂ

*—ਜਗਦੀਸ਼ ਸਿੰਘ ਵਰਿਆਮ*

ਪੰਜਾਬੀ ਦਾ ਇਕ ਗੀਤ ਹੈ। "ਡਾਚੀ ਵਾਲਿਆ ਮੋੜ ਮੁਹਾਰ ਵੇ..." ਮੁਹਾਰ ਦਾ ਅਰਥ ਵਾਗ ਹੈ ਜੋ ਡਾਚੀ (ਊਠਣੀ) ਜਾਂ ਘੋੜੇ ਨੂੰ ਪਾਈ ਹੁੰਦੀ ਹੈ ਜਿਸ ਰਾਹੀਂ ਸਵਾਰ ਉਸ ਤੇ ਨਿਯੰਤਰਨ ਰੱਖਦਾ ਹੈ। ਪ੍ਰੋ. ਮੋਹਨ ਸਿੰਘ ਦੀ ਕਵਿਤਾ ਵਿਚ ਵਾਗ ਸ਼ਬਦ ਇਸੇ ਅਰਥ ਵਿਚ ਵਰਤਿਆ ਹੈ 'ਵਾਗਾਂ ਛੱਡ ਦੇ ਹੰਝੂਆਂ ਵਾਲੀਏ ਨੀ ਪੈਰ ਧਰਨ ਦੇ ਮੈਨੂੰ ਰਕਾਬ ਉਤੇ"... ਇਹ ਮੁਹਾਰ ਜਾਂ ਵਾਗ ਹੀ ਹੁੰਦੀ ਹੈ ਜਿਸ ਰਾਹੀਂ ਅਸਵਾਰ ਘੋੜੇ ਊਠ ਨੂੰ ਜਿਧਰ ਚਾਹੇ ਮੋੜ ਸਕਦਾ ਹੈ।

ਮੁਹਾਰ ਨਾਂਅ ਦਾ ਇਕ ਪਿੰਡ, ਨਾਰੋਵਾਲ, ਪਛਮੀ ਪੰਜਾਬ ਦੇ ਜ਼ਿਲੇ ਦਾ ਵਿਚ ਰਾਵੀ ਦਰਿਆ ਦੇ ਪਛਮ ਵਾਲੇ ਪਾਸੇ। ਇਸ ਪਿੰਡ ਦੇ ਲੋਕਾਂ ਨੂੰ ਮੁਹਾਰਾਂ ਵਾਲੇ ਕਿਹਾ ਜਾਂਦਾ ਹੈ। ਦੇਸ਼ ਦੀ ਵੰਡ ਤੋਂ ਬਾਦ ਇਹ ਕਈ ਥਾਂ ਦਿੱਲੀ, ਜੰਮੂ ਆਦਿ ਥਾਵਾਂ ਤੇ ਆਬਾਦ ਹਨ। ਹੋਰਨਾਂ ਪਿੰਡਾਂ ਜਿਉਂ ਮੁਹਾਰਾਂ ਵਾਲੇ ਵੀ ਇਕ ਅੱਲ, ਗੋਤ ਜਾਂ ਪਛਾਣ ਜਿਹੀ ਇਸ ਪਿੰਡ ਦੇ ਵਸਨੀਕਾਂ ਦੀ ਬਣ ਗਈ ਹੈ।

ਦਿੱਲੀ ਦੀ ਨਾਮਧਾਰੀ ਬਰਾਦਰੀ ਦੇ ਅਹਿਮ ਰੁਕਨ ਹਨ ਸੰਤ ਸਾਧਾ ਸਿੰਘ ਜੀ ਜੋ ਸਾਧਾ ਸਿੰਘ ਮੁਹਾਰਾਂ ਵਾਲੇ ਜਾਂ ਸੰਤ ਸਾਧਾ ਸਿੰਘ ਪ੍ਰਧਾਨ ਵਜੋਂ ਪ੍ਰਸਿਧ ਹਨ। ਉਹ ਨਾਮ ਦੇ ਹੀ ਸਾਧਾ ਸਿੰਘ ਨਹੀਂ ਸਗੋਂ ਸੁਭਾਅ ਵੱਲੋਂ ਵੀ ਸਾਧੂ ਹਨ। ਨਾਮ ਸਿਮਰਨ ਗੁਰਬਾਣੀ ਦੇ ਸਾਧਕ ਜਿਨ੍ਹਾਂ ਆਪਣਾ ਸਰੀਰ, ਬੋਲ ਬਾਣੀ ਅਤੇ ਵਰਤੋਂ ਵਿਹਾਰ ਵੀ ਸਾਧਿਆ ਹੋਇਆ ਹੈ ਅਤੇ ਨਾਲ ਹੀ ਮੁਹਾਰਾਂ ਵਾਲੇ ਵੀ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦੇ ਇਕ ਸਟੀਕ ਸ਼ੁਭ ਕਥਨ ਅਨੁਸਾਰ, "ਇਹ ਮੁਹਾਰਾਂ ਵਾਲੇ ਨੇ, ਬੇ ਮੁਹਾਰੇ ਨਹੀਂ"।

ਸੰਤ ਸਾਧਾ ਸਿੰਘ ਜੀ ਸਫਲ ਐਂਜੀਨਅਰ ਅਤੇ ਕਾਰੋਬਾਰੀ ਹਨ। ਆਪ ਦੇ ਪਰਿਵਾਰ ਦੀਆਂ ਟਰੱਕਾਂ ਦੀਆਂ ਬਾਡੀਆਂ, ਅਤੇ ਕੰਟੇਨਰ ਬਨਾਉਣ ਦੀਆਂ ਵਰਕਸ਼ਾਪਾਂ ਹਨ। ਸੁੱਚੀ ਕਿਰਤ ਕਮਾਈ ਦੀ ਘਾਲਣਾ ਨੂੰ ਗੁਰੂ ਕੇ ਲੇਖੇ ਲਾਉਣ ਲਈ ਵੱਡਾ ਦਿਲ ਵੀ ਹੈ ਅਤੇ "ਹਥੋਂ ਦੇਹ" ਦੇ ਸਿਧਾਂਤ ਨੂੰ ਆਪ ਅਮਲੀ ਜਾਮਾ ਆਪ ਵੀ ਪਵਾਉਂਦੇ ਹਨ ਅਤੇ ਸਾਥੀਆਂ ਨੂੰ ਵੀ ਸਫਲ ਪ੍ਰੇਰਨਾ ਦਿੰਦੇ ਹਨ। ਉਸ ਦਾ ਪ੍ਰਤੱਖ ਪ੍ਰਮਾਣ ਹੈ ਨਿਤ ਵਿਕਾਸ ਕਰਦੀ ਗੁਰਦੁਆਰਾ ਨਾਮਧਾਰੀ ਰਮੇਸ਼ ਨਗਰ ਦੀ ਇਮਾਰਤ ਜੋ ਵਿਕਾਸ ਸੁੰਦਰਤਾ ਅਤੇ ਸਹੂਲਤਾਂ ਦੇ ਪੱਖੋਂ ਨਿਤ ਨਵੀਆਂ ਸਿਖਰਾਂ ਛੋਹ ਰਹੀ ਹੈ। ਇਹ ਗੁਰਦੁਆਰਾ



ਭਾਰਤ ਦੀ ਰਾਜਧਾਨੀ ਦਿੱਲੀ ਵਿਚ ਹੋਣ ਕਰਕੇ ਨਾਮਧਾਰੀ ਸਿੱਖ ਸਮਾਜ ਵਾਸਤੇ ਦੇਸ਼ ਦੇ ਕੇਂਦਰ ਦੀ ਹੈਸੀਅਤ ਰੱਖਦਾ ਹੈ। ਖੂਹ ਦੇ ਜਲ ਅਤੇ ਨਿਤ ਲੰਗਰ ਅਤੇ ਰਿਹਾਇਸ਼ ਦੀ ਸਹੂਲਤ ਵਾਲਾ, ਨਿਤ ਦੀਵਾਨ ਕੀਰਤਨ ਪਾਠਾਂ ਦੇ ਸਮਾਗਮ, ਵਰਨੀਆਂ ਅਤੇ ਧਾਰਮਕ ਸਮਾਜਕ ਰਹੁ ਰੀਤਾਂ ਨਿਭਾਹੁਣ ਦੀ ਸੇਵਾ ਵਾਲਾ। ਸੰਤ ਸਾਧਾ ਸਿੰਘ ਜੀ ਦੇ ਪ੍ਰੇਮ ਘੇਰੇ ਵਿਚ ਦੀਵਾਨ ਕੀਰਤਨ ਅਤੇ ਕਥਾ ਦੇ ਮਹਾਂਰਥੀ ਜਥੇਦਾਰ ਸੇਵਾ ਸਿੰਘ, ਜਥੇਦਾਰ ਮਨਜੀਤ ਸਿੰਘ ਰਾਗੀ ਅਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਸ਼ਾਮਲ ਹਨ। ਦਰ ਅਸਲ ਦਿੱਲੀ ਦੇ ਰਾਜਨੀਤੀ ਗਣਾਂ, ਕਲਾਕਾਰਾਂ, ਕਵੀਆਂ, ਲੇਖਕਾਂ ਪੱਤਰਕਾਰਾਂ ਸਮਾਜੀ ਕਾਰਕੁੰਨਾ ਤੇ ਵੱਖਰਾ ਵੱਡਾ ਲੇਖ ਜਾਂ ਪੁਸਤਕ ਬਣ ਸਕਦੀ ਹੈ।... ਜਿਸ ਤਰ੍ਹਾਂ ਦਿੱਲੀ ਵਿਚ ਕਿਸੇ ਸਰੀਰ ਦੇ ਚੜਾਈ ਕਰ ਜਾਣ ਤੇ ਸਭ ਸੰਗਤ ਭਾਰੀ ਗਿਣਤੀ ਵਿਚ ਕੀਰਤਨ ਕਰਦੀ ਸਮਸ਼ਾਨ ਘਾਟ ਤੱਕ ਜਾਂਦੀ ਹੈ ਇਹ ਗੁਰੂ ਹੁਕਮਾਂ ਗੁਰੂਮਤਿ ਦੀ ਪਾਲਣਾ ਦੀ ਇਕ ਅਦੁਤੀ ਮਿਸਾਲ ਹੈ। ਸੰਤ ਸਾਧਾ ਸਿੰਘ ਜੀ ਨੂੰ ਹਰ ਥਾਂ ਤੇ ਹਰ ਵੇਲੇ ਨਾਲ-ਨਾਲ ਅਗਵਾਈ ਕਰਦਿਆਂ ਵੇਖਿਆ ਜਾ ਸਕਦਾ ਹੈ। ਸੰਤ ਸਾਧਾ ਸਿੰਘ ਦੇ ਅਪਣੇ ਕੋਲ ਵੀ ਜਥੇਦਾਰਾਂ ਦੀਆਂ ਧਾਰਨਾਂ ਦਾ ਵਡਮੁੱਲਾ ਖਜ਼ਾਨਾ ਹੈ ਅਤੇ ਦਿੱਲੀ ਵਿਚ ਨਿਕਲਦੇ ਗੁਰਪੁਰਬਾਂ ਦੇ ਨਗਰ ਕੀਰਤਨਾਂ ਵਿਚ ਪ੍ਰਧਾਨ ਜੀ ਜਥੇ ਦੇ ਨਾਲ ਅਗੇ ਹੋ ਕੇ ਸ਼ਾਮਲ ਹੁੰਦੇ ਹਨ।

ਸੰਤ ਸਾਧਾ ਸਿੰਘ ਜੀ ਕੋਲ ਪਿਆਰ ਅਤੇ ਪ੍ਰੇਰਨਾ ਸ਼ਕਤੀ ਮਿਸਾਲੀ ਹੈ ਅਤੇ ਦੂਜੇ ਦੇ ਕੰਮ ਆਉਣ ਦੇ ਚਾਅ ਨਾਲ ਵੀ ਲਬਾ ਲਬ ਹਨ।

ਇਕ ਵਾਰ ਕਿਸੇ ਜਗਹ ਇਕ ਸਾਂਝੇ ਕੰਮ ਵਾਸਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਮੀਟਿੰਗ ਸੀ। ਕਾਰਜ ਵਾਸਤੇ ਮਾਇਆ ਇਕੱਤਰ ਹੋਣੀ ਸੀ ਪਰ ਗੱਲ ਕਿਸੇ ਪਾਸੇ ਤੁਰੇ ਨਾ। ਸਤਿਗੁਰੂ ਜੀ ਨੇ ਫ਼ੁਰਮਾਇਆ ਕਿ ਜੇ ਮਾਇਆ ਇਕੱਠੀ ਕਰਨੀ ਹੈ ਤਾਂ ਸਾਧਾ ਸਿੰਘ ਕੋਲੋਂ ਗੁਰ ਸਿਖੋ। ...ਤੇ ਕੰਮ ਰਵਾਂ ਹੋ ਗਿਆ।



Namdhari Elibrary NamdhariElibrary@gmail.com

## ਦਿੱਲੀ, ਭੈਣੀ ਸਾਹਿਬ ਲੰਗਰ

ਸੰਤ ਸਾਧਾ ਸਿੰਘ ਜੀ ਦੀ ਪਛਾਣ ਵਿਆਪਕ ਪੱਧਰ ਤੇ ਸਾਲਾਨਾ ਮੇਲਿਆਂ ਸਮੇਂ ਸ੍ਰੀ ਭੈਣੀ ਸਾਹਿਬ ਦੇ ਲੰਗਰ ਦੀ ਸੇਵਾ ਕਰ ਕੇ ਵੀ ਹੈ। ਅੱਜ ਕਲ ਸੰਤ ਸਾਧਾ ਸਿੰਘ ਜੀ ਦੀ ਯੋਗ ਅਗਵਾਈ ਅਤੇ ਪ੍ਰੇਰਣਾ ਵਿਚ ਦਿੱਲੀ ਦੀ ਨਾਮਧਾਰੀ ਸਿੱਖ ਸੰਗਤ ਇਹਨਾਂ ਮੇਲਿਆਂ ਤੇ ਲੰਗਰ ਦੀ ਸੇਵਾ ਦੀ ਕਠਨ ਜ਼ੁਮੇਵਾਰੀ ਬੜੇ ਉਤਸ਼ਾਹ ਅਤੇ ਪ੍ਰੇਮ ਨਾਲ ਨਿਭਾਉਂਦੀ ਹੈ। ਇਹਦੇ ਵਿਚ ਲੰਗਰ ਤਿਆਰ ਕਰਨ ਅਤੇ ਪ੍ਰੇਮ ਪੂਰਬਕ ਵਿਓਂਤ ਨਾਲ ਛਕਾਉਣ ਦੀ ਸੇਵਾ ਵੀ ਹੁੰਦੀ ਹੈ। ਸਾਧਾ ਸਿੰਘ ਜੀ ਤੜਕੇ ਅੰਮ੍ਰਿਤ ਵੇਲੇ ਹੀ ਆਸਾ ਦੀ ਵਾਰ ਦੇ ਸਮੇਂ ਸਾਥੀਆਂ ਦੇ ਜੱਥੇ ਨਾਲ ਦੀਵਾਨ ਵਿਚ ਆਉਂਦੇ ਹਨ। ਉਹ ਸਤਿਗੁਰੂ ਜੀ ਦੇ ਆਸਣ ਨੂੰ ਨਮਸਕਾਰ ਕਰ ਕੇ ਉਸੇ ਵੇਲੇ ਹੀ ਚਲੇ ਜਾਂਦੇ ਹਨ ਅਤੇ ਸਾਰਾ ਦਿਨ ਲੰਗਰ ਵਿਚ ਰੁੱਝੇ ਰਹਿੰਦੇ ਹਨ। ਲੰਗਰ ਵਿਚ ਬਹੁਤ ਭਾਰੀ ਭੀੜ ਦਾ ਸਮਾਂ ਵੀ ਆਉਂਦਾ ਹੈ। ਇਸ ਨੂੰ ਸੰਭਾਲਣ ਵਾਸਤੇ ਰਿਸ਼ਟ ਪੁਸ਼ਟ ਹਿੰਮਤ ਵਾਲਾ ਸਰੀਰ ਵੀ ਚਾਹੀਦਾ ਹੈ। ਆਪਣੀ ਮਿਠੀ ਬੋਲ ਬਾਣੀ ਅਤੇ ਦੂਸਰੇ ਦੀ ਹਰ ਪ੍ਰਕਾਰ ਦੀ ਬੋਲੀ ਸਹਿਣ ਦਾ ਜਜ਼ਬਾ ਵੀ ਚਾਹੀਦਾ ਹੈ। ਹਰ ਵੇਲੇ ਵੱਖ-ਵੱਖ ਤਰ੍ਹਾਂ ਦੇ ਪਕਵਾਨ ਤਿਆਰ ਰਹਿਣ, ਇਹ ਸੋਚਣੀ ਵੀ ਚਾਹੀਦੀ ਹੈ। ਸਭ ਤੋਂ ਅਹਿਮ ਗੁਰੂ ਕੇ ਲੰਗਰ ਦੇ ਸਰਵਉਚ ਅਧਿਕਾਰੀ, ਗੁਰੂ ਮਹਿਲ ਸ੍ਰੀ ਮਾਤਾ ਜੀ ਨਾਲ ਤਾਲ ਮੇਲ, ਹੁਕਮ ਦੀ ਪਾਲਣਾ, ਸਹਿਯੋਗ ਲੈਣ ਅਤੇ ਦੇਣ ਦੀ ਯੋਗਤਾ ਜਿਹੇ ਬਹੁ ਗੁਣ ਚਾਹੀਦੇ ਹਨ। ਸਭ ਤੋਂ ਸਿਖਰਲੀ ਗੱਲ ਸਤਿਗੁਰੂ ਜੀ ਦੀਆਂ ਅਨੰਤ ਕਿਰਪਾਵਾਂ ਅਤੇ ਖੁਸ਼ੀਆਂ ਦਾ ਯੋਗ ਪਾਤਰ ਹੋਣ ਦਾ ਦੈਵੀ ਗੁਣ ਵੀ ਹੁੰਦਾ ਹੈ। ਇਸ ਵਿਸ਼ਾਲ ਲੰਗਰ ਲਈ ਬਹੁਤ ਸਾਰੀ ਸਾਮਗਰੀ ਅਤੇ ਵੱਡੇ-ਵੱਡੇ ਬਰਤਨਾਂ ਦੀ ਲੋੜ ਰਹਿੰਦੀ ਹੈ ਜੋ ਕੇਂਦਰ ਵੱਲੋਂ ਉਪਲਬਧ ਹੁੰਦੀ ਹੈ ਪਰ ਨਾਲ ਦੀ ਨਾਲ ਸੰਤ ਸਾਧਾ ਸਿੰਘ ਆਪਣੇ ਦਿੱਲੀ ਵਾਲੀ ਸੰਗਤ ਵੱਲੋਂ ਆਪਣੀ ਕਿਰਤ ਕਮਾਈ ਚੋਂ ਵੀ ਇਸ ਸਾਮਾਨ ਦਾ ਯੋਗਦਾਨ ਪਾਉਂਦੇ ਰਹਿੰਦੇ ਹਨ। ਦਰਜਨਾਂ ਲੋਹਾਂ ਦੇਗ ਬਰੇ, ਦੇਗਾਂ ਅਤੇ ਹੋਰ ਸਾਮਾਨ ਦਾ ਸਿਲਸਲਾ ਵੇਖ ਕੇ ਸਾਧਾਰਨ ਬੁੱਧੀ ਚਕਰਾ ਜਾਂਦੀ ਹੈ ਅਤੇ ਇਉਂ ਲਗਦਾ ਹੈ ਕਿ ਸਾਧਾਰਨ ਬੰਦਿਆਂ ਦਾ ਕੰਮ ਨਹੀਂ ਇਹ ਜ਼ਾਹਰੀ ਕਰਾਮਾਤ ਵਾਪਰ ਰਹੀ ਹੈ।

ਦਿੱਲੀ ਦੀ ਸੰਗਤ ਨੂੰ ਇਸ ਸਾਰੇ ਕਾਰਜ ਦਾ ਤਜਰਬਾ ਹੈ। ਦਿੱਲੀ ਸ਼ਹਿਰ ਵਿਚ ਵੀ ਨਾਮਧਾਰੀ ਗੁਰਦਵਾਰੇ ਲੰਗਰ ਚਲਦਾ ਹੈ। ਐਤਵਾਰ ਨੂੰ ਵਿਸ਼ੇਸ਼ ਸਮਾਗਮ ਹੁੰਦੇ ਹੀ ਹਨ ਜਿਥੇ ਭਾਰੀ ਲੰਗਰ ਬਣਦੇ ਅਤੇ ਚਲਦੇ ਹਨ। ਸੰਗਤ ਵਿਚ ਖੁਸ਼ੀ ਗਮੀ ਦੇ ਸਮਾਗਮਾਂ ਤੇ ਵੀ ਲੰਗਰ ਬਣਦੇ ਹਨ। ਅੱਜ ਕਲ ਜਦੋਂ ਹਥੀਂ ਸੇਵਾ ਕਰਨ ਦੀ ਪ੍ਰਵਿਰਤੀ ਘਟਦੀ ਜਾ ਰਹੀ ਹੈ। ਗੁਰਦੁਆਰਿਆਂ ਵਿਚ ਵੀ ਲੰਗਰ ਬਾਜ਼ਾਰ ਦੇ ਹਲਵਾਈਆਂ, ਕੁੱਕਾਂ ਕੋਲੋਂ ਪੈਸੇ ਦੇ ਕੇ ਤਿਆਰ ਕਰਵਾਇਆ ਜਾ ਰਿਹਾ ਹੈ। ਨਾਮਧਾਰੀ ਧਰਮਸਾਲਾ ਗੁਰਦੁਆਰਾ ਵਿਚ ਮਾਈਆਂ ਬੀਬੀਆਂ ਅਤੇ ਸਿੰਘ ਟਿਕ ਕੇ ਲੰਗਰ ਤਿਆਰ ਕਰਨ ਅਤੇ ਪ੍ਰਸਾਦੇ ਪਕਾਉਣ ਦੀ ਸੇਵਾ ਵਿਚ ਅੱਗ ਅੱਗੇ ਬੈਠੇ ਨਾ ਅਕਦੇ ਨਾ ਥੱਕਦੇ ਹਨ। ਸੰਤ ਸਾਧਾ ਸਿੰਘ ਹੁਰਾਂ ਦਾ ਆਪਣੀ ਹਥੀਂ ਤਿਆਰ ਕੀਤਾ ਕੜਾਹ ਪ੍ਰਸ਼ਾਦ ਆਪਣੀ ਮਿਸਾਲ ਆਪ ਹੈ। ਇਥੇ ਬਾਵਜੂਦ ਸੰਕੋਚ ਦੇ ਇਕ ਗੱਲ ਯਾਦ ਆ ਗਈ ਹੈ। ਪਰਸਿਧ ਜਥੇਦਾਰ ਸੇਵਾ ਸਿੰਘ ਦੀ ਦਿੱਲੀ ਨੂੰ ਡਾਕਟਰ ਨੇ ਪੁਛਿਆ ਕਿੰਨਾ ਘਿਓ ਛਕਦੇ ਹੋ ? .... ਬਦਾਮ...? ਵਾਰੀ ਵਾਰੀ ਸਭ ਕੁਝ ਛੱਡਣਾ ਮੰਨ ਲਿਆ। ਫੇਰ ਉਹਨਾਂ ਕਿਹਾ ਕੜਾਹ ਪ੍ਰਸ਼ਾਦ ਖਾਣਾ ਵੀ ਬੰਦ ਕਰ ਦਿਓ.... ਜਥੇਦਾਰ ਜੀ ਕਹਿਣ ਲੱਗੇ ਇਹ ਨਹੀਂ ਹੋ ਸਕਦਾ। ਸਾਡੇ ਗੁਰਦੁਆਰੇ ਕੜਾਹ ਪ੍ਰਸ਼ਾਦ ਬਣਦਾ ਹੈ। ਡਾਕਟਰ ਸਾਹਿਬ ਤੁਸੀਂ ਉਸ ਨੂੰ ਛੱਕ ਕੇ ਵੇਖੋ। ਫੇਰ ਜੇ ਤੁਸੀਂ ਕਹਿ ਦਿਓ ਕਿ ਇਹ ਛਕਣਾ ਬੰਦ ਕਰੋ ਤਾਂ ਮੈਂ ਮੰਨ ਜਾਵਾਂਗਾ... ਸੋ ਅਜਿਹਾ ਸਵਾਦਿਸ਼ਟ ਇਹ ਕੜਾਹ ਪ੍ਰਸ਼ਾਦ ਹੁੰਦਾ ਹੈ ਜਿਸ ਦੇ ਮਾਹਰ ਹਨ ਸੰਤ ਸਾਧਾ ਸਿੰਘ ਮੁਹਾਰਾਂ ਵਾਲੇ।

ਇਥੇ ਪੈਂਦੇ ਮਰਨੇ ਪਰਨੇ ਦੇ ਭੋਗਾਂ ਸਮੇਂ ਕਈ ਕਈ ਬੋਰੀਆਂ ਆਟੇ ਦੀਆਂ ਲੰਗਰ ਇਚ ਲਗ ਜਾਂਦੀਆਂ ਹਨ।

ਨਾਮਧਾਰੀ ਸੰਸਾਰ ਵਿਚ ਅੱਸੂ ਦਾ ਮਹੀਨਾ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਚਲਾਈ ਰੀਤ ਅਨੁਸਾਰ ਨਾਮ ਸਿਮਰਨ ਵਿਚ ਲੰਘਦਾ ਹੈ। ਇਸ ਮਹੀਨੇ ਕੇਂਦਰੀ ਪੱਧਰ ਤੇ ਸ੍ਰੀ ਭੈਣੀ ਸਾਹਿਬ ਰਹਿ ਕੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਜੱਪ ਪ੍ਰਯੋਗ ਵਿਚ ਹਿਸਾ ਲੈਂਦੀਆਂ ਹਨ। ਆਪਣੇ ਆਪਣੇ ਕਾਰੋਬਾਰਾਂ ਵਿਚੋਂ ਹਰ ਹੀਲੇ ਸਮਾਂ ਕਢ ਕੇ ਨਿਰੰਤਰ ਨਾਮ ਸਿਰਮਨ ਕੀਰਤਨ ਕਥਾ ਵੀਚਾਰ, ਅਤੇ ਗੁਰੂ ਦਰਸ਼ਨਾਂ ਵਿਚ ਇਹ ਸਮਾਂ ਬੀਤਦਾ ਹੈ। ਜੋ ਇਸ ਪ੍ਰਯੋਗ ਵਿਚ ਸ਼ਾਮਲ ਹੁੰਦੇ ਹਨ ਉਹ ਤਾਂ ਵਡਿਆਂ ਭਾਗਾਂ ਵਾਲੇ ਹੁੰਦੇ ਹੀ ਹਨ ਜੋ ਉਥੇ ਮਜਬੂਰੀ ਵੱਸ ਨਹੀਂ ਜਾ ਸਕਦੇ ਉਹਨਾਂ ਦਾ ਸਦਾ ਧਿਆਨ ਭੈਣੀ ਸਾਹਿਬ ਗੁਰੂ ਚਰਨਾਂ ਨਾਲ ਜੁੜਿਆ ਰਹਿੰਦਾ ਹੈ। ਇਸ ਵਾਸਤੇ ਵੱਖ ਥਾਵਾਂ ਤੇ ਸਥਾਨਕ ਜੱਪ ਪਰਯੋਗਾਂ ਦਾ ਸਿਲਸਲਾ ਵੀ ਚਲਦਾ ਰਹਿੰਦਾ ਹੈ। ਦਿੱਲੀ ਦੀ ਸੰਗਤ ਦੇ ਕੇਂਦਰ ਰਮੇਸ਼ ਨਗਰ ਦੇ ਨਾਮਧਾਰੀ ਗੁਰਦੁਆਰੇ ਵਿਚ ਰੋਜ਼ ਦੇ ਨਿਤਨੇਮ ਅਤੇ ਆਸਾ ਦੀ ਵਾਰ ਦੇ ਕੀਰਤਨ ਬਾਦ ਵੱਡਾ ਲੰਗਰ ਹੁੰਦਾ ਹੈ। ਇਸ ਵਿਚ ਨਿਤ ਨਵੇਂ ਮਿਸ਼ਠਾਨ ਨਮਕੀਨ ਪਕਵਾਨ ਪਰਬੀਨ ਲਾਂਗਰੀ ਸਿੰਘ ਤਿਆਰ ਕਰਦੇ ਹਨ ਅਤੇ



Namdhari Elibrary NamdhariElibrary@gmail.com

ਵਰਤਾਂਦੇ ਹਨ। ਦੁਨੀਆ ਹੈਰਾਨ ਹੁੰਦੀ ਹੈ ਕਿ ਅਲਪ ਸੰਖਿਅਕ ਕਿਰਤੀ ਲੋਕ ਕਿਵੇਂ ਸ਼ਾਹੀ ਭੋਜਨ ਵਰਤਾਨ ਦੀ ਸਮਰਥਾ ਰੱਖਦੇ ਹਨ। ਹੋਰ ਵੀ ਕਿਤੇ ਸਮਾਗਮ ਹੋਵੇ ਦੀਵਾਨ ਹੋਵੇ ਸੰਤ ਸਾਧਾ ਸਿੰਘ ਦੀ ਪ੍ਰੇਰਨਾ ਮਈ ਅਗਵਾਈ ਵਿਚ ਟਰੱਕ ਭਰ ਕੇ ਲੰਗਰ ਅਤੇ ਬਰਤਨ ਪੁਜ ਜਾਂਦੇ ਹਨ।

ਸੰਤ ਸਾਧਾ ਸਿੰਘ ਜੀ ਦਾ ਹੋਰ ਜ਼ਾਤੀ ਗੁਣ ਹੈ ਕਿ ਉਹਨਾਂ ਨੂੰ ਪੜ੍ਹਣ ਦੀ ਬੜੀ ਲਗਨ ਹੈ। ਅਖ਼ਬਾਰਾਂ ਰਸਾਲੇ ਤਾਂ ਹਨ ਹੀ ਸਾਹਿਤ ਦੇ ਵੀ ਸ਼ੌਕੀਨ ਹਨ। ਉਹਨਾਂ ਦੀ ਨਿਜੀ ਡਾਇਰੀ ਵਿਚ ਬਹੁਤ ਸਾਰੇ ਸ਼ੇਅਰ ਅਤੇ ਕਥਨ ਸੁਰੱਖਿਅਤ ਪਏ ਹਨ.. ਪਿਛਲੇ ਸਮੇਂ ਵਿਚ ਵਰਿਆਮ ਵਿਚ ਸ. ਹਰਨੇਕ ਸਿੰਘ ਘੜੂਆਂ ਦੀ ਇਕ ਵਾਰਤਾ ਛਪੀ ਸੀ। ਘੜੂਆਂ ਸਾਹਿਬ ਦੀ ਇਕ ਮਾਮੀ ਸੀ ਜੋ ਅਸਲ ਵਿਚ ਮੁਸਲਿਮ ਭਾਈਚਾਰੇ ਵਿਚੋਂ ਸੀ। ਸੰਨ ਸੰਤਾਲੀ ਦੇ ਰੌਲਿਆਂ ਵੇਲੇ ਉਹ ਇਧਰ ਰਹਿ ਗਈ ਸੀ, ਬਾਅਦ ਵਿਚ ਇਧਰ ਉਧਰ ਰਹਿ ਗਈਆਂ ਹਿੰਦੂ ਮੁਸਲਿਮ ਔਰਤਾਂ ਦਾ ਵਟਾਂਦਰਾ ਹੋ ਗਿਆ ਅਤੇ ਉਹ ਮਾਮੀ ਪੁਲਿਸ ਰਾਹੀਂ ਪਾਕਿਸਤਾਨ ਭੇਜੀ ਗਈ। ਘੜੂਆਂ ਸਾਹਿਬ ਪੰਜਾਬ ਦੇ ਸਾਬਕਾ ਮੰਤਰੀ ਵੀ ਹਨ ਅਤੇ ਵੱਖ-ਵੱਖ ਸਮਿਆਂ ਤੇ ਡੈਲੀਗੇਸ਼ਨਾਂ ਨਾਲ ਪਾਕਿਸਤਾਨ ਜਾਂਦੇ ਰਹੇ ਹਨ। ਉਹਨਾਂ ਨੇ ਬਹੁਤ ਤਰੱਦਦ ਕਰ ਕੇ ਪਾਕਿਸਤਾਨ ਵਿਚ ਜਾ ਕੇ ਉਹ ਮਾਮੀ ਲਭ ਲਈ ਜਿਥੇ ਉਹ ਨਵੇਂ ਪਰਿਵਾਰ ਵਿਚ ਵੱਸ ਰਹੀ ਸੀ। ਇਸ ਬਾਰ-ਬਾਰ ਵਿਛੋੜੇ ਤੇ ਮਿਲਾਪ ਦੀ ਕਰੁਣਾ ਮਈ ਦੁਖ ਦਰਦ ਭਰੀ ਵਾਰਤਾ ਨੂੰ ਉਹਨਾਂ ਨੇ ਹੰਝੂਆਂ ਵਿਚ ਡੋਬ ਕੇ ਲਿਖਿਆ ਜੋ ਬਹੁਤ ਹੀ ਦਿਲਚਸਪੀ ਨਾਲ ਪੜ੍ਹੀ ਗਈ। ਇਹ ਮੁਹਾਰਾਂ ਵਾਲੇ ਸੰਤ ਸਾਧਾ ਸਿੰਘ ਹੋਰਾਂ ਵੀ ਪੜ੍ਹੀ ਤੇ ਹੋਰਨਾਂ ਨੂੰ ਪੜ੍ਹਾਈ। ਜਦ ਸ. ਹਰਨੇਕ ਸਿੰਘ ਘੜੂਆਂ ਸਾਹਿਬ ਦੀ ਅਜਿਹੀਆਂ ਕਹਾਣੀਆਂ ਨਾਲ ਭਰੀ ਪੁਸਤਕ ਛੱਪ ਗਈ ਤਾਂ ਮੈਂ ਉਹ ਪੁਸਤਕ "ਉਠ ਗਏ ਗਵਾਂਢੋਂ ਯਾਰ" ਸੰਤ ਸਾਧਾ ਸਿੰਘ ਨੂੰ ਭੇਜੀ। ਉਹ ਕਈ ਦਿਨਾਂ ਤਕ ਆਪਣੇ ਸੰਗੀਆਂ ਸਾਥੀਆਂ ਵਿਚ ਬੈਠ ਕੇ ਇਸ ਪੁਸਤਕ ਦਾ ਪਾਠ ਸੁਣਦੇ ਸੁਣਾਂਦੇ ਰਹੇ। ਅੰਤ ਉਹਨਾਂ ਨੇ ਘੜੂਆਂ ਸਾਹਿਬ ਨਾਲ ਟੈਲੀਫੋਨ ਸੰਪਰਕ ਸਾਧ ਕੇ ਉਹਨਾਂ ਵੱਲੋਂ ਲਿਖੀ ਪੁਸਤਕ ਦੀ ਤਨੋ ਮਨੋ ਪਰਸੰਸਾ ਕਰ ਕੇ ਨਿਹਾਲ ਕਰ ਦਿੱਤਾ। ਖਾਸ ਕਰ ਕੇ ਆਪਣੇ ਪਿਛਲੇ ਇਲਾਕੇ ਨਾਰੋਵਾਲ ਦੇ ਆਰ-ਪਾਰ ਦੀਆਂ ਥਾਵਾਂ ਅਤੇ ਲੋਕਾਂ ਦੀ ਨਿਸ਼ਾਨਦੇਹੀ ਕਰਕੇ ਲੇਖਕ ਦੀ ਕਿਰਤ ਤੇ ਵੱਡਮੁਲੀ ਗਵਾਹੀ ਪਾਈ। ਲੇਖਕ ਵਾਸਤੇ ਇਸ ਤੋਂ ਵੱਡਾ ਸਨਮਾਨ ਕੀਹ ਹੋ ਸਕਦਾ ਹੈ ਕਿ ਉਹਦੀ ਕਿਰਤ ਦਾ ਸਾਰਵਜਨਿਕ ਪਾਠ ਹੋਵੇ। ਸਾਹਿਤ ਅਤੇ ਸੇਵਾ ਨਾਲ ਇਹ ਲਗਾਓ ਹੀ ਹੈ ਜੋ ਸੰਤ ਸਾਧਾ ਸਿੰਘ ਨੂੰ ਵਰਿਆਮ ਨਾਲ ਪ੍ਰੇਮ ਦੇ ਰੂਪ ਵਿਚ ਪਰਗਟ ਹੁੰਦਾ ਹੈ ਅਤੇ ਉਹ ਐਲਾਨੀਆਂ ਵਰਿਆਮ ਦੇ ਕਾਰਜਾਂ ਨਾਲ ਜੁੜਦੇ ਹਨ ਅਤੇ ਇਸ ਦੀ ਚੜ੍ਹਦੀ ਕਲਾ ਲਈ ਹੀਲੇ ਵੀ ਕਰਦੇ ਹਨ।

ਉਹਨਾਂ ਦਾ ਇਕ ਹੋਰ ਸਾਰਥਕ ਸ਼ੌਕ ਹੈ ਜੋ ਆਪਣੇ ਪੁਰਾਣੇ ਮਿਤਰਾਂ ਨੂੰ ਜਾ ਜਾ ਕੇ ਮਿਲਦੇ ਹਨ। ਬੀਤੇ ਅਪ੍ਰੈਲ ਦੇ ਮਹੀਨੇ ਉਹ ਆਪਣੇ ਸਹਿਯੋਗੀਆਂ ਸਰਦਾਰ ਸਿੰਘ ਚਾਹਲ, ਗੁਰਮੁਖ ਸਿੰਘ ਰਿਖੀ, ਗੁਰਦੇਵ ਸਿੰਘ ਗ੍ਰੰਥੀ, ਮਹਿੰਦਰ ਸਿੰਘ, ਵਾਘਾ ਆਦਿਕ ਨਾਲ ਦਿੱਲੀ ਤੋਂ ਆਪਣੀ ਗੱਡੀ ਤੇ ਟੂਰ ਤੇ ਨਿਕਲੇ। ਸ੍ਰੀ ਭੈਣੀ ਸਾਹਿਬ, ਜਲੰਧਰ, ਕਰਤਾਰਪੁਰ, ਅਮ੍ਰਿਤਸਰ ਡੇਰਾ ਬਾਬਾ ਨਾਨਕ, ਬਾਰਡਰ ਦੇ ਆਲੇ ਦੁਆਲੇ ਦੇ ਪਿੰਡਾਂ, ਜੰਮੂ ਜਿਥੇ ਜਿਥੇ ਮੁਹਾਰਾਂ ਵਾਲੇ ਬੈਠੇ ਸਨ ਉਹਨਾਂ ਨੂੰ ਜਾ ਕੇ ਮਿਲ ਕੇ ਆਏ। ਇਹਨਾਂ ਵਿਚ ਇਕ ਸਜਨ ਇਹਨਾਂ ਦੇ ਪਿੰਡ ਵਾਸੀ ਸ੍ਰੀ ਕੇ-ਐਲ ਕਮਲੇਸ਼ ਸਨ ਜੋ ਸੰਨ ੧੯੪੭ ਤੋਂ ਬਾਦ ਪਹਿਲੀ ਵਾਰ ਮਿਲੇ। ਉਹ ਪਤਰਕਾਰ ਵੀ ਹਨ ਅਤੇ ਇਸ ਮਿਲਣੀ ਦੀਆਂ ਖ਼ਬਰਾਂ ਤੇ ਤਸਵੀਰਾਂ ਹਿੰਦ ਸਮਾਚਾਰ ਅਖ਼ਬਾਰ (ਉਰਦੂ ਵਿਚ) ਨਮਾਇਆਂ ਤੌਰ ਤੇ ਛਪਾਈਆਂ। ਇਸੇ ਤਰਾਂ ਸੂਬੇਦਾਰ ਨਿਰੰਜਨ ਸਿੰਘ ਬਾਜਵਾ, ਤੇ ਹੋਰ ਦੋਸਤਾਂ ਮਿਤਰਾਂ ਨੂੰ ਸਿਰੋਪਾਓ ਕਪੜੇ ਦੇ ਸੂਟ, ਗੜਵੇ ਮਾਲਾ ਅਤੇ ਦੇਸੀ ਘਿਓ ਦੀ ਸਵਾਦਿਸ਼ਟ ਮਠਿਆਈ ਖਾਸ ਤੌਰ ਤੇ ਮੇਸੂ ਭੇਟ ਕਰ ਕੇ ਆਏ।

ਸੰਤ ਸਾਧਾ ਸਿੰਘ ਬਹੁ ਗੁਣਾਂ ਦੇ ਧਾਰਨੀ ਹਨ। ਵਰਿਆਮ ਚਲਾਉਣ ਸਮੇਂ ਅਕਸਰ ਫਿਕਰਮੰਦੀ ਦੇ ਅਵਸਰ ਆਉਂਦੇ ਹਨ ਤਾਂ ਉਹ ਅਛੋਪਲੇ ਜਿਹੇ ਅਮਲੀ ਤੌਰ ਤੇ ਮਦਦ ਤੇ ਆਉਂਦੇ ਹਨ ਅਤੇ ਸਦਾ ਚੜ੍ਹਦੀ ਕਲਾ ਦੀ ਪ੍ਰੇਰਨਾ ਦਿੰਦੇ ਹਨ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਦਾ ਬਚਨ ਯਾਦ ਆਉਂਦਾ ਹੈ– "ਇਹ ਮੁਹਾਰਾਂ ਵਾਲੇ ਹਨ। ਬੇ ਮੁਹਾਰੇ ਨਹੀਂ।"

## ਦਾਨ

ਦਾਨ ਤੋਂ ਵੱਡਾ ਕੋਈ ਹੋਰ ਧਰਮ ਨਹੀਂ ਹੈ।

ਸਭ ਤੋਂ ਨੀਚ ਮਨੁੱਖ ਉਹ ਹੈ, ਜਿਸਦਾ ਹੱਥ ਸਦਾ ਆਪਣੇ ਵਲ ਰਹਿੰਦਾ ਹੈ। ਅਤੇ ਜੋ ਆਪਣੇ ਲਈ ਹੀ ਸਾਰੇ ਪਦਾਰਥਾਂ ਨੂੰ ਲੈਣ ਵਿਚ ਲੱਗਿਆ ਰਹਿੰਦਾ ਹੈ।

ਅਤੇ ਸਭ ਤੋਂ ਉੱਤਮ ਮਨੁੱਖ ਉਹ ਹੈ, ਜਿਸ ਦਾ ਹੱਥ ਬਾਹਰ ਦੀ ਤਰਫ ਹੈ ਅਤੇ ਜੋ ਦੂਸਰਿਆਂ ਨੂੰ ਦੇਣ ਵਿਚ ਲੱਗਿਆ ਰਹਿੰਦਾ ਹੈ।

ਹੱਥ ਇਸ ਲਈ ਬਣਾਏ ਗਏ ਹਨ ਕਿ ਸਦਾ ਦਾਨ ਦਿੰਦੇ ਰਹੋ।

*–ਸਵਾਮੀ ਵਿਵੇਕਾਨੰਦ (ਪ੍ਰੇਮਯੋਗ)*



Namdhari Elibrary NamdhariElibrary@gmail.com

# ਅੰਮ੍ਰਿਤਾ ਪ੍ਰੀਤਮ ਨੂੰ ਯਾਦ ਕਰਦਿਆਂ

—ਭੂਪਿੰਦਰ ਉਸਤਾਦ

ਇਕ ਵਾਰ ਪ੍ਰੀਤ ਨਗਰ ਵਿਚ ਲੇਖਕਾਂ ਦਾ ਇਕੱਠ ਹੋਇਆ ਸੀ। ਨਵਤੇਜ ਨੇ ਪ੍ਰੋ. ਮੋਹਣ ਸਿੰਘ ਨੂੰ ਕਿਹਾ, 'ਪ੍ਰੋਫੈਸਰ ਇਕ ਬਹੁਤ ਹੀ ਸੋਹਣੀ ਜਿਹੀ ਨਾਜੁਕ ਜਿਹੀ ਗੁਲਾਬੀ ਰੰਗੀ ਕੁੜੀ ਆਈ ਹੈ। ਦਾਰ ਜੀ ਦੇ ਦਫ਼ਤਰ 'ਚ ਗਈ ਹੈ।'

'ਕੌਣ ਹੈ ਉਹ?' ਮੋਹਣ ਸਿੰਘ ਨੇ ਉਤਾਵਲਾ ਹੋ ਕੇ ਪੁੱਛਿਆ। ਕਿਉਂਕਿ ਕੁੜੀ ਦਾ ਮਾਮਲਾ ਸੀ।

'ਉਸਨੇ ਅੰਮ੍ਰਿਤ ਕੌਰ ਦੱਸਿਆ ਸੀ ਆਪਣਾ ਨਾਂ। ਸ਼ਾਇਦ ਕਵਿਤਰੀ ਹੈ ਇਕ ਕਿਤਾਬ ਫੜੀ ਹੋਈ ਸੀ ਹੱਥ ਵਿਚ। ਉਸਦਾ ਨਾਮ ਸ਼ਾਇਦ 'ਅੰਮ੍ਰਿਤ ਲਹਿਰਾਂ' ਲਿਖਿਆ ਹੋਇਆ ਸੀ। ਪਤਾ ਨਹੀਂ ਉਸਦੀ ਸੀ ਜਾਂ ਹੋਰ ਕਿਸੇ ਦੀ।' ਪ੍ਰੋ. ਮੋਹਣ ਸਿੰਘ ਨਵਤੇਜ ਦੀ ਗੱਲ ਸੁਣ ਕੇ ਸ. ਗੁਰਬਖਸ਼ ਸਿੰਘ ਦੇ ਦਫ਼ਤਰ ਵੱਲ ਨੂੰ ਹੋ ਗਏ। ਇਹ ਮੋਹਣ ਸਿੰਘ ਤੇ ਅੰਮ੍ਰਿਤਾ ਦੀ ਪਹਿਲੀ ਮੁਲਾਕਾਤ ਸੀ।

ਅੰਮ੍ਰਿਤਾ ਦਾ ਜਨਮ ਵਿਚਲੇ ਤਬਕੇ ਦੇ ਪਰਿਵਾਰ ਵਿਚ ਗਿਆਨੀ ਕਰਤਾਰ ਸਿੰਘ ਹਿਤਕਾਰੀ, ਸਕੂਲ ਮਾਸਟਰ ਅਤੇ ਮਾਤਾ ਰਾਜ ਕੌਰ ਦੇ ਘਰ ੩੧ ਅਗਸਤ ੧੯੧੯ ਨੂੰ ਗੁਜਰਾਂਵਾਲੇ ਪਾਕਿਸਤਾਨ ਵਿਚ ਹੋਇਆ। ਅੰਮ੍ਰਿਤਾ ਨੂੰ ਸਾਹਿਤ ਦੀ ਗੁੜ੍ਹਤੀ ਉਸ ਦੇ ਪਿਤਾ ਤੋਂ ਹੀ ਮਿਲੀ। ਜੋ ਸਾਹਿਤ ਰਸੀ ਤੇ ਧਾਰਮਕ ਕਵਿਤਾ ਲਿਖਦੇ ਸਨ।

ਪਿਤਾ ਜੀ ਨੇ ਸਿਰਫ ਕਵਿਤਾ ਲਿਖਣ ਲਈ ਹੀ ਨਹੀਂ ਪ੍ਰੇਰਿਆ, ਸਗੋਂ ਸੰਗੀਤ ਨ੍ਰਿਤ ਦੀ ਸਿਖਿਆ ਵੀ ਦੁਆਈ। ਘਰ ਦਾ ਵਾਤਾਵਰਣ ਧਾਰਮਕ ਹੋਣ ਕਰਕੇ ਸਵੇਰੇ ਸ਼ਾਮ ਘਰ ਵਿਚ ਪਾਠ ਹੁੰਦਾ ਅਤੇ ਰਾਤ ਨੂੰ ਸੌਣ ਲੱਗਿਆ ਦਸ ਮਿੰਟ ਹੱਥ ਜੋੜ ਪਰਮਾਤਮਾ ਅੱਗੇ ਸੁਖੀ ਜੀਵਨ ਦੀ ਪ੍ਰਾਰਥਨਾ ਵੀ ਕੀਤੀ ਜਾਂਦੀ।

ਅੰਮ੍ਰਿਤਾ ਦੀ ਮਾਤਾ ਬਹੁਤ ਬਿਮਾਰ ਹੋ ਗਈ। ਸਾਰਿਆਂ ਅੰਮ੍ਰਿਤਾ ਨੂੰ ਰੱਬ ਅੱਗੇ ਬੇਨਤੀ ਕਰਨ ਨੂੰ ਕਿਹਾ ਕਿ ਪਰਮਾਤਮਾ ਉਸ ਦੀ ਮਾਤਾ ਨੂੰ ਤੰਦਰੁਸਤ ਕਰ ਦੇਵੇ। ਅੰਮ੍ਰਿਤਾ ਨੇ ਬੇਨਤੀ ਕੀਤੀ, ਪਰ ਉਹ ਸਵੀਕਾਰ ਨਹੀਂ ਹੋਈ। ਗਿਆਰਾਂ ਸਾਲ ਦੀ ਅੰਮ੍ਰਿਤਾ ਦੀ ਮਾਂ ਚਲ ਵਸੀ। ਅੰਮ੍ਰਿਤਾ ਦਾ ਰੱਬ ਤੋਂ ਵਿਸ਼ਵਾਸ ਉੱਠ ਗਿਆ।

ਅੰਮ੍ਰਿਤ ਅਜੇ ਚਾਰ ਸਾਲ ਦੀ ਹੀ ਸੀ ਜਦੋਂ ਉਸ ਦੀ ਮੰਗਣੀ ਉਸ ਦੇ ਭੂਆ ਦੇ ਮੁੰਡੇ ਪ੍ਰੀਤਮ ਸਿੰਘ ਕਵਾਤੜਾ ਨਾਲ ਕਰ ਦਿੱਤੀ। ਉਹ ਅਜੇ ਸੋਲਾਂ ਸਾਲਾਂ ਦੀ ਸੀ, ਜਦੋਂ ਉਸ ਦਾ ਵਿਆਹ ਹੋ ਗਿਆ। ਵਿਆਹ ਤੋਂ ਸਾਲ ਕੁ ਪਹਿਲਾਂ ਅੰਮ੍ਰਿਤਾ ਦੀ ਕਵਿਤਾ ਦੀ ਇਕ ਕਿਤਾਬ 'ਠੰਡੀਆਂ ਕਿਰਨਾਂ' ਛਪ ਚੁੱਕੀ ਸੀ ਤੇ ਵਿਆਹ ਤੋਂ ਛੇਤੀ ਬਾਅਦ ਉਸਦੀ ਦੂਸਰੀ ਕਿਤਾਬ 'ਅੰਮ੍ਰਿਤ ਲਹਿਰਾਂ' ਛਪੀ।



ਵਿਆਹ ਤੋਂ ਪਹਿਲਾ ਅੰਮ੍ਰਿਤਾ ਨੇ ੧੯੩੨ ਵਿਚ ਮਿਡਲ ਅਤੇ ਵਿਦਵਾਨੀ ਪਾਸ ਕਰ ਲਈ ਸੀ ਤੇ ੧੯੩੩ ਵਿਚ ਗਿਆਨੀ ਪਾਸ ਦਾ ਸਰਟੀਫਿਕੇਟ ਵੀ ਉਸ ਨੂੰ ਮਿਲ ਗਿਆ ਸੀ। ਇਸ ਤੋਂ ਅੱਗੇ ਬਿਮਾਰੀ ਕਰਕੇ ਉਹ ਪੜ੍ਹ ਨਹੀਂ ਸਕੀ ਤੇ ਫਿਰ ੧੯੩੬ ਵਿਚ ਉਸਦਾ ਵਿਆਹ ਹੋ ਗਿਆ। ਸਕੂਲੀ ਵਿਦਿਆ ਤੋਂ ਇਲਾਵਾ ਉਸਨੇ ਹੋਰ ਸਾਹਿਤ ਬਹੁਤ ਪੜ੍ਹਿਆ। ਸਾਹਿਤ ਪੜ੍ਹਦਿਆਂ ਅਤੇ ਪਿਤਾ ਜੀ ਦੀ ਪ੍ਰੇਰਨਾ ਸਦਕਾ ਅੰਮ੍ਰਿਤਾ ਨੂੰ ਕਵਿਤਾ ਲਿਖਣ ਦਾ ਸ਼ੌਕ ਪੈਦਾ ਹੋ ਗਿਆ।

ਅੰਮ੍ਰਿਤਾ ਬੇਸ਼ੱਕ ਪ੍ਰੀਤਮ ਸਿੰਘ ਨਾਲ ਹੋਏ ਵਿਆਹ ਤੋਂ ਖੁਸ਼ ਨਹੀਂ ਸੀ ਫਿਰ ਵੀ ਪ੍ਰੀਤਮ ਦਾ ਨਾਮ ਉਸਨੇ ਆਪਣੇ ਨਾਮ ਨਾਲ ਜੋੜ ਲਿਆ ਤੇ ਅੰਮ੍ਰਿਤ ਕੌਰ ਦੀ ਥਾਂ ਉਹ ਅੰਮ੍ਰਿਤਾ ਪ੍ਰੀਤਮ ਲਿਖਣ ਲੱਗ ਪਈ। ਉਸਦੇ ਦੋ ਬੱਚੇ ਨਵਰਾਜ ਤੇ ਕੰਦਰਾ ਹੋਏ। ਅੰਮ੍ਰਿਤਾ ਨੇ ਲਿਖਣ ਤੋਂ ਪਹਿਲਾਂ ਨ੍ਰਿਤ ਦੇ ਨਾਲ ਸੰਗੀਤ ਵਿਚ ਸਿਤਾਰ ਵਾਦਨ ਵੀ ਸਿਖਿਆ ਸੀ ਜਿਸਨੂੰ ਉਹ ਰੇਡੀਓ ਉੱਤੇ ਵੀ ਪੇਸ਼ ਕਰਦੀ ਰਹੀ। ਇਨ੍ਹਾਂ ਪ੍ਰੋਗਰਾਮਾਂ ਦੇ ਜ਼ਰੀਏ ਅੰਮ੍ਰਿਤਾ ਨੂੰ ਰੇਡੀਓ ਸਟੇਸ਼ਨ ਉੱਤੇ ਕੰਮ ਵੀ ਮਿਲਿਆ।

੧੯੪੭ ਦੀ ਦੇਸ਼ ਵੰਡ ਨੇ ਬਹੁਤ ਸਾਰੇ ਪਰਿਵਾਰਾਂ ਦਾ ਉਜਾੜਾ ਕੀਤਾ। ਅੰਮ੍ਰਿਤਾ ਵੀ ਉਸ ਉਜਾੜੇ ਦਾ ਸ਼ਿਕਾਰ ਹੋਈ। ਕਵਾਤੜੇ ਦਾ ਸਾਰਾ ਕਾਰੋਬਾਰ ਤਬਾਹ ਹੋ ਗਿਆ। ਉਹ ਉੱਜੜ ਕੇ ਦੇਹਰਾਦੂਨ ਆ ਗਏ। ਕਈ ਕੋਸ਼ਿਸ਼ਾਂ ਤੋਂ ਬਾਅਦ ਵੀ ਉਨ੍ਹਾਂ ਦਾ ਕੰਮ ਉਥੇ ਚੱਲ ਨਾ ਸਕਿਆ ਤਾਂ ਉਥੋਂ ਉੱਠ ਕੇ ਉਹ ਦਿੱਲੀ ਪਹੁੰਚ ਗਏ। ਵੈਸੇ ਵੀ ਪਾਕਿਸਤਾਨ ਤੋਂ ਆਏ ਬਹੁਤੇ ਲੋਕਾਂ ਨੇ ਦਿੱਲੀ ਹੀ ਡੇਰਾ ਲਾਇਆ।

ਅੰਮ੍ਰਿਤਾ ਨੇ ਸਾਰੇ ਫਸਾਦ ਨੂੰ ਅੱਖੀ ਦੇਖਿਆ ਹੀ ਨਹੀਂ,



Namdhari Elibrary NamdhariElibrary@gmail.com

ਉਸ ਫਸਾਦ ਦਾ ਸ਼ਿਕਾਰ ਵੀ ਹੋਈ। ਬਹੁਤ ਤਕਲੀਫ ਝੱਲੀ। ਇਸ ਕਰਕੇ ਉਸ ਦੇ ਦਿਲ ਉੱਤੇ ਉਸ ਫਸਾਦ ਦਾ ਬਹੁਤ ਅਸਰ ਹੋਇਆ। ਉਸ ਦੀ ਜ਼ਖ਼ਮੀ ਰੂਹ ਨੇ ਆਪਣੀ ਕਵਿਤਾ ਵਿਚ ਆਪਣੀ ਵੇਦਨਾ ਪ੍ਰਗਟ ਕੀਤੀ। 'ਅੱਜ ਆਖਾਂ ਵਾਰਸ ਸ਼ਾਹ ਨੂੰ' ਉਸਦੀ ਕਵਿਤਾ ਨੇ ਦੇਸ-ਪਰਦੇਸ ਦੀਆਂ ਹੱਦਾਂ ਲੰਘ ਕੇ, ਸਾਰੀ ਦੁਨੀਆ ਵਿਚ ਅੰਮ੍ਰਿਤਾ ਦੀ ਫਰਿਆਦ ਸੁਣਾਈ ਤੇ ਉਹ ਕਵਿਤਾ ਅਮਰ ਹੋ ਗਈ। ਇਨ੍ਹਾਂ ਫਸਾਦਾਂ ਦੀ ਦੇਣ ਅੰਮ੍ਰਿਤਾ ਦਾ 'ਪਿੰਜਰ' ਨਾਵਲ ਵੀ ਹੈ। ਜਿਸ ਨੂੰ ਬਾਲੀਵੁੱਡ ਨੇ ਫਿਲਮਾਇਆ ਹੈ। ਏਸੇ ਦੁਖਾਂਤ ਦੀ ਗੱਲ ਕਰਦਾ ਹੈ।

ਦਿੱਲੀ ਆ ਕੇ ਅੰਮ੍ਰਿਤਾ ਨੂੰ 'ਆਲ ਇੰਡੀਆ ਰੇਡੀਓ ਦਿੱਲੀ 'ਚ ਅਨਾਊਂਸਰ ਅਤੇ ਸਕ੍ਰਿਪਟ ਲੇਖਕ ਦੀ ਨੌਕਰੀ ਮਿਲ ਗਈ। ਪਰ ਥੋੜ੍ਹੀ ਦੇਰ ਬਾਅਦ ਹੀ ਉਸਦਾ ਧਿਆਨ ਬੰਬਈ ਵੱਲ ਹੋ ਗਿਆ ਜਿੱਥੇ ਸਾਹਿਰ ਲੁਧਿਆਣਵੀ ਰਹਿੰਦਾ ਸੀ। ਕਿਉਂਕਿ ਦਿੱਲੀ ਰੇਡੀਓ ਸਟੇਸ਼ਨ ਦੀ ਨੌਕਰੀ ਨੇ ਉਸਦੇ ਕਈ ਵਿਰੋਧੀ ਪੈਦਾ ਕਰ ਦਿੱਤੇ ਸਨ। ਜਿਸ ਕਰਕੇ ਉਸ ਦਾ ਧਿਆਨ ਕਲਾਤਮਕ ਲੇਖਣੀ ਵੱਲ ਨਹੀਂ ਸੀ ਹੁੰਦਾ। ਬੇਸ਼ੱਕ ਉਹ ਜੁਰਤ ਵਾਲੀ ਔਰਤ ਸੀ, ਫਿਰ ਵੀ ਹਰ ਵੇਲੇ ਦੇ ਕਲੇਸ਼ ਨਾਲ ਮਨ ਦਾ ਟਿਕਾਅ ਬਣਿਆ ਨਹੀਂ ਸੀ ਰਹਿੰਦਾ। ਅੰਮ੍ਰਿਤਾ ਦਾ ਮੰਨਣਾ ਸੀ ਕਿ ਉਸਦੇ ਤਿੰਨ ਬੱਚੇ ਹਨ। ਇਕ ਪੁੱਤਰ, ਇਕ ਧੀ ਅਤੇ ਇਕ ਕਲਮ ਜੋ ਸਭ ਤੋਂ ਵੱਡੀ ਸੀ। ਉਸਦੇ ਮਨ ਦੀ ਇੱਛਾ ਸੀ ਕਿ ਉਹ ਤਿੰਨੇ ਸਫਲ ਹੋਣ, ਉਹ ਖੁਦ ਬੇਸ਼ੱਕ ਅਸਫਲ ਹੋਵੇ।

ਪਹਿਲੀਆਂ ਦੋ ਕਿਤਾਬਾਂ ਨੂੰ ਅੰਮ੍ਰਿਤਾ ਆਪਣੇ ਬਚਪਨ ਦੀ ਲੇਖਣੀ ਮੰਨਦੀ ਸੀ। 'ਸੁਨੇਹੜੇ' ਛਪਣ ਨਾਲ ਅੰਮ੍ਰਿਤਾ ਕਵਿਤਰੀ ਵਜੋਂ ਮਹੱਤਵਪੂਰਨ ਥਾਂ ਦੀ ਮਾਲਕ ਹੋ ਗਈ।

ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਕਵਾਤੜੇ ਨਾਲ ਉਸ ਦਾ ਵਿਆਹ ਦਿਲੀ ਮੁਹੱਬਤ ਨਹੀਂ ਸੀ ਪੈਦਾ ਕਰ ਸਕਿਆ। ਇਸ ਕਰਕੇ ਅੰਮ੍ਰਿਤਾ ਦਾ ਰਿਸ਼ਤਾ ਅੱਗੇ ਜਾ ਕੇ ਸਾਹਿਰ ਲੁਧਿਆਣਵੀ ਦੀਆਂ ਡੂੰਘੀਆਂ ਦਿਲੀ ਭਾਵਨਾਵਾਂ ਨਾਲ ਜੁੜ ਗਿਆ, ਪਰ ਏਥੇ ਪਤਾ ਨਹੀਂ ਕਿਸ ਮਜਬੂਰੀ ਵਸ ਸਾਹਿਰ ਨਿਕਾਹ ਦੀ ਰਸਮ ਤੱਕ ਨਹੀਂ ਪਹੁੰਚ ਸਕਿਆ। ਅੰਮ੍ਰਿਤਾ ਦਾ ਦਿਲ ਇਕ ਵਾਰ ਫਿਰ ਨਿਰਾਸ਼ਾ ਨਾਲ ਭਰ ਗਿਆ। ਇਸ ਨਿਰਾਸ਼ਾ ਦੇ ਬੱਦਲ ਉਦੋਂ ਛਟੇ ਜਦ ੧੯੫੫ ਵਿਚ ਇਮਰੋਜ਼ ਉਸਦੀ ਜ਼ਿੰਦਗੀ 'ਚ ਆਇਆ। ਜੋ ਅਖੀਰ ਤੱਕ ਅੰਮ੍ਰਿਤਾ ਨਾਲ ਸਨੇਹ 'ਚ ਬੱਝਾ ਰਿਹਾ। ਦੋਹਾਂ ਨੇ ਰਲ ਕੇ 'ਨਾਗਮਣੀ' ਕੱਢਿਆ ੧੯੬੬ ਵਿਚ। ਜੋ ੨੦੦੨ ਤੱਕ ਅੰਮ੍ਰਿਤਾ ਦੇ ਬਿਮਾਰ ਹੋਣ ਤੱਕ ਨਿਰਵਿਘਨ ਚੱਲਦਾ ਰਿਹੈ।

ਬੇਸ਼ਕ ਅੰਮ੍ਰਿਤਾ ਨੂੰ ਕੁਝ ਸਰੀਰਕ ਤੇ ਬਾਹਰਲੀਆਂ ਔਕੜਾਂ ਨੇ ਘੇਰ ਰੱਖਿਆ ਸੀ, ਪਰ ਤਾਂ ਵੀ ਉਸਨੇ ਸਿਦਕ ਦਾ ਪੱਲਾ ਨਹੀਂ ਸੀ ਛੱਡਿਆ। ਉਹ ਬਹੁਪੱਖੀ ਕਲਾਕਾਰ ਸੀ। ਉਸਨੇ ਕਵਿਤਾ, ਕਹਾਣੀ, ਨਾਵਲ, ਸਫ਼ਰਨਾਮਾ ਅਤੇ ਅਨੁਵਾਦ ਤੇ ਕਲਮ ਚਲਾਈ। ਉਸਦੀ ਹਰ ਰਚਨਾ ਸਲਾਹੀ ਗਈ। ਉਸਨੇ ਨਾਰੀ ਦੀ ਦੁਰਦਸ਼ਾ ਨੂੰ ਬਹੁਤ ਬਰੀਕੀ ਨਾਲ ਦੇਖਿਆ ਸਮਝਿਆ ਤੇ ਆਪਣੀ ਕਲਮ ਰਾਹੀਂ ਲੋਕਾਂ ਅੱਗੇ ਪੇਸ਼ ਕੀਤਾ। ਨਾਮ ਗਿਣਨ ਦੀ ਜ਼ਰੂਰਤ ਨਹੀਂ, ਉਸਦੀ ਹਰ ਰਚਨਾ ਹੀ ਲੋਕਾਂ ਦੀ ਪਸੰਦ ਸੀ।

ਉਸਨੇ ਆਪਣੀ ਸਵੈ ਜੀਵਨੀ 'ਰਸੀਦੀ ਟਿਕਟ' ਕਹਿ ਕੇ ਲਿਖੀ। ਜਿਸ ਨੂੰ ਪੜ੍ਹ ਕੇ ਅੰਮ੍ਰਿਤਾ ਬਾਰੇ ਬਹੁਤ ਜਾਣਕਾਰੀ ਮਿਲਦੀ ਹੈ। ਉਸਨੇ ਅਣਚਾਹੇ ਵਿਆਹ ਨੂੰ ਕਬੂਲਿਆ ਤੇ ਆਪਣੀ ਅਧੂਰੀ ਮੁਹੱਬਤ ਦੀ ਤਕਲੀਫ ਨੂੰ ਬਰਦਾਸ਼ਤ ਕੀਤਾ। ਆਪਣੇ ਪੁੱਤਰ ਦੇ ਕਹਿਣ ਤੇ ਬਿਮਾਰ ਅਤੇ ਨਾਤਾ ਤੋੜ ਚੁੱਕੇ ਪਤੀ ਦੀ ਸੇਵਾ ਸੰਭਾਲ ਕੀਤੀ। ਇਹ ਬਹੁਤ ਵੱਡੇ ਜਿਗਰੇ ਦਾ ਕੰਮ ਸੀ।

ਅੰਮ੍ਰਿਤਾ ਦੀਆਂ ਕੋਈ ਕਿਤਾਬਾਂ ਦੇ ਬਿਦੇਸ਼ੀ ਅਨੁਵਾਦ ਹੋਏ। ਤਕਰੀਬਨ ੩੪ ਬੋਲੀਆਂ ਵਿਚ ਉਸਦੀਆਂ ਰਚਨਾਵਾਂ ਅਨੁਵਾਦ ਹੋ ਕੇ ਉਥੋਂ ਦੇ ਲੋਕਾਂ ਤੱਕ ਗਈਆਂ, ਜਿੱਥੇ ਅੰਮ੍ਰਿਤਾ ਨਹੀਂ ਜਾ ਸਕੀ। ਆਪਣੀਆਂ ਰਚਨਾਵਾਂ ਦੇ ਸਿਰ ਤੇ ਅੰਮ੍ਰਿਤਾ ਨੇ ਕਈ ਦੇਸ਼ਾਂ ਦਾ ਦੌਰਾ ਕੀਤਾ। ਅੰਮ੍ਰਿਤਾ ਨੂੰ ਦੇਸੀ ਵਿਦੇਸ਼ੀ ਬਹੁਤ ਸਾਰੇ ਪੁਰਸਕਾਰ ਮਿਲੇ। ਦਿੱਲੀ ਯੂਨੀਵਰਸਿਟੀ ਤੋਂ ਆਨਰੇਰੀ ਡਾਕਟਰੇਟ। ਸਾਹਿਤ ਅਕਾਦਮੀ ਪੁਰਸਕਾਰ। ਭਾਰਤ ਸਰਕਾਰ ਵਲੋਂ ੧੯੬੯ ਵਿਚ 'ਪਦਮ ਸ੍ਰੀ' ਪੁਰਸਕਾਰ। ਅੰਤਰਰਾਸ਼ਟਰੀ ਪੁਰਸਕਾਰ ਭਾਰਤੀ ਗਿਆਨ ਪੀਠ ਪੁਰਸਕਾਰ ੧੯੮੨ ਵਿਚ ਅਤੇ ੧੯੮੬ ਵਿਚ ਰਾਜ ਸਭਾ ਦੀ ਮੈਂਬਰ ਨਿਯੁਕਤ ਹੋਈ। ਪੰਜਾਬੀ ਅਕਾਦਮੀ ਦਿੱਲੀ ਵਲੋਂ ੨੦੦੧ ਦਾ ਪੁਰਸਕਾਰ, ਜਿਸ ਵਿਚ ਗਿਆਰਾਂ ਲੱਖ ਦੀ ਰਾਸ਼ੀ ਸੀ। ਪੰਜਾਬ ਸਰਕਾਰ ਵਲੋਂ ਪੰਦਰਾਂ ਲੱਖ ਦਾ ਪੁਰਸਕਾਰ ਅਤੇ ੨੦੦੩ ਵਿਚ ਪੰਜਾਬੀ ਸਾਹਿਤ ਸਭਾ ਦਿੱਲੀ ਵਲੋਂ ਜੀਵਨ ਭਰ ਦੀ ਫੈਲੋਸ਼ਿਪ ਦਿੱਤੀ ਗਈ। ਹੋਰ ਵੀ ਬਹੁਤ ਸਾਰੇ ਇਨਾਮ ਸਮੇਂ ਸਮੇਂ ਮਿਲਦੇ ਰਹੇ।

੩੧ ਅਕਤੂਬਰ ੨੦੦੫ ਨੂੰ ਇਹ ਕਾਨ੍ਹੀ, ਲਿਖਣੋਂ ਹਮੇਸ਼ਾ ਲਈ ਬੰਦ ਹੋ ਗਈ। ਅੰਮ੍ਰਿਤਾ ਨੇ ਦੂਸਰੀ ਦੁਨੀਆ 'ਚ ਵਸੇਰਾ ਕਰ ਲਿਆ।

*ਈ ਜੀ ੬੧੯ ਗੋਬਿੰਦਗੜ੍ਹ,*
*ਜਲੰਧਰ ਸ਼ਹਿਰ-੧੪੪੦੦੧*



Namdhari Elibrary NamdhariElibrary@gmail.com

# ਗ਼ਦਰ ਪਾਰਟੀ ਦਾ ਲੋਹ ਪੁਰਸ਼ ਬਾਬਾ ਭਗਤ ਸਿੰਘ ਬਿਲਗਾ ਜੀ ਦਾ ਵਿਅਕਤਿਤਵ ਵਿਸ਼ਲੇਸ਼ਣ

*—ਡਾ. ਸੁਰਿੰਦਰ ਕੰਗਣ*

ਬਾਬਾ ਭਗਤ ਸਿੰਘ ਬਿਲਗਾ ਸੱਚਮੁਚ ਗ਼ਦਰ ਪਾਰਟੀ ਦਾ ਲੋਹ-ਪੁਰਸ਼ ਸੀ। ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣੇ ਆਪ ਨੂੰ ਜੋਖ਼ਮ ਵਿਚ ਪਾ ਕੇ, ਤਸੀਹੇ ਝੱਲ ਕੇ ਕੁਰਬਾਨੀ ਕੀਤੀ ਉਹ ਹਮੇਸ਼ਾ ਸੁਨਹਿਰੀ ਅੱਖਰਾਂ ਵਿਚ ਇਤਿਹਾਸ ਦੇ ਪੰਨਿਆਂ 'ਤੇ ਚਮਕਦੀ ਰਹੇਗੀ। ਜਿਥੇ ਉਹ ਦੇਸ਼ ਭਗਤੀ ਨੂੰ ਪ੍ਰਣਾਏ ਹੋਏ ਸਨ ਉਥੇ ਮਾਨਵਵਾਦੀ ਕਦਰਾਂ ਕੀਮਤਾਂ ਦੇ ਸਮੱਰਥਕ ਤੇ ਸਮਾਜ ਵਿਚ ਫੈਲੀਆਂ ਹੋਈਆਂ ਅਸਮਾਨਤਾਵਾਂ, ਭਾਵੇਂ ਉਹ ਧਰਮ ਦੇ ਨਾਂ 'ਤੇ ਸੀ ਤੇ ਭਾਵੇਂ ਜਾਤ ਦੇ ਆਧਾਰ ਤੇ ਫੈਲਿਆ ਛੂਤ-ਛਾਤ ਸੀ ਨੂੰ ਦੂਰ ਕਰਨ ਦੇ ਤਕੜੇ ਅਲੰਬਰਦਾਰ ਸਨ। ਜਾਂ ਇਉਂ ਆਖ ਲਈਏ ਕਿ ਉਹ ਇਕ 'ਚੰਗੇ ਮਨੁੱਖ' ਵੀ ਸਨ। ਇਹ ਸਾਰੇ ਗੁਣ ਬਹੁਤ ਵਾਰੀ ਹਰ ਵਿਅਕਤੀ ਵਿਚ ਨਹੀਂ ਹੁੰਦੇ ਹਨ।

ਬਾਬਾ ਬਿਲਗਾ ਜੀ ਸਧਾਰਣ ਪਰਿਵਾਰ ਵਿਚ ਪੈਦਾ ਹੁੰਦੇ ਹਨ। ਛੋਟੀ ਉਮਰ ਵਿਚ ਪਿਤਾ ਦਾ ਸਾਇਆ ਸਿਰ ਤੋਂ ਉਠ ਜਾਣ ਕਰਕੇ ਬਚਪਨ ਦੇ ਕਾਫੀ ਸਾਲ ਮਾਲਵੇ ਦੇ ਇਲਾਕੇ ਵਿਚ ਆਪਣੀ ਮਾਸੀ ਕੋਲ ਗੁਜ਼ਾਰਦੇ ਹਨ। ਬਚਪਨ ਵਿਚ ਪਸ਼ੂ ਚਾਰਨ ਵਰਗੇ ਕੰਮ ਕਰਨੇ, ਛੋਟੇ ਹੁੰਦਿਆਂ ਉਹ ਖੇਡਾਂ ਖੇਡਦੀਆਂ ਜਿਹੜੀਆਂ ਹੁਣ ਅਲੋਪ ਹੋ ਗਈਆਂ ਹਨ ਮੈਂ ਸਮਝਦਾ ਹਾਂ ਕਿ ਤਕਰੀਬਨ ੬੯-੭੦ ਤੱਕ ਬੱਚੇ ਇਹੋ ਜਿਹਾ ਪੇਂਡੂ ਜੀਵਨ ਹੀ ਹੰਢਾਉਂਦੇ ਸਨ। ਪਰ ਬਾਬਾ ਜੀ ਤੀਖਣ ਬੁੱਧੀ ਦੇ ਮਾਲਕ, ਜਜ਼ਬੇ ਭਰਪੂਰ ਤੇ ਕੁਝ ਕਰ ਸਕਣ ਦੀ ਹਿੰਮਤ ਰੱਖਦੇ ਸਨ। ਇਸੇ ਕਰਕੇ ਗਰੀਬੀ ਵਾਲੇ ਮਾਹੌਲ ਵਿਚ ਪੜ੍ਹਾਈ ਕਰਕੇ ਤੇ ਆਪਣਾ ਕਰਜ਼ਾ ਲਾਹੁਣ ਦੀ ਖਾਤਰ ਵਿਦੇਸ਼ ਵੱਲ ਰੁਖ ਅਖਤਿਆਰ ਕਰਦੇ ਹਨ ਜਿਹੜਾ ਕਿ ਉਨ੍ਹਾਂ ਦੀ ਜ਼ਿੰਦਗੀ ਨੂੰ ਵਿਲੱਖਣ ਸੇਧ ਪ੍ਰਦਾਨ ਕਰ ਕੇ 'ਨਾਇਕ' ਦੀ ਪਦਵੀ ਤੱਕ ਪੁਚਾਂਦਾ ਹੈ।

ਬਾਬਾ ਜੀ ਦੀ ਜੀਵਨੀ ਨੂੰ ਅਮਲੀ ਰੂਪ ਦੇਣ ਲਈ ਗ਼ਦਰੀ ਬਾਬਿਆਂ ਦੀ ਪੋਤਰੀ ਤੇ ਮਾਸਟਰ ਗੁਰਬੰਤਾ ਸਿੰਘ ਮੈਮੋਰੀਅਲ ਜਨਤਾ ਕਾਲਜ ਕਰਤਾਰਪੁਰ ਦੀ ਰਾਜਨੀਤੀ ਸ਼ਾਸਤਰ ਵਿਭਾਗ ਦੀ ਮੁਖੀ, ਡਾ. ਜਸਬੀਰ ਕੌਰ ਗਿੱਲ ਦੇ ਬੜੀ ਸਖ਼ਤ ਮਿਹਨਤ ਕਰਕੇ ਵੱਡਮੁੱਲਾ ਕਾਰਜ ਕੀਤਾ ਹੈ। ਹੋਰ ਵੀ ਚੰਗੀ ਗੱਲ ਇਹ ਹੋਈ ਕਿ ਅਜ਼ਾਦੀ ਸੰਗ੍ਰਾਮ ਦੇ ਇਸ ਮਹਾਨ ਨਾਇਕ ਨਾਲ ਡਾ. ਗਿੱਲ ਨੇ ਮੁਲਾਕਾਤਾਂ ਕਰਕੇ ਉਨ੍ਹਾਂ ਦੇ ਜੀਵਨ ਦੇ ਅਣਫੋਲੇ ਵਰਕਿਆਂ ਨੂੰ ਪਾਠਕਾਂ ਤੱਕ ਲਿਜਾਣ ਦਾ ਸਫ਼ਲ ਯਤਨ ਕੀਤਾ ਹੈ।



ਇਸ ਪੁਸਤਕ ਦੇ ੩੫ ਸਫ਼ੇ ਤਾਂ ਉਨਾਂ ਵਿਅਕਤੀਆਂ ਵਲੋਂ ਹਨ ਜਿਹੜੇ ਕਿ ਬਾਬਾ ਜੀ ਦੇ ਬਹੁਤ ਨੇੜੇ ਰਹੇ ਹਨ ਜਾਂ ਡਾ. ਜਸਬੀਰ ਕੌਰ ਗਿੱਲ ਤੇ ਗੁਰੂ ਨਾਨਕ ਦੇਵ ਯੂਨੀ. ਦੇ ਰਾਜਨੀਤੀ ਸ਼ਾਸਤਰ ਦੇ ਮੁੱਖੀ ਡਾ. ਸੁਰਜੀਤ ਸਿੰਘ ਨਾਰੰਗ ਵਲੋਂ ਲੇਖਿਕਾ ਦੇ ਇਸ ਉਦਮ ਦੀ ਸ਼ਲਾਘਾ ਹੈ। ਕਾਮਰੇਡ ਨੌਨਿਹਾਲ ਸਿੰਘ, ਗੰਧਰਵ ਸੇਨ ਕੋਛੜ, ਅਵਤਾਰ ਸਿੰਘ ਜੌਹਲ ਤੇ ਪ੍ਰੋ. ਗੋਪਾਲ ਬੁੱਟਰ ਵਲੋਂ ਬਾਬਾ ਜੀ ਵਲੋਂ ਆਜ਼ਾਦੀ ਦੇ ਸੰਗਰਾਮ ਵਿਚ ਘਾਲੀ ਘਾਲਣਾ ਦਾ ਸੰਖੇਪ ਪਰ ਭਾਵਪੂਰਤ ਸ਼ਬਦਾਂ ਵਿਚ ਚਿਤਰਣ ਹੈ ਜੋ ਕਿ ਬਿਲਗਾ ਜੀ ਦੀ ਸ਼ਖਸੀਅਤ ਨੂੰ ਸਮਝਣ ਵਿਚ ਸਹਾਈ ਹੁੰਦਾ ਹੈ।

ਡਾ. ਜਸਬੀਰ ਕੌਰ ਗਿੱਲ ਨੇ 'ਗ਼ਦਰ ਲਹਿਰ ਦਾ ਸੰਗਰਾਮ ਜਾਰੀ ਹੈ', 'ਬਚਪਨ ਤੇ ਜਵਾਨੀ ਬਾਬੇ ਬਿਲਗੇ ਦੀ ਜ਼ਬਾਨੀ' ਮਨੁੱਖ ਦੇ 'ਸੁਨਹਿਰੇ ਭਵਿੱਖ ਲਈ ਸੰਘਰਸ਼ ਸ਼ੁਰੂ' ਨਿਬੰਧਾਂ ਰਾਹੀਂ ਬਾਬਾ ਜੀ ਦੇ ਜੀਵਨ ਵੇਰਵੇ ਨੂੰ ਬੜੇ ਦਿਲਚਸਪ ਅੰਦਾਜ਼ ਵਿਚ ਸਮੇਟਣ ਦਾ ਉਪਰਾਲਾ ਕੀਤਾ ਹੈ। ਬਾਬਾ ਜੀ ਵਲੋਂ ਦੇਸ਼ ਆਜ਼ਾਦ ਹੋ ਜਾਣ ਉਪਰੰਤ ਫੈਲੀਆਂ ਹੋਈਆਂ ਅਲਾਮਤਾਂ ਜਿਨ੍ਹਾਂ ਬਾਰੇ ਦੇਸ਼ ਆਜ਼ਾਦ ਕਰਵਾਉਣ ਵਾਲਿਆਂ ਨੇ ਸੋਚਿਆ ਵੀ ਨਹੀਂ ਸੀ ਬੜੇ ਕਹਾਣੀ ਰਸ ਵਾਲੇ ਅੰਦਾਜ਼ 'ਚ ਲਿਖੀਆਂ ਜਿਹੜੀਆਂ ਕਿ ਸਮੇਂ-ਸਮੇਂ ਨਵਾਂ ਜ਼ਮਾਨਾ ਵਿਚ ਛਪਦੀਆਂ ਰਹੀਆਂ ਹਨ। ੧੯੯੨ ਤੋਂ ਕਿਉਂਕਿ 'ਦੇਸ਼ ਭਗਤ ਯਾਦਗਾਰ' ਵਿਖੇ 'ਮੇਲਾ ਗ਼ਦਰੀ ਬਾਬਿਆਂ ਦਾ' ਮਨਾਉਣਾ ਸ਼ੁਰੂ ਹੋ ਗਿਆ ਸੀ ਦੀਆਂ ਰਿਪੋਰਟਾਂ ਜਿਸ 'ਚ ਬਾਬਾ ਜੀ ਦੇ ਭਾਸ਼ਣ ਇਕ ਨਵੀਂ ਰੂਹ ਭਰਦੇ ਹਨ ਸ਼ਾਮਲ ਹਨ। ਮੈਡਮ ਗਿੱਲ ਦੇ ਬੇਟੇ ਡਾ.



Namdhari Elibrary NamdhariElibrary@gmail.com

ਗੁਰਬੀਰ ਸਿੰਘ ਗਿੱਲ ਦੀ ਇਕ ਕਵਿਤਾ ਵੀ 'ਬਾਬਾ ਜੀ' ਦੀ ਵਡਿਆਈ ਵਿਚ ਲਿਖੀ ਗਈ ਹੈ।

ਏਥੇ ਇਹ ਗੱਲ ਯਾਦ ਰੱਖੀ ਜਾਣੀ ਚਾਹੀਦੀ ਹੈ ਕਿ ਕਹਾਣੀ ਜਾਂ ਨਾਵਲ ਤਾਂ ਕੇਵਲ ਸੱਚ ਵਰਗੀ ਗੱਲ ਕਰਦੇ ਹਨ ਉਹ ਸੱਚ ਨਹੀਂ ਹੁੰਦਾ ਹੈ। ਜਦਕਿ ਜੀਵਨੀ ਜਿਥੇ ਨਾਇਕ ਦੇ ਜੀਵਨ ਨੂੰ ਬਿਆਨ ਕਰਦੀ ਹੈ ਉਥੇ ਇਤਿਹਾਸ ਨੂੰ ਬਿਆਨ ਕਰ ਰਹੀ ਹੁੰਦੀ ਹੈ ਜਿਸ 'ਚੋਂ ਅਜਿਹਾ ਵਿਸ਼ੇਸ਼ ਪਾਤਰ ਉਭਰ ਕੇ ਸਾਹਮਣੇ ਆਉਂਦਾ ਹੈ। ਡਾ. ਗਿੱਲ ਇਸ ਪੱਖ ਨੂੰ ਬਾਖੂਬੀ ਨਿਭਾਉਂਦੇ ਹਨ। ਉਹ ਕੇਵਲ 'ਬਾਬਾ ਬਿਲਗਾ' ਜੀ ਦੇ ਜੀਵਨ ਦੀਆਂ ਘਟਨਾਵਾਂ ਨੂੰ ਹੀ ਬਿਆਨ ਨਹੀਂ ਕਰਦੇ ਸਗੋਂ ਉਹ ਆਜ਼ਾਦੀ ਸੰਗ੍ਰਾਮ ਦੀ ਲੜ੍ਹਾਈ ਦੇ ਇਤਿਹਾਸ, ਗ਼ਦਰ ਲਹਿਰ, ਕਿਰਤੀ ਕਿਸਾਨ ਲਹਿਰ, ਬੱਬਰ ਅਕਾਲੀ ਲਹਿਰ, ਕਮਿਊਨਿਸਟ ਲਹਿਰ, ਕਿਸਾਨ ਮੋਰਚਾ ਲਹਿਰ ਨੂੰ ਵੀ ਬੜੀ ਸ਼ਿਦਤ ਨਾਲ ਬਿਆਨ ਕਰਦੇ ਹਨ। ਇਸ ਕਰਕੇ ਹੀ ਗ਼ਦਰ ਲਹਿਰ ਦੀ ਵਿਸ਼ੇਸ਼ਤਾ ਇਨ੍ਹਾਂ ਸ਼ਬਦਾਂ ਵਿਚ ਕਰਦੇ ਹਨ :-

ਗ਼ਦਰ ਲਹਿਰ ਨੇ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਨੂੰ ਸਾਰੀ ਦੁਨੀਆਂ ਦੇ ਗੁਲਾਮ ਲੋਕਾਂ ਦਾ ਸੰਘਰਸ਼ ਬਣਾ ਦਿੱਤਾ। ਇਹ ਲਹਿਰ ਅੰਤਰਰਾਸ਼ਟਰੀ, ਗੈਰ ਫਿਰਕੂ, ਧਰਮ ਨਿਰਪੱਖ ਤੇ ਸੁਤੰਤਰਤਾ ਦਾ ਚਾਨਣ ਮੁਨਾਰਾ ਹੋ ਕੇ ਸਾਰੀ ਦੁਨੀਆਂ ਵਿਚ ਫੈਲ ਗਈ। (ਸਫਾ ੩੭ )

ਡਾ. ਗਿਲ ਅਨੁਸਾਰ ਗ਼ਦਰ ਪਾਰਟੀ ਦੇ ਕੇਂਦਰ ਹੋਰ ਮੁਲਖਾਂ ਵਿਚ ਵੀ ਸਨ। ਬੰਤਾ ਸਿੰਘ ਸੰਘਵਾਲ, ਅਰੂੜ ਸਿੰਘ, ਹਰਨਾਮ ਸਿੰਘ ਟੁੰਡੀਲਾਟ, ਅਮਰ ਸਿੰਘ ਪਿਆਰਾ ਸਿੰਘ ਲੰਗੇਰੀ, ਬੀਬੀ ਗੁਲਾਬ ਕੌਰ ਇਸਦੇ ਮੋਢੀਆਂ ਵਿਚੋਂ ਹਨ। ਇਨ੍ਹਾਂ ਨੇ ਗ਼ਦਰ ਮਚਾਉਣ ਦਾ ਦਿਨ ੨੧ ਫਰਵਰੀ ੧੯੧੫ ਰੱਖਿਆ ਸੀ ਪਰ ਮੁਖ਼ਬਰਾਂ ਦੀ ਮੁਖ਼ਬਰੀ ਸਦਕਾ ੧੯ ਫਰਵਰੀ ਕਰ ਦਿੱਤਾ ਗਿਆ। ਇਸ ਦਾ ਵੀ ਪਤਾ ਲੱਗਣ ਤੇ ਪੁਲਸ ਨੇ ਇਨ੍ਹਾਂ ਗ਼ਦਰੀਆਂ ਨੂੰ ਫੜਕੇ ਮੁਕਦਮੇ ਚਲਾਏ ਜੋ ਕਿ ਇਤਿਹਾਸਕ ਦਸਤਾਵੇਜ਼ ਹਨ।

ਬਾਬਾ ਬਿਲਗਾ ਜੀ ਵੀ ਜਿਵੇਂ ਕਿ ਪਿਛੇ ਸੰਖੇਪ ਵਿਚ ਕਿਹਾ ਹੈ ਕਿ ਅਰਜਨਟਾਈਨਾ ਜਾਂ ਚਿੱਲੀ ਗਏ ਤਾਂ ਰੋਜ਼ੀ ਰੋਟੀ ਕਮਾਉਣ ਸਨ ਪਰ ਉਥੇ ਦੇਸ਼ ਦੀ ਆਜ਼ਾਦੀ ਲਈ ਲੜਨ ਵਾਲੇ ਗ਼ਦਰੀਆਂ ਨਾਲ ਮੇਲ ਜੋਲ ਹੋਣ ਕਰਕੇ ਉਹਨਾਂ ਨੇ ਆਪਣਾ ਸਮੁੱਚਾ ਜੀਵਨ ਇਸ ਪਾਸੇ ਲਾ ਦਿੱਤਾ।

ਇਸ ਜੀਵਨੀ ਵਿਚ ਬਾਬਾ ਬਿਗਲਾ ਜੀ ਦੀ ਜਿਹੜੀ ਸ਼ਖਸੀਅਤ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਉਹ ਤੇ ਉਨ੍ਹਾਂ ਦਾ ਪਰਿਵਾਰ 'ਕੁੜੀਮਾਰਾਂ' ਦਾ ਵਿਰੋਧੀ ਸੀ, ਛੂਤ-ਛਾਤ ਤੇ ਜਾਤ-ਪਾਤ ਤੇ ਉਪਰ ਸੀ। ਉਸ ਵੇਲੇ ਇਨ੍ਹਾਂ ਅਲਾਮਤਾਂ ਤੋਂ ਉਪਰ ਉੱਠਣਾ ਬਹੁਤ ਵੱਡੀ ਗੱਲ ਸੀ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਅਸੀਂ ਅੱਜ ੨੧ਵੀਂ ਸਦੀ 'ਚ ਰਹਿਣ ਵਾਲੇ ਕੰਪਿਊਟਰ ਯੁੱਗ ਦੇ ਇਨਸਾਨ ਇਨ੍ਹਾਂ ਚੱਕਰਾਂ 'ਚੋਂ ਬਾਹਰ ਨਹੀਂ ਨਿਕਲ ਸਕੇ।

ਇਸ ਤਰ੍ਹਾਂ ਇਹ ਜੀਵਨੀ 'ਚੰਗੇ ਮਨੁੱਖ' ਬਣਨ ਦੀ ਨਸੀਹਤ ਦਿੰਦੀ ਹੈ। ਲੇਖਿਕਾ ਕੁੜੀਆਂ ਨੂੰ ਕਿਵੇਂ ਮਾਰਿਆ ਜਾਂਦਾ ਸੀ ਦਾ ਵਰਣਨ ਛੋਟੇ-ਛੋਟੇ ਖ਼ੂਬਸੂਰਤ ਵਾਕਾਂ ਵਿਚ ਇਸ ਤਰ੍ਹਾਂ ਕਰਦੀ ਹੈ-

ਜਦੋਂ ਭਰਾ ਘਰ ਕੋਈ ਲੜਕੀ ਪੈਂਦਾ ਹੁੰਦੀ ਤਾਂ ਭੈਣ ਆਪਣੇ ਸਹੁਰਿਆਂ ਤੋਂ ਦੋ ਪੂਣੀਆਂ ਅਤੇ ਇਕ ਗੁੜ ਦੀ ਰੋੜੀ ਲੈ ਕੇ ਤੁਰ ਪੈਂਦੀ। ਰਸਤੇ ਵਿਚ, ਅੱਕ ਦਾ ਦੁੱਧ ਪੂਣੀਆਂ ਤੇ ਨਿਚੋੜਦੀ। ਪੇਕਿਆਂ ਦੇ ਘਰ ਆਉਂਦੀ। ਉਹ ਜਣੇਪੇ ਦੇ ਕਮਰੇ ਵਿਚ ਜਾ ਵੜਦੀ। ਬੱਚੀ ਦੇ ਮੂੰਹ ਨੂੰ ਮਾੜਾ ਜਿਹਾ ਮਿੱਠਾ ਲਾਉਂਦੀ ਤਾਂ ਬੱਚੀ ਮੂੰਹ ਅੱਡ ਦਿੰਦੀ ਤਾਂ ਇਕਦਮ ਉਹ ਪੂਣੀਆਂ ਜਿਨ੍ਹਾਂ ਵਿਚ ਅੱਕ ਦਾ ਦੁੱਧ ਇਕੱਠਾ ਕੀਤਾ ਹੁੰਦਾ ਸੀ ਬੱਚੀ ਦੇ ਮੂੰਹ ਵਿਚ ਨਿਚੋੜ ਦਿੰਦੀ ਤਾਂ ਮਿੰਟਾਂ ਸਕਿੰਟਾਂ ਵਿਚ ਹੀ ਉਸ ਬੱਚੀ ਦੀ ਮੌਤ ਹੋ ਜਾਂਦੀ।

(ਸਫਾ ੫੭)

ਇਸ ਤਰ੍ਹਾਂ ਉਪਰੋਕਤ ਸਤਰਾਂ ਸਾਡੇ ਸੱਭਿਆਚਾਰਕ ਕਦਰਾਂ ਕੀਮਤਾਂ ਵੱਲ ਵੀ ਇਸ਼ਾਰਾ ਕਰਦੀਆਂ ਹਨ, ਜਿਨਾਂ ਤੋਂ ਬਾਬਾ ਜੀ ਦਾ ਪਰਿਵਾਰ ਦੂਰ ਸੀ। ਇਸ ਕਰਕੇ ਬਾਬਾ ਜੀ ਦਾ ਪਿਤਾ ਹੀਰਾ ਸਿੰਘ ਨੰਬਰਦਾਰ ਆਪਣੀਆਂ ਜੌੜੀਆਂ ਬੱਚੀਆਂ ਬਲਵੰਤ ਕੌਰ ਤੇ ਜਸਵੰਤ ਕੌਰ ਨੂੰ ਇਸ ਬੁਰੀ ਅਲਾਮਤ ਤੋਂ ਬਚਾਉਣ ਲਾਈ ਦਾਈ ਨੂੰ ਦਬਕ ਕੇ ਆਖਦਾ ਹੈ-

ਖ਼ਬਰਦਾਰ! ਜੇ ਮੇਰੀ ਬੱਚੀ ਦਾ ਕੋਈ ਨੁਕਸਾਨ ਹੋਇਆ ਤਾਂ ਮੈਂ ਤੈਨੂੰ ਪੁਲਸ ਦੇ ਹਵਾਲੇ ਕਰਵਾ ਕੇ ਕੈਦ ਕਰਾ ਦਿਆਂਗਾ।....ਪ੍ਰਤਾਪੀਏ! ਮੇਰੀ ਜਾਨ ਨਾਲੋਂ ਵੀ ਪਿਆਰੀ ਹੈ ਮੇਰੀ ਬੱਚੀ।

ਬਾਬਾ ਬਿਗਲਾ ਜੀ ਦੀ ਮਾਤਾ ਮਾਲਣ ਸੀ ਜਿਹੜੀ ਬਿਨਾਂ ਕਿਸੇ ਭਿੰਨ-ਭੇਦ ਦੇ ਸਭ ਨੂੰ ਲੱਸੀ ਦਹੀਂ ਦੁੱਧ ਦਿੰਦੀ ਸੀ। ਇਹੋ ਜਿਹੇ ਪਿਛੋਕੜ ਵਿਚ ਬਾਬਾ ਬਿਲਗਾ ਜੀ ਜਨਮ ਲੈਂਦੇ ਹਨ।

ਬਾਬਾ ਜੀ ਅਜੀਤਵਾਲ ਰਹਿੰਦੇ ਜਿਥੇ ਘਰ ਦਾ ਕੰਮ-ਕਾਰ ਕਰਦੇ ਉਥੇ ਪੜ੍ਹਾਈ ਵਿਚ ਹੁਸ਼ਿਆਰ ਸਨ। ਇਸ ਕਰਕੇ ਉਹ ਛੋਟੀਆਂ ਜਮਾਤਾਂ ਨੂੰ ਪੜ੍ਹਾਉਣ ਦਾ ਕੰਮ ਵੀ ਕਰਦੇ ਰਹੇ। ਮਾਸਟਰ ਮੁਣਸ਼ੀ ਮੁਹੰਮਦ ਹੁਸੈਨ ਨੇ ਉਨ੍ਹਾਂ ਨੂੰ ਪੰਜਾਂ



Namdhari Elibrary NamdhariElibrary@gmail.com

ਜਮਾਤਾਂ ਦਾ ਮਨੀਟਰ ਬਣਾ ਦਿੱਤਾ। ਉਸ ਵੇਲੇ ਪੜ੍ਹਾਈ 'ਚ ਚੁਸਤ ਦਰੁਸਤ ਕਰਨ ਲਈ ਮੁਹਾਰਨੀ ਕਰਵਾਈ ਜਾਂਦੀ ਸੀ ਜੋ ਕਿ ਹੁਣ ਅਲੋਪ ਹੋ ਗਈ ਹੈ ਤੇ ਨਵੇਂ ਬੱਚਿਆਂ ਨੂੰ ਇਸਦੀ ਕੋਈ ਸਮਝ ਨਹੀਂ। ਬਾਬਾ ਜੀ ਉਪਰ ਹੈਡਮਾਸਟਰ ਲੋਕਰਾਜ ਤੇ ਮਾਸਟਰ ਸ਼ਮਸ਼ੇਰ ਸਿੰਘ ਦਾ ਬਹੁਤ ਪ੍ਰਭਾਵ ਸੀ।

ਉਸ ਵੇਲੇ ਛੋਟੀ ਉਮਰ 'ਚ ਵਿਆਹ ਹੋ ਜਾਂਦੇ ਸਨ ਤੇ ਇਹ ਵੀ ਸਮਾਜਕ-ਸੱਭਿਆਚਾਰਕ ਕੀਮਤਾਂ ਸਦਕਾ ਹੀ ਸੀ ਬਾਬਾ ਜੀ ਵੀ ੧੯੨੩ ਵਿਚ ਬੀਬੀ ਚੰਨਣ ਕੌਰ ਨਾਲ ਵਿਆਹੇ ਗਏ, ਪਰ ਉਨ੍ਹਾਂ ਦੇ ਸਹੁਰਿਆਂ ਨੇ ਇਹ ਕਿਹਾ ਕਿ ਦੇਸ਼ ਦੀ ਆਜ਼ਾਦੀ ਲਹਿਰ ਵਿਚ ਡੱਟ ਕੇ ਕੰਮ ਕਰ, ਕੋਈ ਫਿਕਰ ਨਹੀਂ ਕਰਨਾ ਅਸੀਂ ਤੇਰੇ ਨਾਲ ਹਾਂ। ਇਹ ਬਹੁਤ ਵੱਡੀ ਗੱਲ ਸੀ।

ਬਾਬਾ ਜੀ ਉਪਰ ਕਾਂਗਰਸ ਮੂਵਮੈਂਟ, ਅਕਾਲੀ ਮੂਵਮੈਂਟ ਤੇ ਗ਼ਦਰੀ ਬਾਬਿਆਂ ਦਾ ਪ੍ਰਭਾਵ ਸੀ। ਇਸ ਕਰਕੇ ਉਹ ਛੂਤ-ਛਾਤ ਜਾਤ ਦੇ ਮਿਲਤ ਖਿਲਾਫ ਸਨ। ਉਨ੍ਹਾਂ ਨੂੰ ਇਹ ਵੀ ਗਿਲਾ ਹੈ ਕਿ ਕਈ ਦੇਸ਼ ਭਗਤ ਸਨ, ਉਨ੍ਹਾਂ ਬਾਰੇ ਬਹੁਤੀ ਗੱਲ ਨਹੀਂ ਹੋਈ ਕਿਉਂਕਿ ਉਹ ਨੀਵੀਆਂ ਜਾਤਾਂ ਨਾਲ ਸਬੰਧਤ ਸਨ। ਲੇਖਿਕਾ ਇਸ ਬਿਰਤਾਂਤ ਨੂੰ ਇਵੇਂ ਬਿਆਨ ਕਰਦੀ ਹੈ ਜਿਸ 'ਚ ਕਹਾਣੀ ਵਰਗਾ ਰਸ ਹੈ-

ਗ਼ਦਰੀ ਬਾਬਿਆਂ ਨੂੰ ਦੇਸ਼ ਭਗਤ ਕਿਹਾ ਜਾਂਦਾ ਸੀ। ਭਾਈ ਸੱਫਾ ਸਿੰਘ ਜਿਹੜਾ ਕਿ ਮਜ਼ਬੀ ਸਿੱਖ ਸੀ, ਉਹ ਵੀ ਕੈਨੇਡਾ ਚਲਾ ਗਿਆ। ਅੰਗਰੇਜ਼ੀ ਚੰਗੀ ਬੋਲ ਲੈਂਦਾ ਸੀ। ਦੇਸ਼ ਦੀ ਆਜ਼ਾਦੀ ਲਈ ਗ਼ਦਰੀ ਬਾਬੇ ਜਦੋਂ ਵਾਪਸ ਆਏ ਤਾਂ ਉਨ੍ਹਾਂ ਵਿਚ ਭਾਈ ਸੱਫਾ ਸਿੰਘ ਵੀ ਸੀ। (ਸਫ਼ਾ ੭੭)

ਇਨ੍ਹਾਂ ਬਾਰੇ ਜ਼ਿਆਦਾ ਚਰਚਾ ਨਾ ਹੋਣ ਕਰਕੇ ਬਾਬਾ ਜੀ ਅਫਸੋਸ ਕਰਦੇ ਹਨ-

ਉਹ ਨੇਕ ਬੰਦੇ ਅਜਿਹੇ ਸਨ ਜਿਨ੍ਹਾਂ ਨੂੰ ਖਰੀਦ ਨਹੀਂ ਸਕੇ। ਉਸ ਬਿਲਗੇ ਦੇ ਇਨਸਾਨ ਨੇ ਆਪਣੀ ਜ਼ਿੰਦਗੀ ਅਤੇ ਗਰੀਬੀ ਵਿਚ ਬਸਰ ਕੀਤੀ। ਇਸ ਇਨਸਾਨ ਬਾਰੇ ਮੈਨੂੰ ਥੋੜ੍ਹਾ ਇਸ ਗੱਲ ਦਾ ਗਿਲਾ ਹੈ ਕਿ ਜਿਥੇ ਨਜ਼ਰਬੰਦੀ ਦਾ ਜ਼ਿਕਰ ਆਇਆ ਹੈ, ਉਥੇ ਇਨ੍ਹਾਂ ਲੋਕਾਂ ਦਾ ਜ਼ਿਕਰ ਨਹੀਂ ਆਇਆ। ਮੈਂ ਇਹ ਗੱਲ ਇਸ ਕਰਕੇ ਨਹੀਂ ਕਰਦਾ ਕਿ ਉਹ ਮੇਰੇ ਪਿੰਡ ਦਾ ਸੀ। ਅਸਲ ਵਿਚ ਜ਼ਿਆਦਾ ਖੋਜ ਅੰਮ੍ਰਿਤਸਰ ਤੇ ਲਾਹੌਰ ਦੀ ਹੋਈ। ਲਾਹੌਰ ਦੇ ਆਲੇ ਦੁਆਲੇ? ਲੁਧਿਆਣੇ, ਫਿਰੋਜ਼ਪੁਰ ਅਤੇ ਜਲੰਧਰ ਪਿੰਡਾਂ ਤੱਕ ਨਹੀਂ ਅਪੜੇ।

ਛੂਤ-ਛਾਤ ਦੇ ਖਿਲਾਫ ਉਨ੍ਹਾਂ ਨੂੰ ਪਹਿਲੀ ਗੁੜ੍ਹਤੀ ਸਿੰਧੀ ਵਪਾਰੀਆਂ ਤੋਂ ਮਿਲਦੀ ਹੈ। ਜਦੋਂ ਬਾਬਾ ਜੀ ਸਮੁੰਦਰੀ ਜਹਾਜ ਵਿਚ ਚਿੱਲੀ ਜਾ ਰਹੇ ਹਨ ਤਾਂ ਸਮੁੰਦਰ ਵਿਚ ਤੂਫਾਨ ਆ ਜਾਂਦਾ ਹੈ ਤਾਂ ਉਥੇ ਖਾਣ-ਪੀਣ ਦੀ ਸਮੱਸਿਆ ਪੈਦਾ ਹੁੰਦੀ ਹੈ ਤਾਂ ਸਿੰਧੀ ਆਕਦੇ ਹਨ।

"ਖਾਓ-ਪੀਓ ਮੌਜ ਕਰੋ ਤੇ ਛੂਤ-ਛਾਤ ਉਥੇ ਹੀ ਛੱਡ ਆਇਓ, ਕਲਕੱਤੇ ਤੋਂ ਪਰੇ।" (ਸਫ਼ਾ ੮੦)

ਚੀਨ, ਹਾਂਗਕਾਂਗ, ਸਿੰਘਾਪੁਰ, ਮਲੇਸ਼ੀਆ ਦੇ ਜੀਵਨ ਨੂੰ ਬਿਆਨ ਕਰਕੇ ਪੰਜਾਬੀਆਂ ਦੀ ਹਾਲਾਤ ਬਾਰੇ ਜਾਣਕਾਰੀ ਦਿੰਦੇ ਹਨ।

ਮਨੁੱਖਤਾ ਦੇ ਸੁਨਹਿਰੇ ਭਵਿੱਖ ਲਈ ਸੰਘਰਸ਼ ਸ਼ੁਰੂ ਵਿਚ ਲੇਖਿਕਾ ਬੜੀ ਸੰਜੀਦਗੀ ਨਾਲ ਉਹਨਾਂ ਦਾ ਆਜ਼ਾਦੀ ਪ੍ਰਾਪਤੀ ਦੇ ਸੰਘਰਸ਼ ਬਿਆਨ ਕਰਦੀ ਹੈ ਤੇ ਪਾਠਕਾਂ ਨੂੰ ਜਾਣਕਾਰੀ ਭਰਪੂਰ ਸੂਚਨਾ ਮਿਲਦੀ ਹੈ ਕਿ ਇਨ੍ਹਾਂ ਗ਼ਦਰੀਆਂ, ਕਿਰਤੀਆਂ ਨੇ ਕਿੰਨੇ ਜਫਰ ਜਾਲ ਕੇ ਆਜ਼ਾਦੀ ਪ੍ਰਾਪਤ ਕੀਤੀ। ਹਿੰਦੁਸਤਾਨੀ ਭਾਈਚਾਰੇ ਨੂੰ ਜਾਗ੍ਰਤ ਕਰਨ ਲਈ "ਲਾਲ ਢੰਡੋਰਾ" ਤੇ "ਲਾਲ ਝੰਡਾ" ਪਰਚਾ ਕੱਢ ਕੇ ਚੇਤਨ ਕਰਦੇ ਰਹੇ। ਇਹ ਕੰਮ ਏਨਾ ਸੌਖਾ ਨਹੀਂ ਸੀ ਜਦੋਂ ਥਾਂ-ਥਾਂ ਸੀ. ਆਈ. ਡੀ ਤੇ ਪੁਲਸ ਤੁਰੀ ਫਿਰਦੀ ਹੋਵੇ।

ਬਾਬਾ ਜੀ ਵੀ ਇਹ ਪਰਚੇ ਪਿਸ਼ੌਰ ਤੋਂ ਦਿੱਲੀ ਤੱਕ ਪਹੁੰਚਾਉਣ ਦਾ ਕੰਮ ਕਰਦੇ ਰਹੇ। ਲਾਲ ਢੰਡੋਰਾ ਲਾਹੌਰ ਕਿਲੇ ਦੀਆਂ ਕੰਧਾਂ ਤੋਂ ਬਾਹਰਵਾਰ ਛਪਦਾ ਰਿਹਾ ਤੇ ਪੁਲਸ ਫੜਨ ਲਈ ਦਿੱਲੀ ਦੱਖਣ ਘੁੰਮਦੀ ਰਹੀ।

ਦੇਸ਼ ਦੀ ਆਜ਼ਾਦੀ ਖਾਤਰ ਬਾਬਾ ਬਿਲਗਾ ਲਾਹੌਰ ਦੇ ਸ਼ਾਹੀ ਕਿਲ੍ਹੇ ਤੇ ਕੈਂਬਲਪੁਰ ਜੇਲ੍ਹ ਵਿਚ ਵੀ ਰਹੇ। ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚ ਬੜੇ ਸਖ਼ਤ ਤਸੀਹੇ ਦਿੱਤੇ ਜਾਂਦੇ ਰਹੇ।

ਸਾਰੀ ਰਾਤ ਖੜੇ ਰੱਖਣਾ, ਕਈ ਦਿਨ ਸੌਣ ਹੀ ਨਾ ਦੇਂਦਾ, ਹੱਥੀਂ ਮਾਰ ਕੁਟਾਈ, ਪੁਠੀ ਹੱਥਕੜੀ, ਗਾਲੀ ਗਲੋਚ ਕਿਲ੍ਹੇ ਦੇ ਇਨ੍ਹਾਂ ਦੋ ਮਹੀਨਿਆਂ ਨੂੰ ਦੁਨੀਆਂ ਦਾ ਦੋਜ਼ਖ ਕਿਹਾ ਜਾ ਸਕਦਾ ਸੀ। ਕੇਵਲ ਇਕ ਘੜੀ ਪਾਣੀ ਦੀ ਮਿਲਦੀ ਸੀ। ਅੰਦਰ ਹੀ ਟੱਟੀ ਪਿਸ਼ਾਬ। ਸਫਾ ੧੦੫

ਉਨ੍ਹਾਂ ਨੂੰ ਜਿਹੜੀ ਵੀ ਜ਼ਿੰਮੇਵਾਰੀ ਸੌਂਪੀ ਜਾਂਦੀ ਬੜੀ ਲਗਨ, ਮਿਹਨਤ ਦੇ ਦ੍ਰਿੜ ਇਰਾਦੇ ਨਾਲ ਕਰਦੇ। ਪਰ ਉਹ ਗ਼ਲਤ ਗੱਲ ਬਰਦਾਸ਼ਤ ਨਹੀਂ ਕਰਦੇ ਸਨ। ਉਨ੍ਹਾਂ ਨੇ 'ਕਿਰਤੀ ਪਾਰਟੀ' ਦੀ ਸਾਖ ਮਜ਼ਬੂਤ ਕਰਨ ਵਿਚ ਅਹਿਮ ਰੋਲ ਅਦਾ ਕੀਤਾ। ਪਿੰਡਾਂ ਵਿਚ ੭੬-੭੬ ਜਲਸੇ ਕੀਤੇ ਜਾਂਣੇ। ਬਾਬਾ ਜੀ ਦੀ ਜਥੇਬੰਦਕ ਸੂਝ-ਬੂਝ ਦੀ ਨਿਸ਼ਾਨੀ ਸੀ। ਪੰਜਾਬ ਕਿਸਾਨ ਕਮੇਟੀ ਦੇ ਜਨਰਲ ਸਕੱਤਰ ਬਣ ਕੇ ਡੈਮੋਕ੍ਰੇਟਿਕ ਤਰੀਕਾ ਅਪਣਾਇਆ। ਇਹ ਉਹ ਵੇਲਾ ਸੀ ਜਦੋਂ ਕਾਂਗਰਸ, ਅਕਾਲੀ ਤੇ ਕਮਿਊਨਿਟਸ ਇਕੱਠੇ ਹੋ ਕੇ ਦੇਸ਼ ਦੀ ਆਜ਼ਾਦੀ



Namdhari Elibrary NamdhariElibrary@gmail.com

ਲਈ ਲੜ ਰਹੇ ਸਨ। ਅੱਜ ਵਾਂਗ ਉਦੋਂ ਵੀ 'ਵੱਡੇ ਲੀਡਰ' ਵਰਕਰਾਂ ਉਪਰ ਆਪਣੀ ਗੱਲ ਥੋਪਦੇ ਸਨ ਤੇ ਜੇਕਰ ਉਸਦਾ ਵਿਰੋਧ ਕੀਤਾ ਜਾਂਦਾ ਤਾਂ ਅੱਜ ਵਾਂਗ ਹੀ ਮੱਖਣ 'ਚੋਂ ਵਾਲ ਵਾਂਗ ਬਾਹਰ ਕੱਢ ਦਿੱਤਾ ਜਾਂਦਾ ਸੀ। ਜਦੋਂ ੧੯੩੬ ਵਿਚ ਅਸੰਬਲੀ ਚੋਣਾਂ ਵਿਚ ਪਾਰਟੀ ਦੀ ਮੰਦੀ ਕਾਰਗੁਜ਼ਾਰੀ ਲਈ ਡਾਕਟਰ ਅਧਿਕਾਰੀ ਪਾਰਟੀ ਮੈਂਬਰਾਂ ਨੂੰ ਆਖਦਾ ਹੈ ਕਿ ਤੁਸੀਂ ਪਾਰਟੀ ਨੀਤੀ ਲੋਕਾਂ ਤੱਕ ਨਹੀਂ ਲਿਜਾ ਸਕੇ। ਇਸ ਲਈ ਹਾਰ ਹੋਈ ਹੈ ਤਾਂ ਬਿਲਗਾ ਜੀ ਨੇ ਸਲਿੱਪ ਭੇਜ ਕੇ ਕਿਹਾ ਕਿ ਪਿਉਪਲ ਵਾਰ ਅਤੇ ਮੁਸਲਮ ਕੌਮੀ ਘੱਟ ਗਿਣਤੀ ਦੇ ਸਿਧਾਂਤਾਂ ਨੂੰ ਲੋਕਾਂ ਨੇ ਪ੍ਰਵਾਨ ਨਹੀਂ ਕੀਤਾ। ਇਸ ਲਈ ਹਾਰ ਹੋਈ ਹੈ। ਇਸ ਤੇ ਡਾਕਟਰ ਅਧਿਕਾਰੀ ਗੁੱਸੇ 'ਚ ਆ ਗਿਆ ਤੇ ਕਹਿਣ ਲੱਗਾ-

"ਮਾਲੂਮ ਹੋਤਾ ਹੈ ਪਾਕਿਸਤਾਨ ਕਾ ਲਫ਼ਜ਼ ਤੁਮ੍ਹਾਰੇ ਗਲੇ ਸੇ ਨੀਚੇ ਨਹੀਂ ਉਤਰਤਾ"

ਬਾਬਾ ਬਿਲਗਾ ਜੀ ਨੇ ਫਿਰ ਠੋਕ ਕੇ ਕਿਹਾ-

"ਅਕੇਲੇ ਮੇਰੇ ਗਲੇ ਸੇ ਹੀ ਨਹੀਂ ਲੋਗੋਂ ਕੇ ਗਲੇ ਸੇ ਭੀ ਨਹੀਂ ਉਤਰਤਾ"

ਇਸ ਕਰਕੇ ਉਹਨਾਂ ਦੀ ਪਾਰਟੀ 'ਚੋਂ ਪੂਰੀ ਛੁਟੀ ਹੋ ਗਈ ਤਾਂ ਘਰ ਭੇਜ ਦਿੱਤਾ ਗਿਆ। ਬਿਲਗਾ ਜੀ ਵਿਚ ਸੱਚ ਨੂੰ ਸੱਚ ਕਹਿਣ ਦੀ ਜ਼ੁਰੂਰਤ ਸੀ। ਬਾਅਦ ਵਿਚ ਜਾ ਕੇ ਪਾਰਟੀ ਵਾਲਿਆਂ ਨੂੰ ਪਤਾ ਲੱਗਾ ਕਿ ਬਿਲਗਾ ਜੀ ਦੀ ਗੱਲ ਠੀਕ ਸੀ।

ਦੇਸ਼ ਭਗਤਾਂ ਦੀ ਯਾਦਗਾਰ ਦੇ ਸਾਥੀਆਂ ਦੇ ਸੁਪਨੇ ਨੂੰ ਬਿਲਗਾ ਜੀ ਨੇ ਲਗਨ ਨਾਲ ਨੇਪਰੇ ਚਾੜ੍ਹਿਆ ਜੋ ਕਿ ਅੱਜ ਸਰਕਾਰਾਂ ਤੱਕ ਆਵਾਜ਼ ਪੁਚਾਣ ਦਾ ਕੇਂਦਰੀ ਸਥਾਨ ਤੇ ਬੁੱਧੀਜੀਵਿਆਂ ਦੀਆਂ ਮਜਲਸਾਂ ਦਾ ਕੇਂਦਰ ਹੈ। ਇਹ ਯਾਦਗਾਰ ਭਾਵੇਂ ਪਹਿਲਾਂ ਅੰਮ੍ਰਿਤਸਰ ਕੋਲ ਬਣਨੀ ਸੀ ਤੇ ਵੰਡ ਸਦਕੇ ਗੁਣਾ ਜਲੰਧਰ ਤੇ ਪਿਆ। ਮੁਖ ਜ਼ਿੰਮੇਵਾਰੀ ਭਾਵੇਂ ਬਾਬਾ ਗੁਰਮੁਖ ਸਿੰਘ ਨੂੰ ਸੌਂਪੀ ਗਈ ਤੇ ਬਾਬਾ ਬਿਲਗਾ ਜੀ ਸਹਾਇਕ ਸਨ। ਪਰ ਬਾਬਾ ਜੀ ਲਗਨ, "ਮਿਹਨਤ ਸਦਕਾ ਇਹ ਆਜ਼ਾਦੀ ਦੇ ਪ੍ਰਵਾਨਿਆਂ ਦਾ ਮੱਕਾ ਕਿਹਾ ਜਾ ਸਕਦਾ ਹੈ।

ਦੇਸ਼ ਆਜ਼ਾਦ ਹੋ ਗਿਆ। ਆਜ਼ਾਦੀ ਤੋਂ ਬਾਅਦ ਦੀ ਹਾਲਤ 'ਤੇ ਉਨ੍ਹਾਂ ਦੀ ਚਿੰਤਾ ਹੋਰ ਵੱਧ ਗਈ ਕਿਉਂਕਿ ਦੇਸ਼ ਨੂੰ ਚਲਾਉਣ ਵਾਲੇ ਹੀ ਇਸਨੂੰ ਖਾ ਰਹੇ ਸਨ। ਇਨ੍ਹਾਂ ਸਮੱਸਿਆਵਾਂ ਬਾਰੇ ਨਵਾਂ ਜ਼ਮਾਨਾ 'ਚ ਪ੍ਰਕਾਸ਼ਤ ਹੋਏ ਉਨ੍ਹਾਂ ਦੇ ਲੇਖ ਬੜੇ ਵਿਸਥਾਰ ਨਾਲ ਚਾਨਣਾ ਪਾਉਂਦੇ ਹਨ। ਉਹ ਆਪ ਦੇ ਭਾਸ਼ਨਾਂ ਵਿਚ ਚਿੰਤਾ ਪ੍ਰਗਟ ਕਰਦੇ ਆਖਦੇ ਹਨ:-

ਜਦੋਂ ਮੈਂ ਇਹ ਸੋਚਦਾ ਹਾਂ ਕਿ ਮੇਰੇ ਦੇਸ਼ ਦੇ ਹਾਕਮ ਦੇਸ਼ ਨੂੰ ਲੁੱਟੀ ਜਾਂਦੇ ਹਨ ਤੇ ਮੇਰਾ ਦੇਸ਼ ਤਬਾਹ ਹੋ ਰਿਹਾ ਹੈ ਤਾਂ ਢਾਰਸ ਅੱਜ ਦੇ ਨੌਜਵਾਨ ਬੱਚਿਆਂ ਤੋਂ ਬੱਝਦੀ ਹੈ। ਅੱਜ ਦੇ ਇਹ ਨੌਜੁਆਨ ਸਮਝਣ ਕਿ ਉਹ ਉਨ੍ਹਾਂ ਗ਼ਦਰੀ ਬਾਬਿਆਂ ਦੇ ਵਾਰਿਸ ਹਨ ਜਿਨ੍ਹਾਂ ਦੀ ਕਹਿਣੀ ਤੇ ਕਰਨੀ ਇਕ ਸੀ। ਰਿਸ਼ਵਤਖੋਰੀ ਵਧੀ ਹੈ। ਗਰੀਬੀ ਤੇ ਕੁਕਰਮ ਵਧੇ ਹਨ। ਨੌਜੁਆਨਾਂ ਤੋਂ ਬਿਨਾਂ ਹੋਰ ਕੋਈ ਤਾਕਤ ਨਹੀਂ ਜਿਹੜੀ ਇਨਾਂ ਬਿਮਾਰੀਆਂ ਨੂੰ ਰੋਕ ਸਕੇ। ਇਕ ਬਸ ਨੌਜੁਆਨੋ, ਤੁਹਾਡੇ ਨਾਲ ਹੀ ਆਜ਼ਾਦੀ ਹੈ, ਇਨਸਾਨੀਅਤ ਹੈ।

ਇਹ ਬਾਬਾ ਜੀ ਦਾ ਸੰਦੇਸ਼ ਹੈ ਨੌਜੁਆਨਾਂ ਦੇ ਨਾਂ, ਦੇਸ਼ਵਾਸੀਆਂ ਦੇ ਨਾਂ ਜਿਸ ਉਪਰ ਚੱਲਣ ਦੀ ਜ਼ਰੂਰਤ ਹੈ। ਕਹਿਣੀ ਤੇ ਕਰਨੀ ਇਕ ਕਰਨ ਦੀ ਸਮੇਂ ਦੀ ਮੰਗ ਹੈ।

ਡਾ. ਜਸਬੀਰ ਕੌਰ ਗਿੱਲ ਨੇ ਬਾਬਾ ਬਿਲਗਾ ਜੀ ਦੀ ਜੀਵਨੀ ਲਿਖ ਕੇ ਵੱਡਮੁੱਲਾ ਕਾਰਜ ਕੀਤਾ ਹੈ, ਜਿਹੜੀ ਪੰਜਾਬੀਆਂ ਨੂੰ ਸੇਧ ਦੇ ਸਕਦੀ ਹੈ। ਛੋਟੇ ਛੋਟੇ ਵਾਕਾਂ ਰਾਹੀਂ ਤੇ ਕਿਧਰੇ ਮਿਸ਼ਰਤ ਵਾਕਾਂ ਰਾਹੀਂ ਬਾਬਾ ਜੀ ਦੇ ਜੀਵਨ ਬਿਰਤਾਂਤ ਨੂੰ ਪੇਸ਼ ਕੀਤਾ ਹੈ। ਭਾਸ਼ਾ ਉਪਰ ਮਜ਼ਬੂਤ ਪਕੜ ਹੈ। ਇਸ ਪੁਸਤਕ ਭਾਸ਼ਾ ਨਿਰੋਲ ਕੇਂਦਰੀ ਪੰਜਾਬੀ ਹੋਣ ਦੇ ਨਾਲ ਨਾਲ ਉਰਦੂ ਤੇ ਅੰਗਰੇਜ਼ੀ ਦੇ ਸ਼ਬਦਾਂ ਦੀ ਭਰਮਾਰ ਹੈ ਜੋ ਬਹੁਤ ਰੜਕਦੇ ਨਹੀਂ ਕਿਉਂਕਿ ਪੰਜਾਬੀ ਭਾਸ਼ਾ 'ਚ ਸਮਾਏ ਹੋਏ ਹਨ। ਇਸ ਸ਼ਬਦ ਬੁਣਤੀ ਰਾਹੀਂ ਬਾਬਾ ਬਿਲਗਾ ਜੀ ਦੀ ਸੱਚੀ-ਸੁਚੀ ਸ਼ਖਸੀਅਤ ਨੂੰ ਉਭਾਰਿਆ ਗਿਆ ਹੈ।

## ਕਾਮਰੇਡ ਸ਼ੀਲਾ ਦੀਦੀ

ਉਘੀ ਸੰਗਰਾਮੀ ਸ਼ਖਸੀਅਤ, ਸੀਨੀਅਰ ਐਡਵੋਕੇਟ, ਸਿਆਸੀ ਤੇ ਸਮਾਜੀ ਹਸਤੀ, 'ਪ੍ਰੀਤ ਲੜੀ' ਮਾਸਿਕ ਦੀ ਸੰਪਾਦਕ ਬੀਬਾ ਪੂਨਮ ਦੀ ਬਜ਼ੁਰਗ ਮਾਤਾ, ਕਾਮਰੇਡ ਸ਼ੀਲਾ ਦੀਦੀ ਜੀ ਸੰਸਾਰ ਯਾਤਰਾ ਪੂਰੀ ਕਰ ਗਏ ਹਨ। ਉਹ ਜਨਮੇ ਤਾਂ ਕੀਨੀਆ ਵਿਚ ਸਨ, ਪਰ ਕਰਮ ਖੇਤਰ ਪੰਜਾਬ ਨੂੰ ਬਣਾਇਆ। ਕਾਮਰੇਡ ਮਦਨ ਲਾਲ ਦੀਦੀ ਅਤੇ ਸ਼ੀਲਾ ਦੀਦੀ ਦੀ ਜੋੜੀ ਇਕ ਆਦਰਸ਼ਕ ਜੋੜੀ ਸੀ। ਗਰੀਬ ਲੋਕਾਂ ਦੇ ਹੱਕ ਵਿਚ ਸਦਾ ਸੰਘਰਸ਼ਸ਼ੀਲ।

ਇਸ ਫਖਰਯੋਗ ਮਾਂ ਦੇ ਦੇਹਾਂਤ ਉਤੇ ਬੀਬਾ ਪੂਨਮ ਜੀ ਅਤੇ ਪ੍ਰੀਤਲੜੀ ਨਾਲ ਡੂੰਘੀ ਹਮਦਰਦੀ ਹੈ।

*—ਜਗਦੀਸ਼ ਸਿੰਘ ਵਰਿਆਮ*



Namdhari Elibrary NamdhariElibrary@gmail.com

# ਪ੍ਰਤੀਕਿਰਿਆ

ਵਰਿਆਮ ਦਾ ਸਤਿਗੁਰੂ ਜਗਜੀਤ ਸਿੰਘ ਵਿਸ਼ੇਸ਼ ਅੰਕ ਪ੍ਰਾਪਤ ਹੋਇਆ। ਧੰਨਵਾਦ! ੩੬ ਸਾਲ ਨਿਰੰਤਰ 'ਵਰਿਆਮ' ਰਾਹੀਂ ਆਪ ਜੀ ਨੇ ਸਾਹਿਤਕ ਪੱਤਰਕਾਰੀ ਦੀ ਸੇਵਾ ਕੀਤੀ ਹੈ ਉਹ ਵੀ ਨਰੋਈਆਂ ਮਨੁੱਖੀ ਕਦਰਾਂ ਕੀਮਤਾਂ ਅਤੇ ਨਾਮਧਾਰੀ ਮਿਸ਼ਨ ਦੇ ਪ੍ਰਚਾਰ ਅਤੇ ਪਾਸਾਰ ਲਈ। ਮੈਨੂੰ ਇਸ ਗੱਲ ਦੀ ਖੁਸ਼ੀ ਅਤੇ ਤਸੱਲੀ ਹੈ ਕਿ ਵਰਿਆਮ ਨਾਲ ਬੜੀ ਉਚ ਕੋਟੀ ਦੀਆਂ ਸਾਹਿਤ ਸਖ਼ਸ਼ੀਅਤਾਂ ਜੁੜੀਆਂ ਰਹੀਆਂ ਹਨ। ਕੁਝ ਅਭੁੱਲ ਸਾਹਿਤਕਾਰ ਮਿਤਰਾਂ ਦਾ ਜੋ ਸਾਡੇ ਵਿਚਕਾਰ ਨਹੀਂ ਰਹੇ ਦਾ ਜ਼ਿਕਰ ਤੁਸੀਂ ਸੰਪਾਦਕੀ ਵਿਚ ਕੀਤਾ ਵੀ ਹੈ। ਇਸ ਅੰਕ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਖ਼ਸ਼ੀਅਤ ਅਤੇ ਕੀਰਤੀ ਬਾਰੇ ਚੰਗੀ ਉਚ-ਪਾਏ ਦੇ ਨਿਬੰਧ ਸੰਪਾਦ ਕੀਤੇ ਗਏ ਹਨ। ਪਰਚਾ ਤੁਸੀਂ ਨਿਰੰਤਰ ਭੇਜ ਰਹੇ ਹੋ ਧੰਨਵਾਦ!

*-ਤੇਜਵੰਤ ਮਾਨ (ਡਾ.)*

ਭਾਸ਼ਾ ਵਿਭਾਗ, ਪੰਜਾਬ ਵੱਲੋਂ ਮਿਲੇ ਪੁਰਸਕਾਰ ਲਈ ਬਹੁਤ-ਬਹੁਤ ਵਧਾਈ! ਪਰਮਾਤਮਾ ਆਪ ਜੀ ਨੂੰ ਹਮੇਸ਼ਾ ਚੜ੍ਹਦੀ ਕਲਾ 'ਚ ਰੱਖੇ। ਦੇਹ ਅਰੋਗਤਾ ਤੇ ਦੀਰਘ ਆਯੂ ਬਖ਼ਸ਼ੇ।

*—ਹਰਨੇਕ ਸਿੰਘ ਕੋਮਲ, ਮਲੋਟ*

ਭਾਸ਼ਾ ਵਿਭਾਗ ਪੰਜਾਬ ਵੱਲੋਂ 'ਸ੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ ਪੁਰਸਕਾਰ' ਲਈ ਤੁਹਾਡੀ ਚੋਣ ਨੂੰ ਜੀ ਆਇਆਂ। ਮੁਬਾਰਿਕਬਾਦ ਕਬੂਲ ਕਰੋ!

*—ਪ੍ਰੇਮ ਸਿੰਘ ਬਜਾਜ ਲੁਧਿਆਣਾ*

ਅੱਜ ੧੫ ਨਵੰਬਰ ਸੀ। ਸੋਚ ਰਹੀ ਸਾਂ ਕਿ ਪਤਾ ਨਹੀਂ ਐਸ ਵਾਰੀ ਵਰਿਆਮ ਕਿਉਂ ਨਹੀਂ ਆਇਆ। ਹਰ ਮਹੀਨੇ ਦੀ ਪਹਿਲੀ ਤਰੀਕ ਤਕ ਪੁਜਣ ਵਾਲਾ ਵਰਿਆਮ ਲੇਟ ਕਿਉਂ ਹੋਇਆ। ਕਦੀ ਇੰਜ ਹੁੰਦਾ ਤੇ ਨਹੀਂ ਤੇ ਦੁਪਹਿਰ ਵੇਲੇ ਈ ਪੋਸਟਮੈਨ ਦਰਵਾਜ਼ਾ ਖੜਕਾ ਕੇ ਕਿਹਾ ਕਿ, ਇਹ ਵਰਿਆਮ ਲੈ ਲਵੋ। ਕਿਉਂਕਿ ਪੋਸਟਮੈਨ ਨੂੰ ਖਾਸ ਕਰਕੇ ਕਿਹਾ ਗਿਆ ਹੋਇਆ ਹੈ ਕਿ ਮੇਰਾ ਸਤਿਜੁਗ ਤੇ ਵਰਿਆਮ ਤੇ ਵਰਤਮਾਨ ਹਿੰਦੁਸਤਾਨ ਇਹ ਤਿੰਨੋ ਪਰਚੇ ਨੀਚੇ ਨਹੀਂ ਸੁੱਟ ਕੇ ਜਾਣੇ ਕਿਉਂਕਿ ਇਸ ਵਿਚ ਮੇਰੇ ਸਤਿਗੁਰਾਂ ਦੀਆਂ ਤਸਵੀਰਾਂ ਹੁੰਦੀਆਂ ਨੇ। ਸੋ ਨਵੰਬਰ ਅੰਕ ਪ੍ਰਾਪਤ ਹੋਇਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਿਸ਼ੇਸ਼ ਅੰਕ ਦੁਪਹਿਰ ਤੋਂ ਰਾਤ ਤਕ ਕਰੀਬ ਸਾਰਾ ਈ ਪੜ੍ਹ ਲਿਆ। ਸਭ ਤੋਂ ਪਹਿਲਾਂ ਤਾਂ ਅਸੀਂ ਉਸ ਵਰਿਆਮ ਵੀਰੇ ਨੂੰ ਵਧਾਈ ਦਿੰਦੇ ਹਾਂ ਜਿਸ ਦੀ ਸਾਰੀ ਉਮਰ ਦੀ ਮਿਹਨਤ ਦੀ ਕਦਰ ਪਾਈ ਗਈ ਹੈ। ਭਾਵੇਂ ਸਮੇਂ-ਸਮੇਂ ਤੇ ਬਹੁਤ ਸਾਰੇ ਸਨਮਾਨ ਮਿਲਦੇ ਰਹੇ ਹਨ। ਪਰ ਪੰਜਾਬ ਸਰਕਾਰ ਵਲੋਂ ਭਾਸ਼ਾ ਵਿਭਾਗ ਦੇ ਮਾਧਿਅਮ ਰਾਹੀਂ-ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ ਪੁਰਸਕਾਰ ਵਾਸਤੇ ਚੁਣਿਆ ਗਿਆ ਹੈ। ਤੁਸੀਂ ਸਚੀ ਹੀ ਇਸ ਪੁਰਸਕਾਰ ਦੇ ਹੱਕਦਾਰ ਹੋ। ਤੁਸੀਂ ਸਰਬ ਗੁਣ ਸੰਪੂਰਨ ਹੋ ਤੇ ਸਚੇ ਪਾਤਸ਼ਾਹ ਜੀ ਦੀ ਵੀ ਤੁਹਾਡੇ ਤੇ ਭਰਪੂਰ ਕ੍ਰਿਪਾ ਹੈ। ਤਾਂ ਹੀ ਤਾਂ ਵਰਿਆਮ ਆਖਦੇ ਨੇ ਤੁਹਾਨੂੰ। ਭਾਵੇਂ ਅਸੀਂ ਉਸ ਦਿਨ ੨੨ ਅਕਤੂਬਰ ਨੂੰ ਆਪ ਜੀ ਨੂੰ ਦਿੱਲੀ ਦੇ ਪੰਜਾਬੀ ਭਵਨ ਵਿਚ ਭੈਣ ਜਸਪਾਲ ਕੌਰ ਟਰੱਸਟ ਦੇ ਸਮਾਗਮ ਦੌਰਾਨ ਮਿਲੇ ਸਾਂ ਤੇ ਬਹੁਤ ਸਾਰੀਆਂ ਵਧਾਈਆਂ ਵੀ ਦਿੱਤੀਆਂ ਸਨ, ਪਰ ਲਿਖਾਰੀਆਂ ਦੀਆਂ ਕਲਮਾਂ ਵੀ ਤਾਂ ਐਸੇ ਸੁਭਾਗੇ ਸਮੇਂ ਕੁਝ ਲਿਖਣਾ ਲੋਚਦੀਆਂ ਹਨ। ਸੋ ਇਹ ਵਧਾਈਆਂ ਸਾਡੇ ਸਤਿਗੁਰਾਂ ਨੂੰ, ਤੇ ਸਾਨੂੰ ਵੀ ਹਨ। ਜੇਕਰ ਅਸੀਂ ਵਰਿਆਮ ਦੇ ਅੱਜ ਤੋਂ ੩੬-੩੭ ਸਾਲ ਪਹਿਲਾਂ ਮੈਂਬਰ ਜਾਂ ਪਾਠਕ ਨਾ ਬਣੇ ਹੁੰਦੇ ਤਾਂ ਸਾਨੂੰ ਵੀ ਕਿਥੇ ਕੁਝ ਲਿਖਣਾ ਆ ਜਾਣਾ ਸੀ। ਸੋ ਹੋਏ ਨਾ ਸਾਰੇ ਪਾਠਕ ਵੀ ਵਧਾਈ ਦੇ ਪਾਤਰ। ਕੇਵਲ ਵਰਿਆਮ ਅੰਕ ਕੱਢ ਲੈਣਾ ਈ, ਜਾਂ ਚਲਾ ਲੈਣਾ ਈ, ਤੁਹਾਡਾ ਮਕਸਦ ਨਹੀਂ ਸਗੋਂ ਸਾਨੂੰ ਸਾਡੀ ਉਮਰ ਦਾ ਬਹੁਤ ਵੱਡਾ ਹਿੱਸਾ ਜੀ ਲੈਣ ਦੀ ਪ੍ਰੇਰਨਾ ਵੀ ਦਿੰਦਾ ਰਿਹਾ ਹੈ। ਕਿਉਂਕਿ ਜੋ ਸਿਰਮੌਰ ਲੇਖਕਾਂ ਦੀ ਲੇਖਣੀ ਤੁਸੀਂ ਪਾਠਕਾਂ ਦੇ ਹੱਥ ਵਿਚ ਪੁਜਦੀ ਕਰਦੇ ਹੋ, ਸਾਡੇ ਕੋਲ ਹੋਰ ਕੋਈ ਮਾਧਿਅਮ ਨਹੀਂ ਹੈਗਾ ਇਤਨਾ ਕੁਝ ਪੜ੍ਹਨ ਦਾ। ਇਕ ਤੁਹਾਡੀ ਹੋਰ ਵੀ ਸਿਫਤ ਹੈ। ਬਹੁਤ ਕੁਝ ਲਿਖ ਕੇ ਸੁਚੱਜੀ ਜ਼ਨਾਨੀ ਵਾਂਗਰ ਸਮੇਟ ਵੀ ਸੁਖਾਲਾ ਈ ਲੈਂਦੇ ਉ। ਸੰਪਾਦਕੀ ਦੌਰਾਨ ਕੁੱਜੇ ਵਿਚ ਸਾਗਰ ਪਾ ਧਰਦੇ ਓ। ਤੁਹਾਡੇ ਸਿਰਮੌਰ ਲੇਖਕਾਂ ਨੂੰ ਮੇਰੇ ਵਲੋਂ ਸਤਿਕਾਰ ਭੇਟ ਹੈ। ਸਦਾ ਇਸੇ ਤਰਾਂ ਵਰਿਆਮ ਦਾ ਲੇਖਕਾਂ ਦਾ ਤੇ ਪਾਠਕਾਂ ਦਾ ਸਾਥ ਬਣਿਆ ਰਵੇ-ਚੜ੍ਹਦੀਆਂ ਕਲਾ ਹੋਵਣ, ਸਤਿਗੁਰਾਂ ਦੀਆਂ ਕ੍ਰਿਪਾਵਾਂ ਦੇ ਪਾਤਰ ਬਣ ਕੇ ਮਾਨ ਸਨਮਾਨ ਪ੍ਰਾਪਤ ਹੁੰਦੇ ਰਹਿਣ। ਤੁਸੀਂ ਬੀਬੀ ਸਿੰਦਰ ਕੌਰ ਦਿੱਲੀ ਵਲੋਂ ਲਿਖੀ ਸਾਚੀ ਸਾਖੀ ਨੂੰ ਵੀ ਪਰਚੇ ਵਿਚ ਸਥਾਨ ਦਿੱਤਾ। ਧੰਨਵਾਦ-

*—ਸਿੰਦਰ ਕੌਰ*
*੬-ਬੀ/੧੩ ਰਮੇਸ਼ ਨਗਰ, ਨਵੀਂ ਦਿੱਲੀ ੧੫*
*ਮੋ-੯੮੧੦੪-੧੩੯੫੪*

ਜਦੋਂ ਮੈਂ ਦੁਪਿਹਰ ਕੁ ਵੇਲੇ ਅਰਾਮ ਕਰ ਰਿਹਾ ਸੀ ਤਾਂ ਡਾਕੀਏ ਨੇ ਸਾਡੇ ਘਰ ਮੂਹਰੇ ਸਾਈਕਲ ਦੀ ਘੰਟੀ ਵਜਾ ਕੇ ਹਾਕ ਮਾਰੀ ਬਲਬੀਰ ਜੀ ਬਲਵੀਰ ਜੀ। ਮੈਂ ਦਰਵਾਜਾ ਖੋਲਿਆ ਤਾਂ ਡਾਕੀਏ ਨੇ ਵਰਿਆਮ ਰਸਾਲਾ ਮੇਰੇ ਹੱਥ ਫੜਾਇਆ ਤੇ ਅੱਗੇ ਡਾਕ ਦੇਣ ਸਾਈਕਲ ਤੇ ਤੁਰ ਪਿਆ। ਮੈਂ ਰਸਾਲੇ ਦਾ ਰੈਪਰ ਖੋਲ੍ਹ ਕੇ ਵਰਿਆਮ ਰਸਾਲਾ ਦੇਖਿਆ ਮਨ ਬਹੁਤ ਹੀ ਖੁਸ਼ ਹੋਇਆ। ਇਹ ਪੜ੍ਹਕੇ ਕਿ ਵਰਿਆਮ ਸੈਂਤੀਵੇਂ ਵਰ੍ਹੇ 'ਚ ਹੋ ਗਿਆ ਹੈ ਅਤੇ ਸਿੱਖਰ ਜੋਬਨ ਨੇ ਪਹੁੰਚ ਗਿਆ ਹੈ। ਇਸ ਦੀ ਦਿੱਖ ਵੀ ਸ਼ਲਾਘਾ ਯੋਗ ਹੈ। ਮੈਂ ਵਰਿਆਮ ਜੀ ਨੂੰ ਅਤੇ ਅਦਾਰਾ ਵਰਿਆਮ ਨੂੰ ਲੱਖ-ਲੱਖ ਵਧਾਈ ਦਿੰਦਾ ਹਾਂ।

ਵਰਿਆਮ ਵਿੱਚਲੇ ਲੇਖ, ਕਹਾਣੀਆਂ ਗਿਆਨ ਭਰਪੂਰ ਹੁੰਦੀਆਂ ਹਨ ਜਿਵੇਂ :-

ਫੋਕੀ ਫੂੰ ਫਾਂ ਦੀ ਲੇਖਕਾ ਡਾ. ਹਰਸ਼ਿੰਦਰ ਕੌਰ ਜੀ ਐਮ.ਡੀ. ਦਾ ਲੇਖ ਪੜ੍ਹਿਆ ਬਹੁਤ ਹੀ ਦਿਲ ਅਤੇ ਦਿਮਾਗ ਨੂੰ ਟੁੰਬਦਾ ਹੈ।



Namdhari Elibrary NamdhariElibrary@gmail.com

ਫੋਕੀ ਫੂੰ ਫਾਂ ਦੇ ਲੇਖ ਵਿਚ ਲੇਖਕਾ ਨੇ ਬਹੁਤ ਹੀ ਵਧੀਆਂ ਢੰਗ ਨਾਲ ਦਸਿਆ ਹੈ ਕਿ ਇਨਸਾਨ ਕਿੰਨਾ ਵੀ ਗਰੀਬ ਹੋਵੇ ਜਾਂ ਆਰਥਿਕ ਪੱਖੋਂ ਆਪਣੇ ਨਾਲੋਂ ਮਾੜਾ ਹੋਏ ਇਨਸਾਨੀਅਤ ਦੇ ਨਾਤੇ ਇਨਸਾਨ ਦੀ ਕਦਰ ਕਰਨੀ ਚਾਹੀਦੀ ਹੈ। ਅਤੇ ਉਸ ਵਾਹਿਗੁਰੂ ਕੋਲੋਂ, ਉਸ ਪ੍ਰਮਾਤਮਾ ਕੋਲੋਂ ਡਰਨਾ ਚਾਹੀਦਾ ਹੈ ਕਿ ਭਲਕੇ ਸਾਡੀ ਵੀ ਹਾਲਤ ਇਹੋ ਜਹੀ ਹੋ ਸਕਦੀ ਹੈ। ਆਪਣਾ ਕੰਮ ਆਪ ਕਰਨ ਨਾਲ ਆਪਣਾ ਪਨ ਨਹੀਂ ਜਾਂਦਾ। ਸਰੀਰਕ ਪੱਖੋਂ ਵੀ ਬੰਦਾ ਤੰਦਰੁਸਤ ਰਹਿੰਦਾ ਹੈ। ਮੈਂ ਇਹਨਾਂ ਦੇ ਲੇਖ ਵਰਿਆਮ ਵਿਚ ਪੜ੍ਹਦਾ ਰਹਿੰਦਾ ਹਾਂ। ਭਰਪੂਰ ਜਾਣਕਾਰੀ ਵਾਲੇ ਹੁੰਦੇ ਹਨ ਅਤੇ ਸੇਧ ਦੇਣ ਵਾਲੇ ਹੁੰਦੇ ਹਨ। ਮੈਂ ਇਹਨਾਂ ਨੂੰ ਵੀ ਸੈਂਤਵੀਂ ਹੋਣ ਤੇ ਵਧਾਈ ਦਿੰਦਾ ਹਾਂ।

ਇਸ ਦੇ ਨਾਲ-ਨਾਲ ਵਧਾਈਆਂ ਹੀ ਵਧਾਈਆਂ ਦੇ ਲੇਖਕ ਬਲਦੇਵ "ਮਾਧੋਪੁਰੀ" ਦਾ ਲੇਖ ਵੀ 'ਵਰਿਆਮ' ਬਾਰੇ ਭਰਪੂਰ ਜਾਣਕਾਰੀ ਦੇਣ ਯੋਗ ਹੈ। ਇਸ ਲੇਖ ਦਾ ਪਹਿਰਾ ਜੋ ਕਿ ਮੇਰੇ ਦਿਲ ਦੀਆਂ ਗਹਿਰਾਈਆਂ 'ਚ ਉਤਰਿਆ ਹੈ ਉਹ "ਖਿੱਲਰੇ ਪੱਤਰੇ" 'ਚੋਂ ਹੈ, ਪਾਕਿਸਤਾਨ 'ਚੋਂ ਉਜੜ ਕੇ ਇਧਰ ਆਉਣ ਦਾ ਹੈ-

"ਜਦ ਉਹ ਇਧਰ ਨੂੰ ਆਪਣੇ ਬਾਪ ਦੇ ਨਾਲ ਸਾਈਕਲ ਤੇ ਸਮਾਨ ਲੱਦ ਕੇ ਆ ਰਹੇ ਸਨ ਤਾਂ ਬਾਪ ਕੋਲੋਂ ਸਾਈਕਲ ਨਹੀਂ ਸੀ ਖਿੱਚਿਆ ਜਾ ਰਿਹਾ। ਜਗਦੀਸ਼ ਜੀ ਦੇ ਮਾਤਾ ਕੋਲ ਜਗਦੀਸ਼ ਜੀ ਦੀ ਛੋਟੀ ਭੈਣੀ ਸੀ। ਜੋ ਕਿ ਕੁਝ ਕੁ ਦਿਨਾਂ ਦੀ ਸੀ, ਮੈਂ ਚੁੱਕੀ ਨਹੀਂ ਜਾਂਦੀ ਸੀ। ਮਾਤਾ ਪਿੱਛੇ ਰਹਿ ਜਾਂਦੀ ਸੀ। ਬਾਪੂ ਜੀ ਨੇ ਖਿੱਝ ਕੇ ਕਿਹਾ ਸਿੱਟ ਦੇ ਇਹਨੂੰ।" ਮੈਂ ਸੋਚਣ ਤੇ ਮਜਬੂਰ ਹੋ ਗਿਆ। ਇਨਸਾਨ ਮੁਸੀਬਤ ਵੇਲੇ ਆਪਣੇ ਜਿਗਰ ਦੇ ਟੁਕੜੇ ਨੂੰ ਸੁਟਣ ਤੇ ਮਜਬੂਰ ਹੋ ਜਾਂਦਾ ਹੈ। ਬਲਦੇਵ 'ਮਾਧੋਪੁਰੀ' ਦਾ ਲੇਖ ਸ਼ਲਾਘਾ ਯੋਗ ਹੈ।

ਮੈਂ ਆਖਰ 'ਚ ਵਰਿਆਮ ਜੀ ਨੂੰ ੩੭ਵੇਂ ਸਾਲ 'ਚ ਪੁੱਜਣ ਤੇ ਲੱਖ-ਲੱਖ ਵਧਾਈ ਦਿੰਦਾ ਹਾਂ।

*—ਬਲਬੀਰ ਸਿੰਘ*
*ਤੂੰਗਲ ਗੇਟ, ਬੰਗਾ*
*ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ,*

ਪਹਿਲਾਂ ਅਸੀਂ ਵਰਿਆਮ ਦੇ ੩੭ਵੇਂ ਸਾਲ 'ਚ ਪ੍ਰਵੇਸ਼ ਕਰਨ ਤੇ ਜਗਦੀਸ਼ ਸਿੰਘ ਵਰਿਆਮ ਅਤੇ ਸਮੂਹ ਅਦਾਰਾ 'ਵਰਿਆਮ' ਦੇ ਪ੍ਰਬੰਧਕਾਂ ਨੂੰ ਵਧਾਈ ਦਿੰਦੇ ਹਾਂ। ਵਰਿਆਮ ਲੇਖਣੀ ਪੱਖੋਂ, ਬਹੁਤ ਹੀ ਵਧੀਆ, ਛਪਾਈ, ਪੇਪਰ ਅਤੇ ਮੈਟਰ ਦੀ ਸੈਟਿੰਗ ਬਹੁਤ ਹੀ ਸ਼ਲਾਘਾ ਯੋਗ ਹੈ।

ਇਸ ਵਿੱਚ ਦਿੱਤੇ ਹੋਏ ਲੇਖ, ਕਵਿਤਾਵਾਂ, ਸੰਪਾਦਕੀ ਇਨਸਾਨ ਨੂੰ ਜੀਵਨ ਦੀ ਸਹੀ ਜਾਚ ਸਿਖਾਲਦੇ ਹਨ।

ਵਾਹ ਜੀ ਵਾਹ, ਵਧਾਈਆਂ ਹੀ ਵਧਾਈਆਂ ਦਾ ਲੇਖਕ "ਮਾਧੋਪੁਰੀ" ਆਪਣੇ ਲੇਖ 'ਚ ਅਦਾਰਾ ਵਰਿਆਮ ਬਾਰੇ ਭਰਪੂਰ ਜਾਣਕਾਰੀ ਦਿੰਦਾ ਹੈ। ਇਝ ਜਾਪਦਾ ਹੈ ਕਿ ਲੇਖਕ ਵਰਿਆਮ ਅਦਾਰੇ ਨਾਲ ਮੁੱਢ ਤੋਂ ਬੱਝਾ ਹੋਇਆ ਹੈ। ਜੋ ਕਿ ਇਨੀ ਬਰੀਕੀ ਨਾਲ ਲੇਖ ਰਾਹੀਂ ਵਰਿਆਮ ਬਾਰੇ ਜਾਣਕਾਰੀ ਦਿੰਦਾ ਹੈ।

'ਚਿੱਟੇ ਹੰਸ ਇਹ ਮਾਨ ਸਰੋਵਰਾਂ ਦੇ' ਨਾਮ ਦੀ ਕਵਿਤਾ ਦੀ ਲੇਖਕਾ ਬੀਬੀ ਅਮਰਜੀਤ ਕੌਰ 'ਹਿਰਦੇ' ਨੇ ਆਪਣੇ ਹਿਰਦੇ ਵਿੱਚੋਂ ਨਾਰੀ ਦੇ ਸਤਿਕਾਰ ਦੀ ਗੱਲ ਆਖੀ ਹੈ ਉਥੇ ਮਾਂ ਨੂੰ ਵਡਮੁੱਲਾ ਸਤਿਕਾਰ ਵੀ ਦਿੱਤਾ ਹੈ ਜਿਵੇਂ :-

ਮਾਤਾ ਸਾਡੀ ਜੋ ਸਾਨੂੰ ਹੈ ਪਿਆਰੀ,
ਉਹਦੇ ਨਾਲ ਹੋਇਆ ਕਿੱਸਾ ਅਜ਼ੀਮ ਸਾਡਾ।
ਜਿਹੜੇ ਵਿਹੜੇ ਵਿਹੋਂ ਮਾਂ ਦੀ ਛਾਂ ਉੱਠ ਜੇ,
ਹੋ ਜਾਂਦਾ ਉਹ ਵਿਹੜਾ ਯਤੀਮ ਸਾਡਾ।

"ਵਰਿਆਮ" ਦੇ ੩੭ਵੇਂ ਸਾਲ ਦੇ ਪ੍ਰਵੇਸ਼ ਹੋਣ ਤੇ ਵਧਾਈ ਦੇ ਪਾਤਰ ਹੋਣ ਦੇ ਨਾਲ-ਨਾਲ ਇਹ ਬੀਬੀ ਦੀ "ਚਿੱਟੇ ਹੰਸ ਇਹ ਮਾਨ-ਸਰੋਵਰਾਂ" ਦੇ ਕਵਿਤਾ ਵਿੱਚ ਆਪਣੇ "ਹਿਰਦੇ" ਵਿਚੋਂ ਨਿਕਲੇ ਭਾਵ ਲਿਖ ਕੇ ਵੀ ਬਹੁਤ ਵਧਾਈ ਦੀ ਪਾਤਰ ਹੈ।

ਅੱਗਲੀਆਂ ਸੱਤਰਾਂ ਵਿਚ ਲੇਖਕਾ ਲਿਖਦੀ ਹੈ ਕਿ :-

ਔਰਤ ਕੁਦਰਤ ਦਾ ਇਕ ਨਾਯਾਬ ਤੋਹਫ਼ਾ,
ਇਹਨੇ ਪ੍ਰੇਮ ਦੀ ਜੋਤ ਜਗਾਈ ਆ ਕੇ।
ਜ਼ੱਰੇ-ਜ਼ੱਰੇ ਵਿੱਚ ਰਾਮ ਜੋ ਹੈ ਰਮਿਆਂ,
ਇਹਨਾਂ ਰਾਮ ਦੀ ਲਗਨ ਲਗਾਈ ਆ ਕੇ।
ਤਸੱਵਰ ਆਖਣੇ ਦੀ ਇੱਕ ਤਸਵੀਰ ਖਿੱਚ ਕੇ,
ਮਮਤਾ ਮਾਂ ਵਾਲੀ ਵਿੱਚ ਟਕਾਈ ਆ ਕੇ।

ਮੈਂ ਅਖੀਰ 'ਚ ਮੁੱਖ ਸੰਪਾਦਕ ਜਗਦੀਸ਼ ਸਿੰਘ "ਵਰਿਆਮ" ਜੀ ਨੂੰ ਅਤੇ ਸਮੂਹ ਅਦਾਰਾ "ਵਰਿਆਮ" ਨੂੰ ਪਾਠਕਾਂ, ਲੇਖਕਾਂ ਅਤੇ ਸਨੇਹੀਆਂ ਨੂੰ "ਵਰਿਆਮ" ਰਾਹੀਂ ਲੱਖ-ਲੱਖ ਵਧਾਈ ਦਿੰਦਾ ਹਾਂ ਅਤੇ "ਵਰਿਆਮ" ਇਸੇ ਹੀ ਤਰ੍ਹਾਂ ਦਿਨ ਦੂਣੀ ਅਤੇ ਰਾਤ ਚੌਗਣੀ ਤਰੱਕੀ ਕਰੇ। ਅਤੇ ਨਵੀਆਂ ਨਕੋਰ ਪੁਲਾਂਘਾ ਪੱਟਦਾ ਜਾਵੇ।

*—ਮਨੋਹਰ ਲਾਲ ਕਾਲੀਆ*
*੨੯੯/੯ ਅਦਰਸ਼ ਨਗਰ*
*ਬੰਗਾ (ਸਹੀਦ ਭਗਤ ਸਿੰਘ ਨਗਰ)*

"ਸਤਿਗੁਰੂ ਜਗਜੀਤ ਸਿੰਘ ਵਿਸ਼ੇਸ਼ ਅੰਕ" ਪੜ੍ਹਕੇ ਬੇਹਦ ਖੁਸ਼ੀ ਹੋਈ। "ਵਰਿਆਮ" ਮੈਗਜੀਨ ਦੇ ਮਾਲਕ ਤੇ ਸੰਪਾਦਕ ਸ. ਜਗਦੀਸ਼ ਸਿੰਘ ਵਰਿਆਮ ਨੂੰ ਪੰਜਾਬ ਸਰਕਾਰ ਵੱਲੋਂ "ਸ਼੍ਰੋਮਣੀ ਸਾਹਿਤਕ ਪੱਤਰਕਾਰ" ੩੬ ਸਾਲ ਦੀ ਸਾਹਿਤਕ ਸਾਧਨਾ ਤੇ ਵਰਿਆਮ ਨੂੰ ਨਿਰੰਤਰ ਚਲਾਈ ਰੱਖਣ ਦੀ ਘਾਲਣਾ ਦਾ ਸਤਿਕਾਰ ਕਰਦੇ ਹੋਏ ਪੰਜਾਬ ਸਰਕਾਰ ਨੇ "ਸ਼੍ਰੋਮਣੀ ਸਾਹਿਤਕ ਪੱਤਰਕਾਰ" ਦਾ ਅਵਾਰਡ ਦੇ ਕਰ ਸਹੀ ਦਿਸ਼ਾ ਵਲ ਚੁਕਿਆ ਸਲਾਘਾ ਯੋਗ ਕਦਮ ਹੈ। ਇਹਨਾਂ ਨੇ ਪੰਜਾਬੀ ਪੱਤਰਕਾਰੀ ਦੀ ਨਿਸ਼ਠਾ ਨਾਲ ਨਿਸ਼ਕਾਮ ਸੇਵਾ ਕੀਤੀ 'ਤੇ ਸਰਵ ਉਚ ਸਨਮਾਨ ਪ੍ਰਾਪਤ ਕੀਤਾ। ਸੱਚਾ ਪਾਤਸ਼ਾਹ ਇਹਨਾਂ ਨੂੰ ਅਰੋਗ ਦੇਹ ਤੇ ਦੀਰਘ ਆਯੂ ਬਖਸ਼ੇ ਤੇ ਇਹ ਇਸਤਰਾਂ ਸਾਹਿਤਕ ਸੇਵਾ ਕਰਦੇ ਰਹਿਣ।

ਨਾਮਧਾਰੀ ਤੇ "ਵਰਿਆਮ" ਮੈਗਜ਼ੀਨ ਦੇ ਪਾਠਕ ਤੇ ਲੇਖਕ ਫਖਰ ਮਹਿਸੂਸ ਕਰਦੇ ਹਨ ਕਿ ਨਾਮਧਾਰੀਆਂ ਦੇ ਸਪੂਤ ਨੇ "ਸ਼੍ਰੋਮਣੀ ਸਾਹਿਤਕ ਪੱਤਰਕਾਰ" ਸਨਮਾਨ ਪ੍ਰਾਪਤ ਕਰਕੇ ਨਾਮਧਾਰੀ ਪੰਥ



Namdhari Elibrary NamdhariElibrary@gmail.com

ਦਾ ਨਾਮ ਚਮਕਾਇਆ ਹੈ। ਮੇਰੇ ਵੱਲੋਂ ਸ. ਜਗਦੀਸ਼ ਸਿੰਘ ਵਰਿਆਮ ਨੂੰ ਬਹੁਤ-ਬਹੁਤ ਵਧਾਈਆਂ ਹੋਵਣ। ਸ਼੍ਰੀ ਸਤਿ ਗੁਰੂ ਜਗਜੀਤ ਸਿੰਘ ਜੀ ਦੀਆਂ ਮੇਹਰਾਂ ਬਖਸ਼ਿਸ਼ਾਂ ਇਹਨਾਂ ਪਰ ਸਦਾ ਰਹਿਣ। ਡਾਕ ਸੇਵਾ ਦੀ ਨਿਕਾਮੀ ਕਰਕੇ "ਸਤਿਗੁਰੂ ਜਗਜੀਤ ਸਿੰਘ ਵਿਸ਼ੇਸ਼ ਅੰਕ" ਵਰਿਆਮ ਨਵੰਬਰ ੨੦੧੧ ਦੇਰੀ ਨਾਲ ਪਹੁੰਚਣ ਕਰਕੇ ਵਧਾਈ ਪੱਤਰ ਦੇਰੀ ਨਾਲ ਲਿਖ ਰਿਹਾ ਹਾਂ। ਇਸਦੀ ਮੁਆਫੀ ਚਾਹੁੰਦਾ ਹਾਂ। ਆਪ ਜੀ ਨੂੰ "ਸ਼੍ਰੋਮਣੀ ਸਾਹਿਤਕ ਪੱਤਰਕਾਰ" ਲਈ ਚੁਣੇ ਜਾਣ ਬਾਰੇ ਪੜ੍ਹ ਕੇ ਮਨ ਦੀ ਖੁਸ਼ੀ ਦੀ ਹਦ ਨਾ ਰਹੀ। ਮਨ ਖੁਸ਼ੀ ਨਾਲ ਝੂਮ ਉਠਿਆ।

"ਸਤਿਗੁਰੂ ਜਗਜੀਤ ਸਿੰਘ ਵਿਸ਼ੇਸ਼ ਅੰਕ" ਲਈ ਭੀ ਸ੍ਰੀ ਜਗਦੀਸ਼ ਸਿੰਘ ਵਰਿਆਮ ਵਧਾਈ ਦੇ ਪਾਤਰ ਹਨ। ਇਹਨਾਂ ਨੇ ਸਖਤ ਮੇਹਨਤ ਕਰ ਕੇ ਸਹੀ ਰਚਨਾ ਦੀ ਚੋਣ ਕਰਕੇ ਅੰਕ ਨੂੰ ਮੋਤੀਆਂ ਦੀ ਮਾਲਾ ਦੀ ਤਰ੍ਹਾਂ ਪਰੋਇਆ ਹੈ। ਹਰੇਕ ਰਚਨਾ ਨਾਲ ਢੁਕਵੀਂ ਤਸਵੀਰ ਲਗਾ ਕਰ ਅੰਕ ਨੂੰ ਚਾਰ ਚੰਨ ਲਾ ਦਿੱਤੇ ਹਨ। ਹਰੇਕ ਲਿਖਾਰੀ ਦੀ ਰਚਨਾ ਕਾਬਲੇ ਤਾਰੀਫ ਹੈ। ਗਿਆਨ ਵਿਚ ਵਾਧਾ ਕਰਨ ਵਾਲੀ ਹੈ। ਹਰੇਕ ਰਚਨਾ ਵਿਚੋਂ ਸਤਿ ਗੁਰੂ ਜਗਜੀਤ ਸਿੰਘ ਜੀ ਦੇ ਜਸ ਸਿਫਤ ਦੀ ਝਲਕ ਪੈਂਦੀ ਹੈ।

*ਸੁਲੱਖਣ ਸਿੰਘ ਭਿੰਡਰ*
*੧੩੮, ਜੋਧੂ ਕਾਲੋਨੀ, ਗਲੀ ਨੰਬਰ-੬*
*ਮੁਕਤਸਰ ਸਾਹਿਬ-੧੫੨੦੨੬ (ਪੰਜਾਬ)*

---

# ਵਰਿਆਮ ਲਈ ਸਹਿਯੋਗ

| | |
|---|---|
| ਨਾਮਧਾਰੀ ਹਰਵਿੰਦਰ ਸਿੰਘ ਫਲੋਰਾ ਪਿੰਡ ਤੇ ਡਾਕ ਭੀਰਾ ਖੇੜੀ, ਜ਼ਿਲ੍ਹਾ ਲਖੀਮਪੁਰ ਖੇੜੀ ਯੂ. ਪੀ | ੧੦੦-੦੦ |
| ਪੂਰਨ ਸਿੰਘ ਨਰਾਲਾ ਕਵੀ ਵਰਿਆਮ ਦੀ ਸਹਾਇਤਾ ਅਤੇ ਸਤਿਗੁਰੂ ਜਗਜੀਤ ਸਿੰਘ ਦੇ ਜਨਮ ਪੁਰਬ ਦੀ ਖੁਸ਼ੀ ਵਿਚ | ੫੦੦-੦੦ |
| ਸ. ਸਤਨਾਮ ਸਿੰਘ W.S. 268 ਬਸਤੀ ਸ਼ੇਖ ਜਲੰਧਰ | ੫੦੦-੦੦ |
| ਸ. ਸ਼ੰਗਾਰਾ ਸਿੰਘ ਆਜੀਵਨ ਮੈਂਬਰ ਜਗਾਧਰੀ ਰੋਡ-ਅੰਬਾਲਾ | ੧੦੦-੦੦ |
| ਸ. ਗੁਰਮੁਖ ਸਿੰਘ ਨਿਓਤੇ ਸਪੁੱਤਰ ਸ. ਹਰਜੀਤ ਸਿੰਘ ਨਿਓਤੇ ਹਿਲੰਗਠਨ ਯੂ. ਕੇ ਸ. ਗੁਰਮੁਖ ਸਿੰਘ ਦੇ ਸਪੁੱਤਰ ਨੂੰ ਅੰਮ੍ਰਿਤ ਛਕਾਉਣ ਸਮੇਂ ਰਾਹੀਂ ਪ੍ਰੋ. ਤਾਰਾ ਸਿੰਘ ਅਨਜਾਣ | ੧੫੭੫-੦੦ |
| ਸ. ਹਰਜਿੰਦਰ ਸਿੰਘ ਚਾਨਾ ਸਾਊਥਾਲ ਲੰਡਨ ਮਾਤਾ ਗਿਆਨ ਕੌਰ ਦੀ ਯਾਦ ਵਿਚ | ੧੧੨੫-੦੦ |
| ਸ. ਪ੍ਰੀਤਮ ਸਿੰਘ ਕਵੀ ਜੀ ਦੀ ਯਾਦ ਵਿਚ ਪਰਿਵਾਰ ਵਲੋਂ | ੨੫੦-੦੦ |
| ਸ. ਤਰਲੋਚਨ ਸਿੰਘ ਸਾਬਕਾ ਚੇਅਰਮੈਨ ਮਿਨਾਰਟੀ ਕਮਿਸ਼ਨ ਭਾਰਤ ਸਰਕਾਰ ਦਿੱਲੀ | ੧੦੦੦-੦੦ |
| ਪ੍ਰੋ. ਕੁਲਬੀਰ ਸਿੰਘ ਜਲੰਧਰ | ੧੦੦੦-੦੦ |
| ਸ. ਦੀਪ ਸਿੰਘ ਸਕੱਤਰ ਨਾਮਧਾਰੀ ਧਰਮਸ਼ਾਲਾ ਪ੍ਰੀਤਨਗਰ, ਬਸਤੀ ਬੂਰੇ ਖਾਂ ਜਲੰਧਰ | ੨੦੦-੦੦ |
| ਸ. ਆਸਾ ਸਿੰਘ ਸਪੁੱਤਰ ਸ. ਅਮਰੀਕ ਸਿੰਘ ਪੋਤਰਾ ਸ. ਅਵਤਾਰ ਸਿੰਘ ਨਵਸਾਰੀ ਗੁਜਰਾਤ | ੨੦੦-੦੦ |
| ਪਰਿਵਾਰ ਸੰਤ ਅਜੈਬ ਸਿੰਘ ਨਾਮਧਾਰੀ ਮੰਡੀ ਡੱਬਵਾਲੀ ਵਲੋਂ ਸੰਤ ਅਜੈਬ ਸਿੰਘ ਨਮਿਤ: ਸੁਰਗਵਾਸ ੨੦ ਅਗਸਤ ੨੦੧੧ | ੧੧੦੦-੦੦ |
| ਸ. ਕੁਲਦੀਪ ਸਿੰਘ ਸੇਠੀ, ਬੀਬੀ ਰਛਪਾਲ ਕੌਰ ਡੇਹਰਾਦੂਨ : ਪਿਤਾ ਸ. ਕਪੂਰ ਸਿੰਘ ਸੇਠੀ ਮਾਤਾ ਸੋਮਾਵੰਤੀ ਅਤੇ ਸ. ਬਲਵੰਤ ਸਿੰਘ-ਮਹਿੰਦਰ ਕੌਰ ਡਾਲਟੈਨ ਗੰਜ (ਬੀਬੀ ਰਛਪਾਲ ਕੌਰ ਦੇ ਮਾਤਾ ਪਿਤਾ) ਦੀ ਯਾਦ ਵਿਚ | ੫੦੦੦-੦੦ |
| ਸ. ਸੰਤੋਸ਼ ਸਿੰਘ ਡਾਲਟਨਗੰਜ ਪਿਤਾ ਸੇਠ ਬਲਵੰਤ ਸਿੰਘ ਜੀ ਦੀ ਯਾਦ ਵਿਚ | ੫੦੦-੦੦ |



Namdhari Elibrary NamdhariElibrary@gmail.com

BBL FOODS PVT. LTD.






*India's Larget Second Hand Food Machines Dealer Cum Rebuilder*

**750kgs Potato Chips Line**

**List of the projects, consultation and machines:**

1. Biscuits-Soft Dough, Hard Dough, Crackers
2. Cookies- Wire Cut, Depositer.
3. Bread, Cakes and Bakery Products
4. Wafers - Flat, Round, Enrobed, Moulded
5. Wafers - Round Sticks, Pillows, Flat Sticks.
6. Ice Cream Cones - Moulded or Rolled Sugar Cone.
7. Chocolates- Moulded, Enrobed, Panned, Drops.
8. Potato Chips
9. Extruded- Kurkure, Cheetos.
10. Toast- Bread Toast, Mini Toast.
11. Vermicilli., 12. Water Filling., 13. Paper Cups.
14. Chocolate/Jelly Filling Lines for Small Cups.
15. Namkeens.

*We arrange complete machines, manpower and training receipes with formulation*






# BBL FOODS (P) LTD.

***SANTOSH NAGAR X ROADS, HYDERABAD- 5000059, INDIA***
***Tel : +91 40 24530680, Mobile : 91 98480-50607/ +91 98483 99702***
***e-mail:lakbir.mutchall@gmail.com***
***www.bblfoods.com   www.mutchall.com***



Namdhari Elibrary NamdhariElibrary@gmail.com

## ਸੰਤ ਸਾਧਾ ਸਿੰਘ ਮੁਹਾਰਾਂ ਵਾਲੇ (ਪ੍ਰਧਾਨ ਦਿੱਲੀ ਨਾਮਧਾਰੀ ਸੰਗਤ) ਤੇ ਸਾਥੀਆਂ ਵੱਲੋਂ ਦੌਰੇ ਦੀਆਂ ਤਸਵੀਰਾਂ




ਪਿੰਡ ਕਾਲਾ ਅਫਗਾਨਾ ਵਿਚ ਪਿੰਡ ਮੁਹਾਰਾਂ ਦੇ ਮਿਤਰ ਕੈਪਟਨ ਪਿਆਰਾ ਸਿੰਘ ਬਾਜਵਾ,
ਬਲਕਾਰ ਸਿੰਘ ਸਰਪੰਚ, ਸੰਤ ਸਾਧਾ ਸਿੰਘ, ਸ. ਗੁਰਚਰਨ ਸਿੰਘ



ਵਰਿਆਮ ਦੇ ਦਫਤਰ ਜਲੰਧਰ ਵਿਚ : ਸੰਤ ਸਾਧਾ ਸਿੰਘ ਜੀ ਅਤੇ ਸਾਥੀ, ਸੰਪਾਦਕ ਵਰਿਆਮ ਨਾਲ

Namdhari Elibrary NamdhariElibrary@gmail.com

Registered No. PB 0016 2009-2011 Monthly Wariam Ladowali Road, Jalandhar - 144 001
Regd. RNI No. 26453/75 December 2011

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ ਜੀ ਦੇ ਪ੍ਰਕਾਸ਼ ਪੁਰਬ ਦੀਆਂ ਹਾਰਦਿਕ ਵਧਾਈਆਂ



PARTAP BODY BUILDERS




Mfg & Repairing of :
All Kinds of Truck Bodies & Container

Garrage No.51, Gulabi Bagh Truck Market, New. Delhi-7

M : 09810998240



SANT BODY BUILDERS

Mfg & Repairing of :
All Kinds of Truck Bodies & Container



Plot No. - 115,116, Shiva Compound U.P. Border, Ghaziabad

Mob.: 98106-47460, 97188-80010

HARI PARTAP BODY BUILDERS

Mfg & Repairing of : All Kinds of Truck Bodies & Container

C.W-80 Sanjay Gandhi Transport Nagar, New-Delhi-42

Mobile : 93122-65 093122-65441

H.K. AUTO ENG. WORKS

Garage No. 46-47 Gulabi Bagh-4

Mobile : 99713-04993

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
0181-2222543,

Namdhari Elibrary NamdhariElibrary@gmail.com